ਦੂਜਾ ਹੋਰ ਮੁਆਤਾ ਇਕ ਬਾਲ ਕਰਕੇ ਜਵਾਹਰ ਸਿੰਘ ਦੇ ਤਨ ਸੀ ਲਾ ਗਿਆ
ਅਪਣੇ ਆਪ ਨੂੰ ਤੂੰ ਜਵਾਹਰ ਸਿੰਘਾ ਨ ਸਮਝ ਵਜੀਰ ਬਤਾ ਗਿਆ
ਨਾਹੀਂ ਬਾਦਸ਼ਾਹ ਸਮਝ ਭਣੇਵੇਂ ਤਾਈ ਚੁਵਾਤੀ ਬਾਲਕੇ ਇਹ ਲਗਾ ਗਿਆ
ਜਿੰਨਾ ਚਿਰ ਪਸ਼ੌਰਾ ਸਿੰਘ ਹੈ ਬੈਠਾ ਵਾਰਸ ਤਖਤ ਦਾ ਨੀਚ ਅਲਾ ਗਿਆ
ਯਾ ਮਾਰ ਤੂੰ ਆਪ ਪਸ਼ੌਰਾ ਸਿੰਘ ਨੂੰ ਜਵਾਹਰ ਸਿੰਘ ਨੂੰ ਗੁਸਾ ਇਹ ਖਾ ਗਿਆ
ਜਵਾਹਰ ਸਿੰਘ ਮਰਵਾਵੇ ਪਸ਼ੌਰਾ ਸਿੰਘ ਨੂੰ ਪਾਪੀ ਡੋਗਰਾ ਲਾ ਹੈ ਦਾ ਗਿਆ
ਪੰਥ ਖਾਲਸਾ ਮਾਰੇ ਫਿਰ ਜਵਾਹਰ ਸਿੰਘ ਨੂੰ ਜ਼ਹਿਰ ਘੋਲਕੇ ਫਿਕ ਹੈ ਪਾ ਗਿਆ
ਫਿਰ ਮੈਂ ਕਰਾਂ ਸੁਤੰਤ੍ਰ ਵਜ਼ੀਰੀ ਆਕੇ ਇਹ ਬਾਨਣੂ ਬੰਨ ਬੰਨਾ ਗਿਆ
ਓੜਕ ਇਹ ਚੰਗਿਆੜਾ ਗੁਲਾਬ ਸਿੰਘ ਦਾ ਭਾਂਬੜ ਬਾਲ ਕੇ ਕਰ ਸਫਾ ਗਿਆ
ਸਿੰਘਾਂ ਕੋਲ ਪਸ਼ੌਰਾ ਸਿੰਘ 'ਬੁਧੂ ਆਵੇ' ਅਬੂ ਤਬਲੇ ਦੇ ਬੰਗਲੇ ਆ ਗਿਆ
ਫੌਜੀ ਅਫਸਰ ਜਾਂ ਓਸਨੂੰ ਗਏ ਮਿਲਨੇ ਜਵਾਹਰਸਿੰਘ ਫਿਰ ਜ਼ੁਲਮ ਕਮਾ ਲਿਆ
ਪੰਝੀ ਪੰਝੀ ਰੁਪਏ ਦਾ ਕੰਠਾ ਦੇਣਾ ਹਰ ਸਪਾਹੀ ਨੂੰ ਪੰਥ ਫਿਰਾਂ ਲਿਆ
ਓਸੇ ਵੇਲੇ ਹੁਣ ਕੌਰ ਨੇ ਭੁੱਜ ਕਰਕੇ ਸਜਾਲ ਕੋਟ ਹੈ ਡੇਰਾ ਜਮਾ ਲਿਆ
ਓਥੋਂ ਕਢਣ ਜਾਂ ਫੌਜ 'ਨਜੀਬਾਂ ਵਾਲੀ' ਗਈ ਕੌਰ ਨੇ ਹੱਥ ਦਿਖਾ ਲਿਆ
ਸਾਰੀ ਫੌਜ ਦੇ ਦੰਦ ਨੇ ਕਰੇ ਖੱਟੇ ਕੌਰ ਆਪਣਾ ਆਪ ਬਚਾ ਲਿਆ
ਹਾਰ ਮੰਨ ਸਰਦਾਰਾਂ ਨੇ ਧਰਮ ਕਰਕੇ ਸਜਾਲ ਕੋਟ ਦਾ ਕਿਲਾ ਛੁਡਾ ਲਿਆ
ਓੜਕ ਕੌਰਨੇ ਦੌੜਕੇ ਬਿਸ਼ਨ ਸਿੰਘਾ ਕੜੀਆਂ ਵਾਲੇ ਹੈ ਪੈਰ ਟਿਕਾ ਲਿਆ

[ਕੌਰ ਪਸ਼ੌਰਾ ਸਿੰਘ ਨੇ ਅਟਕ ਦੇ ਕਿਲੇ ਵਿੱਚ ਆਕੀ ਹੋਣਾ]

ਡਰਦੇ ਕੌਰ ਨੇ ਰਾਜੇ ਗੁਲਾਬ ਸਿੰਘ ਤੋਂ ਅਟਕ ਜਾਕੇ ਡੇਰੇ ਲਗਾਇ ਲਏ
ਜਿੰਨੇ ਸਿਖ ਰਈਸ ਸੀ ਓਸ ਪਾਸੇ ਸਾਰੇ ਆਪਣੇ ਨਾਲ ਮਿਲਾਇ ਲਏ
ਬਹੁਤ ਸਾਰੇ ਪਠਾਣ ਵੀ ਰਖ ਨੌਕਰ ਅਪਣੀ ਵਲ ਨੇ ਕਰ ਕਰਾਇ ਲਏ
ਫੌਜੀ ਸਿੰਘ ਜੋ ਅਟਕ ਦੇ ਅੰਦਰ ਸੀਗੇ ਓਹੀ ਆਪਣੇ ਨਾਲ ਰਲਾਇ ਲਏ
ਆਕੀ ਹੋ ਕੇ ਕੌਰ ਪਸ਼ੌਰਾ ਸਿੰਘ ਨੇ ਡੇਰੇ ਅਟਕ ਦੇ ਕਿਲੇ ਨੇ ਲਾਇ ਲਏ
ਜ੍ਵਾਹਰ ਸਿੰਘ ਨੂੰ ਸੁਣਕੇ ਪਏ ਘਿੱਸੂ ਫੌਜੀ ਸਿੰਘ ਨੇ ਝਟ ਚੜ੍ਹਾਇ ਲਏ
ਓੜਕ ਇਹਨਾਂ ਵੀ ਫੌਜੀਆਂ ਕੌਰ ਜੀ ਨੂੰ ਅਟਕ ਜਾਕੇ ਸਿਰ ਨਵਾਇ ਲਏ
ਫਤੇ ਖਾਂ ਟੁਮਾਣਾ ਤੇ ਚਤਰ ਸਿੰਘ ਜੋ ਜ੍ਵਾਹਰ ਸਿੰਘ ਇਹ ਫੇਰ ਪਠਾਇ ਲਏ
ਸੱਤ੍ਹਾਂ ਦਿਨ ਇਹ ਆਕੇ ਲੜੇ ਡਾਢਾ ਕੁਝ ਬਣਿਆਂ ਨ ਲਾ ਨੇ ਦਾਇ ਲਏ
ਜਵਾਹਰ ਸਿੰਘ ਦਾ ਲਿਖਿਆ ਮੰਗਵਾ ਕਰਕੇ ਕੌਰ ਜੀ ਸਮਝਾਇ ਬੰਹਾਇ ਲਏ
ਇਕ ਲੱਖ ਜਗੀਰ ਬਗੈਰ ਪਿਛਲੀ ਹੋਰ ਲੈ ਲੌ ਖਾਂ ਬਚਨ ਸੁਣਾਇ ਲਏ
ਸਜਾਲ ਕੋਟ ਦਾ ਨਾਲੇ ਇਲਾਕਾ ਲੈ ਲੌ ਸੌਹਾਂ ਖਾਕੇ ਕੌਰ ਭਰਮਾਇ ਲਏ
ਇੱਜ਼ਤ ਬਣੀ ਲਾਹੌਰ ਦਰਬਾਰ ਅੰਦਰ ਰਹੇ ਤੁਸਾਂ ਦੀ ਲਾਲਚ ਦਵਾਇ ਲਏ
ਫਤੇ ਖਾਂ ਤੇ ਚਤਰ ਸਿੰਘ ਬਿਸ਼ਨ ਸਿੰਘਾ ਜਾਲ ਫੰਦ ਦੇ ਕੌਰ ਤੇ ਪਾਇ ਲਏ

{ਓੜਕ ਜਵਾਹਿਰ ਸਿੰਘ ਨੇ ੭ ਅੱਸੂ ਸੰ: ੧੯੦੧ ਬਿ: ਨੂੰ ਅਟਕ ਦੇ ਕਿਲੇ ਦੇ ਅੰਦਰ ਕੌਰ ਪਸ਼ੌਰਾ ਸਿੰਘ ਨੂੰ ਕਤਲ ਕਰਾਉਂਣਾ}

ਸੋਲਾਂ ਭਾਦਰੋਂ ਨੂੰ ਅਟਕ ਛਡ ਕਰਕੇ ਪੰਜੇ ਸਾਹਿਬ ਆ ਡੇਰਾ ਲਗਾ ਦਿੱਤਾ
ਫਤੇ ਖਾਂ ਤੇ ਚਤਰ ਸਿੰਘ ਕੌਰ ਜੀਦੀ ਇੱਜ਼ਤ ਕੀਤੀ ਹੈ ਬੜਾ ਵਡਿਆ ਦਿੱਤਾ
ਚਲ ਕਰ ਲਾਹੌਰ ਜਗੀਰ ਦੇਈਏ ਲਾਲਚ ਦੇਕੇ ਇਹ ਸੁਣਾ ਦਿੱਤਾ
ਇਧਰੋਂ ਫੇਰ ਜਵਾਹਿਰ ਸਿੰਘ ਮਾਰਨੇ ਦਾ ਈਜਾ ਖਤ ਜਾਂ ਹੈ ਪੁਚਾ ਦਿੱਤਾ
ਫਤੇ ਖਾਂ ਤੇ ਚਤਰ ਸਿੰਘ ਓਸ ਵੇਲੇ ਨੇਮ ਧਰਮ ਨੂੰ ਖੂਹ ਹੈ ਪਾ ਦਿੱਤਾ
ਮੁੜਕੇ ਕੌਰ ਨੂੰ ਅਟਕ ਦੇ ਕਿਲੇ ਅੰਦਰ ਲੈ ਪੁਚਾਕੇ ਡੇਰਾ ਲੁਵਾ ਦਿੱਤਾ
ਕਾਲੇ ਬੁਰਜ ਵਿਚ ਫੜ ਕੇ ਕੌਰ ਜੀ ਨੂੰ ਸੱਤ ਅੱਸੂ ਨੂੰ ਕਤਲ ਕਰਾ ਦਿੱਤਾ
ਏਸੇ ਖੁਸ਼ੀ ਦੇ ਵਿਚ ਜਵਾਹਿਰ ਸਿੰਘ ਨੇ ਬੜਾ ਭਾਰਾ ਅਨੰਦ ਮਨਾ ਦਿੱਤਾ
ਪੰਜਾਹ ਹਜ਼ਾਰ ਜਗੀਰੰ ਦੇ ਫਤੇ ਖਾਂ ਨੂੰ ਜਵਾਹਿਰ ਸਿੰਘ ਨੇ ਜ਼ੁਲਮ ਕਮਾ ਦਿੱਤਾ
ਅੰਮ੍ਰਿਤਸਰ ਲਾਹੌਰ ਵਿਚ ਬਿਸ਼ਨ ਸਿੰਘਾ ਦੀਪਮਾਲਾ ਨੂੰ ਹੈ ਜਗਾ ਦਿੱਤਾ

{ਕੌਰ ਪਸ਼ੌਰਾ ਸਿੰਘ ਨੂੰ ਮਰਵਾਉਣ ਬਦਲੇ ਫੌਜ ਖਾਲਸਾ ਨੇ ਗੁੱਸੇ ਹੋਕੇ ੨੨ ਅੱਸੂ ੧੯੦੧ ਬਿ: ਨੂੰ ਜਵਾਹਿਰ ਸਿੰਘ ਨੂੰ ਮਾਰਨਾ}

ਜਵਾਹਿਰਸਿੰਘ ਨੇ ਕੌਰ ਮਰਵਾਇਆ ਕਿਉਂ ਪੰਥਖਾਲਸੇਨੂੰ ਗੁੱਸਾ ਆਨ ਚੜ੍ਹਿਆ
ਸੱਦ ਭੇਜਿਆ ਸਿੰਘਾਂ ਨੇ ਛਾਉਣੀ ਹੈ ਜਵਾਹਿਰ ਸਿੰਘ ਹੈ ਸੁਣਕੇ ਬੜਾ ਡਰਿਆ
ਓੜਕ ਆਯਾ ਅਸਵਾਰ ਹੋ ਹਾਥੀ ਉਤੇ ਅਪਣੇ ਤਦੋਂ ਭਣੇਵੇਂ ਨੂੰ ਨਾਲ ਖੜਿਆ
ਨਾਲੇ ਜਿੰਦਾਂ ਵੀ ਆਈ ਚੜ੍ਹਪਾਲਕੀ ਤੇ ਸੰਝ ਸਮੇਂ ਵਜ਼ੀਰ ਆ ਛਾਉਣੀ ਵੜਿਆ
ਪਹਿਲੇ ਕਾਇਦੇ ਅਨੁਸਾਰ ਸਲਾਮੀ ਲੀਤੀ ਸਾਰੀ ਫੌਜ ਨੇ ਆਦਰਹੈ ਬੜਾ ਕਰਿਆ
ਦਿਤੀ ਕਿਉਂ ਜਗੀਰ ਟੁਮਾਣੇ ਤਾਈਂ ਅਤੇ ਕਿਉਂ ਮਰਵਾਇਆ ਤੂੰ ਕੌਰ ਅੜਿਆ
ਇਹ ਪੁਛਿਆ ਹੈ ਤਿਲੰਗਿਆਂ ਨੇ ਜਵਾਹਿਰ ਸਿੰਘ ਹੈ ਸੁਣਕੇ ਮਾਨੋਂ ਮਰਿਆ
ਇਸਦਾ ਕਿਸੇ ਵੀ ਨਹੀਂ ਜਵਾਬ ਸੁਣਿਆਂ ਦਲੀਪਸਿੰਘ ਨੂੰ ਕੁਛੜੋਂ ਝੱਟ ਫੜਿਆ
ਵਿੰਨ ਸੁਟਿਆ ਨਾਲ ਸੰਗੀਨਾ ਫੜਕੇ ਜਵਾਹਿਰਸਿੰਘ ਹੈ ਹਾਥੀ ਤੋਂ ਤੱਲੇ ਪੜਿਆ
ਹਥੋ ਹਥੀ ਵਜ਼ੀਰ ਨੂੰ ਫੜ ਕਰਕੇ ਸਭਨਾਂ ਸਿੰਘਾਂ ਨੇ ਟੋਟੇ ਹੈ ਕਰ ਧਰਿਆ
ਪਾਪੀ ਮਾਰਨੇ ਨੂੰ ਪਾਪ ਬਲੀ ਹੁੰਦਾ ਜਿਹਾ ਕੀਤਾ ਚੰਡਾਲ ਨੇ ਤੇਹਾ ਭਰਿਆ
ਹਥੋ ਹਥੀ ਹੁਣ ਦੌਲਤ ਹੈ ਵੰਡ ਲੀਤੀ ਪੰਥ ਖਾਲਸਾ ਮਾਲ ਦੇ ਨਾਲ ਤਰਿਆ
ਜਿਹਦਾ ਕੋਹ ਕੇ ਮਾਰਿਆ ਵੀਰ ਸਿੰਘਾਂ ਰਾਣੀ ਜਿੰਦਾਂ ਨੂੰ ਆਣਕੇ ਸੱਪ ਲੜਿਆ
ਸਾਰੀ ਰਾਤ ਹੁਣ ਵੈਣ ਹੈ ਰਹੀ ਪਾਉਂਦੀ ਗੁੱਸਾ ਮਨਦਾ ਮਨ ਦੇ ਵਿੱਚ ਜਰਿਆ
ਦਿਨ ਚੜਿਆ ਭ੍ਰਾਤਾ ਨੂੰ ਫੂਕਣ ਲੱਗੀ ਓਹ ਵੀ ਆਈਆਂ ਜਿਨ੍ਹਾਂ ਦਾ ਲੇਖ ਸੜਿਆ
ਚਾਰ ਗੋਲੀਆਂ ਰਾਣੀਆਂ ਦੋ ਆਈਆਂ ਸਤੀ ਹੋਣ ਨੂੰ ਜਿਨ੍ਹਾਂ ਨੇ ਪਤੀ ਵਰਿਆ
ਦੌਲਤ ਘਰ ਦੀ ਵੰਡ ਲੁਟਾ ਆਈਆਂ ਹਾ ਹਾ ਕਾਰ ਹੈ ਸ਼ੈਹਿਰ ਦੇ ਵਿਚ ਪਰਿਆ
ਓਹਨਾਂ ਨਾਲ ਵੀ ਸਿੰਘਾਂ ਨੇ ਬੁਰੀ ਕੀਤੀ ਲੁੱਟ ਪਟਕੇ ਮਾਲ ਹੈ ਸਭ ਹਰਿਆ

ਸਤੀ ਹੋਈਆਂ ਸਰਾਪ ਦੇ ਬਿਸ਼ਨ ਸਿੰਘਾ ਸਿੰਘਾ ਕੋਲੋਂ ਵੀ ਅੰਤ ਨੂੰ ਝੁਰਾ ਸਰਿਆ

[ਰਾਣੀ ਜਿੰਦ ਕੌਰਾਂ]

ਜ਼ਾਹਿਰ ਸਿੰਘ ਦੇ ਮਰਨ ਤੋਂ ਪਿਛੋਂ ਰਾਣੀ ਜਿੰਦ ਕੌਰ ਨੇ ਦੁਖ ਉਠਾਇਆ ਹੈ
ਕਈਆਂ ਲਾਇਕਾਂ ਸਰਦਾਰਾਂ ਬਹਾਦਰਾਂ ਨੂੰ ਰਾਣੀ ਸਾਹਿਬਨੇ ਕੋਲ ਬੁਲਾਇਆ ਹੈ
ਜਿਸ ਤਾਈਂ ਵਜੀਰ ਹੈ ਕਰਨਾਂ ਚਾਹੇ ਖੌਫ ਓਸੇ ਨੇ ਫੌਜ ਤੋਂ ਖਾਇਆ ਹੈ
ਕਈਆਂ ਤਾਈਂ ਵਜ਼ੀਰ ਹੈ ਕਰਨਾਂ ਚਾਹਿਆ ਹਰ ਇਕ ਨੇ ਵਾਸਤਾ ਪਾਇਆ ਹੈ
ਮਾਰੇ ਫੌਜ ਦੇ ਡਰ ਤੋਂ ਸਿੱਖਾਂ ਸਭਨਾਂ ਅਪਣੇ ਕੰਨਾਂ ਨੂੰ ਹਥ ਲਗਾਇਆ ਹੈ
ਫੌਜ ਵਿਚ ਜੋ ਪੈਂਚ ਸੀ ਬਣੇ ਹੋਏ ਰਾਜ ਓਹਨਾਂ ਦੇ ਹਥ ਹੁਣ ਆਇਆ ਹੈ
ਜੋ ਕੋਈ ਪੈਂਚਾਂ ਦੀ ਗੱਲ ਸੀ ਮੋੜ ਦੇਂਦਾ ਓਹਨੂੰ ਤੇਗ ਦੇ ਘਾਟ ਲੰਘਾਇਆ ਹੈ
ਈਕੂੰ ਰਾਣੀ ਨੇ ਪੈਂਚਾਂ ਦੇ ਵਸ ਹੋਕੇ ਇਕ ਸਾਲ ਤਾਂ ਰਾਜ ਚਲਾਇਆ ਹੈ
ਐਪਰ ਫੇਰਵੀ ਪੂਰਾ ਨ ਪਿਆ ਦੇਖੋ ਬੜਾ ਰਾਣੀ ਨੇ ਜ਼ੁਲਮ ਕਮਾਇਆ ਹੈ
ਥਾਪ ਰਖਿਆ ਰਾਣੀ ਇਹ ਮਨ ਅੰਦਰ ਜੋ ਕੁਝ ਅਗੇ ਮੈਂ ਚਾ ਬਤਾਇਆ ਹੈ
ਜਿੰਨਾ ਚਿਰ ਮੈਂ ਨਾਸ ਨਾ ਕਰ ਲਵਾਂ ਇਹਨਾਂ ਬੁਰਛਿਆਂ ਦਾ ਠਹਿਰਾਇਆ ਹੈ
ਅਪਣੇ ਭਾਈ ਦਾ ਵੈਰ ਨ ਲੈ ਲਵਾਂ ਇਹਨਾਂ ਬੁਰਛਿਆਂ ਤੋਂ ਇਹ ਪਕਾਇਆ ਹੈ
ਓਨਾਂ ਚਿਰ ਮੈਨੂੰ ਅੰਨ ਬੁਰੀ ਵਸਤੂ ਇਹ ਰਾਣੀ ਖਿਆਲ ਜਮਾਇਆ ਹੈ
ਮੱਤ ਤੀਵੀਂ ਦੀ ਗਿਚੀ ਦੇ ਪਿਛੇ ਹੁੰਦੀ ਅਕਲ ਵਾਲਿਆਂ ਇਹ ਸੁਣਾਇਆ ਹੈ
ਜਟ, ਤੀਵੀਂ ਨੂੰ ਅਕਲ ਹੈ ਪਿਛੋਂ ਆਂਉਦੀ ਸਮਝ ਵਾਲਿਆਂ ਇਹ ਅਲਾਇਆ ਹੈ
ਭੈੜੀ ਚੰਦਰੀ ਨੇ ਇਹ ਸੋਚਿਆ ਨਾ ਕਿਆ ਭੈੜਾ ਖਿਆਲ ਦੁੜਾਇਆ ਹੈ
ਫੌਜ ਮਰੀ ਤੋਂ ਰਾਜ ਕਿਨ ਕਰਨ ਦੇਣਾਂ ਏਸ ਫੌਜ ਹੀ ਮੈਨੂੰ ਬਚਾਇਆ ਹੈ
ਹੱਥ ਪੈਰ ਕਟਾਕੇ ਕੇਹੜਾ ਬਚਿਆ ਕਿਸੇ ਤੀਵੀਂ ਨੂੰ ਨਹੀਂ ਸਮਝਾਇਆ ਹੈ
ਮਿਸਰ ਲਾਲ ਸਿੰਘ ਤੇ ਤੇਜਾ ਸਿੰਘ ਬ੍ਰਾਹਮਣ ਰਾਣੀ ਦੋਹਾਂ ਨੂੰ ਕੋਲ ਸਦਾਇਆ ਹੈ
ਜਿਸ ਜਾਤ ਤੋਂ ਕਦੀ ਨ ਭਲਾ ਹੋਇਆ ਓਹਨਾਂ ਤਾਈਂ ਵਜੀਰ ਬਣਾਇਆ ਹੈ
ਇਹਨਾਂ ਨੇਕ ਸਲਾਹ ਸੀ ਕਦੋਂ ਦੇਣੀ ਗੁਰਾਂ ਨਾਲ ਜਿਨ ਬੁਰਾ ਵਰਤਾਇਆ ਹੈ
ਪਾਪੀ ਬਾਹਮਣ ਇਹ ਦੋਵੇਂ ਨੇ ਮਿਥ ਬੈਠੇ ਰਾਜ ਲੈਣ ਨੂੰ ਦਾ ਚਾ ਲਾਇਆ ਹੈ
ਜੋਰ ਸਿੰਘਾਂ ਦਾ ਟੁਟੇ ਤਾਂ ਰਾਜ ਕਰੀਏ ਸੋਈਓ ਇਹਨਾਂ ਨੇ ਕਰ ਵਖਾਇਆ ਹੈ
ਰਾਜ ਖਾਲਸੇ ਦਾ ਸਾਰਾ ਬਿਸ਼ਨ ਸਿੰਘਾ ਇਹਨਾ ਖਾਕ ਦੇ ਨਾਲ ਮਿਲਾਇਆ ਹੈ

[ਤਥਾ]

ਜਿੰਦ ਕੌਰ ਤੇ ਲਾਲ ਸਿੰਘ ਤੇਜਾ ਸਿੰਘ ਜੋ ਵੈਰੀ ਫੌਜਦੇ ਬਣ ਸਰਦਾਰ ਬੈਠੇ
ਐਪਰ ਬੁਰਛੇ ਵੀ ਓਧਰੋਂ ਤਕੜੇ ਹੋਕੇ ਕਈਆਂ ਸੰਦਾ ਨੇ ਖੂੰਨ ਗੁਜਾਰ ਬੈਠੇ
ਬਖਤਾਵਰ ਨੇ ਦੇਖਦੇ ਜਿਸ ਤਾਈਂ ਗਲ ਓਸੇ ਦੇ ਪੈਂਦੇ ਜਾਂ ਮਾਰ ਬੈਠੇ
ਕੁਛ ਨ ਕੁਛ ਹੀ ਓਸਤੋਂ ਲੈ ਛੱਡਣ ਜਾਂ ਤੇਗ ਦੇ ਘਾਟ ਉਤਾਰ ਬੈਠੇ
ਇਸ ਪ੍ਰਕਾਰ ਲਾਹੌਰ ਦੀ ਖੇਡ ਵਿਚਲੀ ਮਹਾਰਾਜ ਅੰਗ੍ਰੇਜ਼ ਨਿਹਾਰ ਬੈਠੇ

ਤੇਜਾ ਸਿੰਘ ਦੁਫਸਲੇ ਸਰਦਾਰਾਂ ਤਾਈਂ ਸਾਰਾ ਖੋਲਕੇ ਹਾਲ ਪੁਕਾਰ ਬੈਠੇ
ਨਾਲ ਸਿੱਖਾਂ ਦੇ ਕਦੀ ਨ ਕਦੀ ਸਾਨੂੰ ਲੜਨਾ ਪਵੇਗਾ ਹੋ ਤਿਆਰ ਬੈਠੇ
ਇਸ ਪ੍ਰਕਾਰ ਅੰਗ੍ਰੇਜ਼ ਸਾਮਾਨ ਜੰਗੀ ਕਰ ਤਿਆਰ ਨੇ ਹੋ ਹੁਸ਼ਿਆਰ ਬੈਠੇ
ਹੱਦਾਂ ਸੰਦੀ ਤਕਰ਼ਾਈ ਲੜਾਈ ਮੰਦੀ ਨੀਤ ਪਹਿਲੋਂ ਹੀ ਆਪ ਨੇ ਧਾਰ ਬੈਠੇ
ਨੇਮ ਧਰਮ ਸਰਕਾਰ ਦੇ ਬਿਸ਼ਨ ਸਿੰਘਾ ਦੋਵੇਂ ਜਣੇ ਹੀ ਅਤ ਵਿਸਾਰ ਬੈਠੇ

[ਰਾਣੀ ਜਿੰਦ ਕੌਰਾਂ ਨੇ ਫਿਰੰਗੀਆਂ ਨੂੰ ਚਿਠੀ ਲਿਖੀ]

ਚਿਠੀ ਲਿਖੀ ਫਿਰੰਗੀ ਨੂੰ ਜਿੰਦ ਕੌਰਾਂ ਮੈਨੂੰ ਫੌਜ ਨੇ ਕੀਤਾ ਹੈ ਤੰਗ ਵਾਰੀ
ਤੇਰੇ ਵੱਲ ਮੈਂ ਫੌਜ ਨੂੰ ਤੋਰਦੀ ਹਾਂ ਕਰ ਨਾਲ ਤੂੰ ਏਸਦੇ ਜੰਗ ਵਾਰੀ
ਪਿਛੋਂ ਫੌਜ ਨੂੰ ਮੱਦਤ ਨ ਦਿਆਂ ਗੀ ਮੈਂ ਅਗੋਂ ਖਬਰ ਤੂੰ ਲਵੀਂ ਨਿਸ਼ੰਗ ਵਾਰੀ
ਜੇਹੜੇ ਨਾਲ ਸਰਦਾਰ ਵੀ ਆਉਣ ਚੜ੍ਹਕੇ ਓਹਵੀ ਤੇਰਾ ਹੀ ਕਰਨਗੇ ਅੰਗ ਵਾਰੀ
ਬਾਰ ਬਾਰ ਹੈ ਬੇਨਤੀ ਏਹੋ ਮੇਰੀ ਕਰ ਫੌਜ ਨੂੰ ਮਾਰਕੇ ਨੰਗ ਵਾਰੀ
ਮੋਢੇ ਚੜ੍ਹੇ ਨੇ ਬੁਰਛੇ ਇਹ ਬੁਰੇ ਮੇਰੇ ਕਰੀਂ ਇਹਨਾਂ ਦੇ ਮੂੰਹ ਤੂੰ ਪੰਗ ਵਾਰੀ
ਮੇਰੇ ਵੀਰ ਨੂੰ ਕੋਹ ਕੇ ਮਾਰ ਦਿੱਤਾ ਨਹੀਂ ਲੈਂਦੇ ਅਰਾਮ ਨਿਹੰਗ ਵਾਰੀ
ਫਤੇ ਕਰਕੇ ਜੰਗ ਨੂੰ ਬਿਸ਼ਨ ਸਿੰਘਾ ਲੁੱਟ ਲੈ ਪੰਜਾਬ ਦੇ ਰੰਗ ਵਾਰੀ

[ਰਾਣੀ ਜਿੰਦ ਕੌਰਾਂ]

ਰਾਣੀ ਮਨ ਦੇ ਵਿਚ ਹੈ ਧਾਰ ਬੈਠੀ ਗਲ ਅੰਤ ਨੂੰ ਇਹ ਕਮਾਵਣੀ ਮੈਂ
ਅਪਣੇ ਵੀਰ ਦਾ ਵੈਰ ਮੈਂ ਲੈ ਲੈਣਾ ਰੰਡੀ ਕਰ ਪੰਜਾਬ ਬਹਾਵਣੀ ਮੈਂ
ਜਿੰਦ ਕੌਰ ਤਾਂ ਨਾਮ ਕਹਾਵਣਾ ਹੈ ਘਰ ਘਰ ਜਾਂ ਨਾਰ ਰੁਆਵਣੀ ਮੈਂ
ਤਾਈਓਂ ਜੱਟ ਦੀ ਧੀ ਮਸ਼ਹੂਰ ਹੋਵਾਂ ਸਾਰੀ ਫੌਜ ਇਹ ਮਾਰ ਮੁਕਾਵਣੀ ਮੈਂ
ਜਿਸ ਦਿਨ ਫੌਜ ਦਾ ਸੱਤਜਾ ਨਾਸ ਕਰਲਾਂ ਤਿਸ ਦਿਨ ਬੈਠਕੇ ਖੁਸ਼ੀ ਮਨਾਵਣੀ ਮੈਂ
ਸਾਰੀ ਫੌਜ ਮਰਵਾ ਕੇ ਬਿਸ਼ਨ ਸਿੰਘਾ ਰੋਟੀ ਨਾਲ ਅਰਾਮ ਦੇ ਖਾਵਣੀ ਮੈਂ

੧੮੪੫ ਈ: ਵਿਚ ਇਹ ਹਾਲ ਸੀ ਕਿ ਦਲੀਪ ਸਿੰਘ ਇਕ ਛੋਟਾ ਜਿਹਾ ਰਾਜਾ ਸੀ ਇਸ ਦੀ ਮਾਂ ਰਾਣੀ ਜਿੰਦਾਂ ਰਾਜੇ ਦੀ ਨਾਇਬ ਸੀ, ਦਰਬਾਰ ਵਿਚ ਬੈਠਦੀ ਅਤੇ ਕਈਆਂ ਗਲਾਂ ਵਿਚ ਦੀਵਾਨ ਦੀਨਾ ਨਾਥ ਅਤੇ ਭਾਈ ਲਾਲ ਸਿੰਘ ਅਤੇ ਭਾਈ ਰਾਮ ਸਿੰਘ ਤੋਂ ਸਲਾਹ ਲੈਂਦੀ ਸੀ ਪਰ ਅਸਲ ਕਦਰ ਖਾਲਸਾ ਫੌਜ ਦੇ ਹਥ ਵਿਚ ਸੀ ਜੋ ਕੁਛ ਓਹ ਚਾਹੁੰਦੇ ਸੋ ਕਰਦੇ ਸਨ। ਓਹ ਗੁਲਾਬ ਸਿੰਘ ਨੂੰ ਵਜੀਰ ਬਣੌਣਾ ਚਾਹੁੰਦੇ ਸਨ ਪਰ ਓਹ ਕਦੋਂ ਇਸਨੂੰ ਪਸਿੰਦ ਕਰਦਾ ਸੀ ਜਿਸ ਵਿਚ ਜਾਨ ਜਾਣ ਦਾ ਡਰ ਸੀ। ਤੇਜ ਸਿੰਘ ਪਸ਼ੌਰ ਦਾ ਹਾਕਮ ਲਹੌਰ ਵਿਚ ਆਇਆ ਓਸ ਨੂੰ ਵਜੀਰੀ ਦੇ ਔਹਦੇ ਤੇ ਮਨਜੂਰ ਕਰਨ ਲਈ ਦਰਖਾਸਤ ਕੀਤੀ ਪਰ ਓਸ ਨੇ ਮਨਜੂਰ ਨ ਕੀਤਾ, ਫੇਰ ਇਸ ਔਹਦੇ ਲਈ ਪੰਜ ਚਿਠੀਆਂ ਪਾਈਆਂ ਜਿਨਾਂ ਨੂੰ ਮਹਾਰਾਜਾ ਦਲੀਪ ਸਿੰਘ ਨੇ ਕਢਿਆ, ਇਤਫਾਕ ਨਾਲ ਜਾਂ ਕਿਸੇ ਹਿਕਮਤ ਨਾਲ ਲਾਲ ਸਿੰਘ ਦੇ ਨਾਓਂ ਦੀ ਚਿਠੀ ਨਿਕਲੀ ਪਰ ਓਸ ਨੂੰ ਫੌਜ

ਨੇ ਨਹੀਂ ਮੰਨਿਆਂ ਰਾਜ ਦਾ ਕੰਮ ਰਾਣੀ ਦੇ ਨਾਉਂ ਤੇ ਹੀ ਹੁੰਦਾ ਰਿਹਾ ਜਿਸ ਦੇ ਮੱਦਦਗਾਰ ਲਾਲ ਸਿੰਘ ਅਤੇ ਤੇਜ ਸਿੰਘ ਸਨ, ਹੁਣ ਫੌਜ ਖਾਲਸਾ ਦਾ ਕਦਰ ਅਤੇ ਅਖਤਿਆਰ ਏਨਾ ਵਧ ਗਿਆ ਸੀ ਕਿ ਵਡੇ ਤੋਂ ਵਡਾ ਓਹਦੇਦਾਰ ਵੀ ਡਰਦਾ ਸੀ ਕਿ ਫੌਜ ਖਾਲਸਾ ਓਸਨੂੰ ਇਕ ਪਲ ਵਿਚ ਮਿਟੀ ਵਿਚ ਰਲਾ ਸਕਦੀ ਸੀ, ਰਾਣੀ ਆਪਣੇ ਓਹਦੇ ਨੂੰ ਬੜਾ ਡਰ ਵਾਲਾ ਜਾਣਦੀ ਸੀ ਅਤੇ ਮੁਲਕ ਦੀ ਆਮਦਨੀ ਦੇ ਖਜ਼ਾਨੇ ਖਾਲੀ ਹੋ ਗਏ ਸਨ ਫਸਾਦੀ ਫੌਜ ਦਾ ਲੁੱਟ ਮਾਰ ਨਾਲ ਢਿੱਡ ਭਰਦਾ ਨਹੀਂ ਸੀ ਓਹ ਤਿਆਰ ਸੀ ਕਿ ਸ਼ੇਰ ਸਿੰਘ ਦੇ ਪੁਤ੍ਰ ਨੂੰ ਜਿਹੜਾ ਅਜੇ ਬੱਚਾ ਸੀ ਬਾਤਸ਼ਾਹ ਬਨੌਣਾ ਚਾਹੁੰਦੇ ਸਨ ਫੌਜ ਕਿਸੇ ਦੀ ਆਗਿਆ ਵਿਚ ਨਹੀਂ ਸੀ ਦਰਬਾਰ ਨੇ ਆਪਣੀ ਇਹ ਭਲਿਆਈ ਸੋਚੀ ਕਿ ਫੌਜ ਨੂੰ ਕੋਈ ਹੋਰ ਕੰਮ ਦਸੀਏ ਜਿਸ ਵਿਚ ਓਹ ਰੁੱਝ ਜਾਵੇ ਅਤੇ ਸਲਤਨਤ ਉਸ ਦੇ ਹਥੋਂ ਖਲਾਸੀ ਪਾਵੇ ਇਸ ਲਈ ਫੌਜ ਨੂੰ ਇਹ ਸਲਾਹ ਦਿਤੀ ਪਈ ਓਹ ਜੰਮੂ ਉਤੇ ਹੱਲਾ ਕਰੇ ਅਤੇ ਰਾਜੇ ਗੁਲਾਬ ਸਿੰਘ ਤੋਂ ਰੁਪਯਾ ਵਸੂਲ ਕਰੇ ਇਸ ਕਰਕੇ ਓਹ ਜੰਮੂ ਗਈ। ਰਾਜੇ ।ਗੁਲਾਬ ਸਿੰਘ ਨੂੰ ਲਹੌਰ ਲਿਆਏ ਅਤੇ ਓਸ ਤੋਂ ਇਕ ਕਰੋੜ ਰੁਪਈਆ ਵਸੂਲ ਕੀਤਾ ਫੇਰ ਰਾਜੇ ਨੂੰ ਓਸ ਦੇ ਤਅੱਸਬ ਤੋਂ ਬਚੌਣ ਲਈ ਮੂਲ ਰਾਜ ਉਤੇ ਹਮਲਾ ਕਰਨ ਦੀ ਸਲਾਹ ਦਿਤੀ ਓਹ ਆਪਣੇ ਪਿਓ ਦੀ ਗੱਦੀ ਉਤੇ ਨਵਾਂ ਹੀ ਬੈਠਾ ਸੀ ਇਹਥੋਂ ਵੀ ਅਠਾਰਾਂ ਲਖ ਰੁਪਯਾ ਈਨ ਮਨਾਕੇ ਲਿਆਈ, ਅਥਵਾ ਰਾਣੀ ਇਸ ਤਰਾਂ ਦੀਆਂ ਤਜਵੀਜਾਂ ਕਰਦੀ ਰਹੀ ਜਿਨਾਂ ਨਾਲ ਫੌਜ ਦਾ ਕਦਰ ਹਟ ਗਿਆ ਓਸ੍ਰ ਨੂੰ ਇਹ ਤਜਵੀਜ਼ ਦਸੀ ਪਈ ਸਤਲੁਜ ਦੇ ਪਾਰ ਜਾਕੇ ਅੰਗ੍ਰੇਜ਼ਾਂ ਉਤੇ ਹੱਲਾ ਕਰੇ ਜਦੋਂ ਫੌਜ ਨੇ ਇਹ ਗਲ ਸੁਣੀ ਤਾਂ ਓਨਾਂ ਨੇ ਲੜਾਈ ਦੇ ਸਮਾਨ ਦੇ ਮੰਗਣ ਲਈ ਰੌਲਾ ਪਾਇਆ ਜਦੋਂ ਓਨਾਂ ਨੂੰ ਇਹ ਨਾਂ ਦਿਤਾ ਗਿਆ ਤਾਂ ਕੁਛ ਚਿਰ ਦੇ ਵਾਸਤੇ ਹਿੰਦੁਸਤਾਨ ਉੱਤੇ ਹਲਾ ਕਰਨ ਦਾ ਖਿਆਲ ਛਡ ਦਿਤਾ ਗਿਆ ਇਸ ਚਿਰਵਿਚ ਦਰਬਾਰ ਅੰਮ੍ਰਿਤਸਰਵਿਚ ਚਲਿਆਗਿਆਨਵੰਬਰਦੇਸ਼ੁਰੂ ਵਿਚ ਫੇਰ ਲਾਹੌਰ ਵਿਚ ਵਾਪਸ ਆਇਆ ਲਾਲ ਸਿੰਘ ਨੇ ਪਰਗਟ ਵਜ਼ੀਰੀ ਦਾ ਕੰਮ ਰਾਣੀ ਦੇ ਮਤਾਹਿਤ ਸ਼ੁਰੂ ਕੀਤਾ, ਤੇਜਾ ਸਿੰਘ ਕਮਾਂਡਰ-ਇਨਚੀਫ ਸੀ. ਝੂਠੀਆਂ ਰਪੋਟਾਂ ਕਿ ਬ੍ਰਿਟਸ਼ ਗੌਰਮਿੰਟ ਪੰਜਾਬ ਉਤੇ ਅੰਗ੍ਰੇਜ਼ੀ ਫੌਜ ਲਈ ਔਂਦੀ ਹੈ ਅਜ ਕਲ ਇਹ ਅਫਵਾਹਾਂ ਉਡ ਰਹੀਆਂ ਸਨ ਕਿ ਸਤਲੁਜ ਦੇ ਦਖਣ ਅਤੇ ਚੜ੍ਹਦੇ ਦੀ ਗੁਠ ਵਲੋਂ ਅੰਗ੍ਰੇਜ਼ੀ ਫੌਜ ਚੜ੍ਹੀ ਚਲੀ ਆਉਂਦੀ ਹੈ, ਸਤਲੁਜ ਪਾਰ ਦੇ ਸਿਖ ਸਰਦਾਰਾਂ ਦੇ ਖਤ ਵਖਾਏ ਜਾਂਦੇ ਸਨ ਜਿਨ੍ਹਾਂ ਵਿਚ ਲਿਖਿਆ ਹੋਇਆ ਸੀ ਕਿ ਅੰਗ੍ਰੇਜ਼ੀ ਅਫਸਰ ਅਸਲ ਵਿਚ ਸਿਖਾਂ ਦੀ ਰਿਆਇਆ ਦੇ ਕੰਮਾਂ ਵਿਚ ਦਖਲ ਦਿੰਦੇ ਹਨ ਅਤੇ ਓਨ੍ਹਾਂ ਨੂੰ ਤਕਲੀਫਾਂ ਪੁਚੌਂਦੇ ਅਤੇ ਦੁਖ ਦਿੰਦੇ ਹਨ। ਏਹੋ ਜਹੀਆਂ ਝੂਠੀਆਂ ਖਬਰਾਂ ਨੇ ਇਹ ਕੰਮ ਕੀਤਾ ਪਈ ਫੌਜ ਨੂੰ ਜਗਾਇਆ ਭੜਕਾਇਆ ਅਤੇ ਸ਼ਹਿਰ ਲਾਹੌਰ ਵਿਚ ਹਿਲ ਜੁਲ ਪਾ ਦਿਤੀ, ਨਵੰਬਰ ਦੇ ਸ਼ੁਰੂ

ਵਿਚ ਸਦਦਾਰਾਂ ਅਤੇ ਫੌਜ ਦਿਆਂ ਪੈਂਚਾਂ ਅਤੇ ਸਲਤਨਤ ਦਿਆਂ ਅਮੀਰਾਂ ਵਜੀਰਾਂ ਨੂੰ ਲਾਲ ਸਿੰਘ ਨੇ ਸ਼ਾਲਾਮਾਰ ਬਾਗ ਵਿਚ ਸਦਿਆ ਜਦੋਂ ਓਹ ਸਾਰੇ ਅਕੱਠੇ ਹੋਗਏ ਤਾਂ ਦੀਵਾਨ ਦੀਨਾ ਨਾਥ ਨੇ ਇਕ ਖਤ ਪੜ੍ਹਿਆ ਜੇਹੜਾ ਸਤਲੁਜ ਦੇ ਪਾਰ ਦੇ ਸਰਦਾਰਾਂ ਨੇ ਇਸ ਬਾਰੇ ਵਿਚ ਲਿਖਿਆ ਸੀ ਕਿ ਸਰਕਾਰ ਅੰਗ੍ਰੇਜ਼ੀ ਦਰਬਾਰ ਦੀ ਰਿਆਇਆ ਨਾਲ ਐਸਾ ਸਲੂਕ ਕਰਦੀ ਹੈ ਜਿਸਤਰ੍ਹਾਂ ਓਹ ਓਸੇ ਦੀ ਰਿਆਇਆ ਹੈ ਅਤੇ ਉਨਾਂ ਤੋਂ ਖਰਚ ਮੰਗਦੀ ਹੈ। ਦੀਵਾਨ ਨੇ ਖਬਰਦਾਰ ਕੀਤਾ ਕਿ ਕਸ਼ਮੀਰ ਅਤੇ ਪਸ਼ੌਰ ਵਿਚ ਕੋਈ ਇੰਤਜ਼ਾਮ ਨਹੀਂ ਹੈ ਓਹ ਸਰਕਾਰੀ ਮਾਲ ਗੁਜਾਰੀ ਦਾ ਇਕ ਪੈਸਾ ਬੀ ਨਹੀਂ ਦਿੰਦੇ ਸਾਰੇ ਮੁਲਕ ਵਿਚ ਬਦਇੰਤਜ਼ਾਮੀ ਤੇ ਫਸਾਦ ਪਿਆ ਹੋਇਆ ਹੈ ਓਹਨਾ ਨੂੰ ਇਹ ਖਿਆਲ ਦੁਆਇਆ ਕਿ ਓਨਾਂ ਦਾ ਰਾਜਾ ਇਕ ਬੱਚਾ ਹੈ ਜੇਕਰ ਸਾਰੀ ਸਿਖ ਕੌਮ ਦੀ ਖੈਰ ਖਾਹ ਰਿਆਇਆ ਹੈ ਤਾਂ ਓਸ ਦੇ ਹੱਕਾਂ ਨੂੰ ਬਚਾਈ ਰਖੇ, ਜੇਕਰ ਸਿਖ ਕੌਮ ਦੀ ਸਲਤਨੰਤ ਅਤੇ ਤਾਕਤ ਕੈਮ ਰਖਣ ਵਾਸਤੇਛੇਤੀ ਇੰਤਜਾਮ ਨਹੀਂ ਕੀਤਾ ਜਾਇਗਾ ਤਾਂ ਰਾਜ ਬਿਲਕੁਲ ਬਰਬਾਦ ਹੋ ਜਾਇਗਾ ਅਤੇ ਦੀਵਾਨ ਨੇ ਮਹਾਰਾਣੀ ਵਲੋਂ ਬਿਆਨ ਕੀਤਾ ਕਿ ਓਹ ਲਾਲਸਿੰਘ ਨੂੰ ਵਜੀਰ ਅਤੇ ਤੇਜਸਿੰਘ ਕਮਾਂਡਰ ਇਨਚੀਫ ਕਰਦੀ ਹੈ। ਇਸ ਮਜਲਸ ਵਿਚ ਏਸ ਤਕਰੀਹ ਨੇ ਸਰਦਾਰਾਂ ਅਤੇ ਅਫਸਰਾਂ ਉਤੇ ਐਸਾ ਅਸਰ ਪਾਇਆ ਕਿ ਸਾਰਿਆਂ ਨੇ ਕਿਹਾ ਪਈ ਲੜਾਈ ਹੋਵੇ ਲਹੌਰ ਵਿਚ ਸਭ ਕਿਸਮ ਦੇ ਗਰੋਹਾਂ ਵਿਚ ਜੇਹੜੀਆਂ ਗਲਾਂ ਹੋਈਆਂ ਉਨਾਂ ਸਭਦਾ ਖੁਲਾਸਾ ਇਹ ਹੈ ਕਿ ਹਿੰਦੁਸਤਾਨ ਉਤੇ ਚੜ੍ਹਾਈ ਕੀਤੀ ਜਾਏ ਫੌਜ ਆਪਣੀ ਲੁੱਟ ਮਾਰ ਕਰਦੀ ਸੀ ਕਿ ਮਥਰਾ ਬਨਾਰਸ ਅਤੇ ਦਿਲੀਓਂ ਬੜੀ ਦੌਲਤ ਆਵੇਗੀ ਅਤੇ ਸ਼ੇਖੀਆਂ ਮਾਰਦੇ ਸਨ ਕਿ ਅਸੀ ਭਲਕੇ ਸਾਰੇ ਹਿੰਦੁਸਤਾਨ ਦੇ ਮਾਲਕ ਬਣ ਜਾਵਾਂਗੇ। ਲਾਲ ਸਿੰਘ ਅਤੇ ਤੇਜ ਸਿੰਘ ਨੂੰ ਆਪਣੇ ਆਪਣੇ ਔਹਦੇ ਦਾ ਤਿਲਕ ਮਹਾਰਾਜਾ ਰਨਜੀਤ ਸਿੰਘ ਦੀ ਸਮਾਧ ਵਿਚ ਲਾਇਆ ਗਿਆ, ਸਰਦਾਰ ਅਤੇ ਫੌਜ ਪੈਂਚ ਤਾਬਿਆਦਾਰੀ ਦੀ ਰਸਮ ਵਾਸਤੇ ਕਠੇ ਹੋਇ. ਕਿ ਓਹਨਾ ਨੂੰ ਸਤਲੁਜ ਪਾਰ ਜਾਣ ਦੇ ਹੁਕਮ ਦਿਤੇ ਜਾਣਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਕੁਛਕ ਸਬਦ ਪੜ੍ਹੇ ਗਏ ਅਤੇ ਪਰਸ਼ਾਦ ਵੰਡਿਆ, ਜੇਹੜੀ ਸ਼ਕਰ ਅਤੇ ਕਿਸਮ ਕਿਸਮ ਦੀ ਬਣੀ ਹੋਈ ਇਕ ਮਠਿਆਈ ਹੁੰਦੀ ਹੈ ਪੈਂਚ ਅਤੇ ਸਰਦਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਤੇ ਹਥ ਰਖਕੇ ਸੌਂਹ ਖਾਧੀ ਕਿ ਅਸੀ ਮਹਾਰਾਜ ਦਲੀਪ ਸਿੰਘ ਦੀ ਖੈਰਖਾਹੀ ਵਿਚ ਵਫਾਦਾਰ ਰਹਾਂਗੇ ਅਤੇ ਰਾਜਾ ਲਾਲਸਿੰਘ ਦਿਆਂ ਹੁਕਮਾਂ ਨੂੰ ਮੰਨਾਂਗੇ ਇਨਾਂ ਰਸਮਾਂ ਦੇ ਅਦਾ ਹੋਣ ਪਿਛੋਂ ਲੜਾਈ ਦਾ ਏਲਾਨ ਕੀਤਾ ਗਿਆ ਫੌਜ ਖਾਲਸਾਨੂੰ ਹੁਕਮ ਹੋਇਆ ਕਿ ਓਹ ਸਤਲੁਜ ਪਾਰ ਜਾਵੇ ਦਰਬਾਰ ਨੇ ਏਸ ਲੜਾਈ ਵਾਸਤੇ ਚਾਰ ਵਜਹਾ ਦਸੀਆਂ ਪਹਿਲੇ ਅੰਗ੍ਰੇਜ਼ੀ ਫੌਜ ਦਾ ਸਤਲੁਜ ਵੰਨੀ ਅਗੇ ਵਧਣਾ,

ਆਪਣੇ ਬਚਾਓ ਲਈ ਐਸੀਆਂ ਤਦਬੀਰਾਂ ਕਰਨੀਆਂ ਜਿਨ੍ਹਾਂ ਤੋਂ ਮਲੂਮ ਹੁੰਦਾ ਸੀ ਕਿ ਪੰਜਾਬ ਦੀ ਲੜਾਈ ਨੂੰ ਓਹ ਪਹਿਲਾਂ ਤੋਂ ਹੀ ਸੋਚੀਆਂ ਹੋਈਆਂ ਸੀ ਅਤੇ ਓਸ ਉਤੇ ਹੱਲਾ ਕਰਨਦਾ ਇਰਾਦਾ ਰਖਦੀ ਸੀ ਦੂਸਰੇ ਰਣਜੀਤ ਸਿੰਘ ਦਾ ਅਠਾਰਾਂ ਹਜ਼ਾਰ ਰੁਪਈਆਂ ਫੀਰੋਜ ਪੁਰ ਦੇ ਅੰਗ੍ਰੇਜ਼ੀ ਖਜਾਨੇ ਵਿਚ ਜਮਾ ਸੀ ਸਿਖਾਂ ਦੀ ਗੌਰਮਿੰਟ ਨੇ ਜਦੋਂ ਇਸ ਦਾ ਦਾਵਾ ਕੀਤਾ ਤਾਂ ਓਨ੍ਹਾਂ ਨੇ ਦੇਣ ਦਾ ਕਰਾਰ ਕੀਤਾ, ਤੀਜੇ ਪਿੰਡ ਮੋਰਦਾਨ ਨੂੰ ਰਾਜਾ ਨਾਭਾ ਨੂੰ ਦੇਣਾ ਜਿਹੜਾ ਸਿਖਾਂ ਦੀ ਮਾਲਕੀ ਸੀ, ਚੌਥੇ ਸਤਲੁਜ ਦੇ ਦਖਣ ਵਿਚ ਜਿਹੜਾ ਸਿਖਾਂ ਦਾ ਮੁਲਕ ਸੀ ਉਸ ਵਿਚ ਫੌਜ ਖਾਲਸਾ ਨੂੰ ਖੁਲੀ ਅਜਾਜ਼ਤ ਨ ਦੇਣਾ ਇਹ ਵੀ ਯਕੀਨ ਕੀਤਾ ਗਿਆ ਕਿ ਬੰਬਈ ਵਿਚ ਬੇੜੀਆਂ ਇਸ ਕਰਕੇ ਤਿਆਰ ਹੁੰਦੀਆਂ ਹਨ ਕਿ ਸਤਲੁਜ ਉਤੇ ਹਮਲਾ ਕੀਤਾ ਜਾਵੇ। ਸਿੰਧ ਵਿਚ ਏਸ ਕਰਕੇ ਫੌਜ ਅਕੱਠੀ ਹੋ ਰਹੀ ਹੈ ਕਿ ਮੁਲਤਾਨ ਉਤੇ ਚੜ੍ਹਾਈ ਕੀਤੀ ਜਾਵੇ ਇਨ੍ਹਾਂ ਸਭ ਗਲਾਂ ਦੀ ਅਸਲ ਹਕੀਕਤ ਅਗੇ ਬਿਆਨ ਕੀਤੀ ਜਾਵੇਗੀ ॥

ਅੰਗ੍ਰੇਜ਼ਾਂ ਦੀਆਂ ਪਹਿਲੋਂ ਦੀਆਂ ਸੋਚੀਆਂ ਹੋਈਆਂ ਦਲੀਲਾਂ

ਪੰਜਾਬ ਵਿਚ ਅਤੇ ਅੰਗ੍ਰੇਜ਼ੀ ਰਾਜ ਵਿਚ ਇਹ ਯਕੀਨ ਕੀਤਾ ਜਾਂਦਾ ਸੀ ਕਿ ਕਦੀ ਨ ਕਦੀ ਲੜਾਈ ਜਰੂਰ ਹੋਊਗੀ ਪਰ ਇਸ ਦਾ ਸ਼ਕ ਕਿਸੇ ਅੰਗ੍ਰੇਜ਼ ਨੂੰ ਨਹੀਂ ਸੀ ਕਿ ਅਚਾਣਚੱਕ ਫੌਜ ਖਾਲਸਾ ਅੰਗ੍ਰੇਜ਼ੀ ਅਮਲ ਦਾਰੀ ਉਤੇ ਟੁਟ ਪਊਗੀ ਸਿਖਾਂ ਦੀ ਫੌਜ ਨੂੰ ਅੰਗ੍ਰੇਜ਼ ਬੜਾ ਮਾੜਾ ਜਾਣਦੇ ਸਨ ਸਿਖਾਂ ਦੀ ਬਜੁਰਗੀ ਅੰਗ੍ਰੇਜ਼ੀ ਨਜ਼ਰ ਵਿਚ ਏਸ ਕਰਕੇ ਵੀ ਨਹੀਂ ਸੀ ਕਿ ਓਹ ਆਪ ਮੁਹਾਰੇ ਲੁਟ ਮਾਰ ਕਰਦੇ ਫਿਰਦੇ ਸਨ, ਓਨ੍ਹਾਂ ਦੀਆਂ ਆਦਤਾਂ ਵਿਗੜੀਆਂ ਹੋਈਆਂ ਸਨ ਓਹ ਇਹ ਸਮਝਦੇ ਸਨ ਕਿ ਜਦੋਂ ਰਣਜੀਤ ਸਿੰਘ ਵਰਗਾ ਅਕਲ ਵਾਲਾ ਆਪਣੇ ਆਪ ਨੂੰ ਅੰਗ੍ਰੇਜ਼ਾਂ ਨਾਲ ਲੜਨ ਤੇ ਬਚੌਂਦਾ ਰਿਹਾ ਸੀ ਤਾਂ ਓਸ ਦੀ ਫੌਜ ਨੂੰ ਕਿਸਤਰਾਂ ਦਲੇਰੀ ਹੋ ਸਕਦੀ ਹੈ ਕਿ ਓਹ ਬਿਨਾ ਸਬੱਬ ਬ੍ਰਿਟਸ਼ ਗੌਰਮਿੰਟ ਨਾਲ ਲੜਾਈ ਸ਼ੁਰੂ ਕਰ ਦੇਵੇਗੀ ਗਰਜ ਹਿਨਰੀ ਲਾਰੰਸ ਤੇ ਹੋਰ ਕਿਸੇ ਅੰਗ੍ਰੇਜ਼ ਨੂੰ ਇਤਨਾ ਖਿਆਲ ਨਹੀਂ ਸੀ ਕਿ ਐਸੀ ਹਾਲਤ ਵਿਚ ਕਿ ਬ੍ਰਿਟਸ਼ ਗੌਰਮਿੰਟ ਦੀ ਹੋਰ ਕਿਸੇ ਨਾਲ ਲੜਾਈ ਨਹੀਂ ਅਤੇ ਨਾ ਹੀ ਕੋਈ ਫਸਾਦ ਰਾਜ ਵਿਚ ਸੀ ਸਿਖਾਂ ਦੀ ਫੌਜ ਸਤਲੁਜ ਪਾਰ ਜਾਕੇ ਲੜਾਈ ਸ਼ੁਰੂ ਕਰੂਗੀ ਜਦੋਂ ਸਰਹਿਨਰੀ ਹਾਰਡਿੰਗ ਹਿੰਦੁਸਤਾਨ ਵਿਚ ਆਇਆ ਤਾਂ ਉਸ ਨੇ ਖਿਆਲ ਕੀਤਾ ਕਿ ਲਾਰਡ ਐਲਨਬਰਾ ਨੇ ਜੇਹੜਾ ਸਰਹਦ ਦੀ ਰਾਖੀ ਦਾ ਇੰਤਜ਼ਾਮ ਕੀਤਾ ਹੈ ਓਹ ਨਾਕਸ ਹੈ ਅਤੇ ਓਹ ਕਾਫੀ ਨਹੀਂ ਜਿਹੜਾ ਦੁਸ਼ਮਨਾ ਦੇ ਹਮਲੇ ਨੂੰ ਰੋਕ ਸਕੇ ਇਸ ਵਾਸਤੇ ਆਪਣੀ ਹਫਾਜ਼ਤ ਅਚਾਨਕ ਡਰਾਂ ਵਾਸਤੇ ਜਰੂਰੀ ਹੈ ਇਕ ਮਹੀਨਾ ਵੀ ਓਨਾਂ ਨੂੰ ਆਇਆ ਨਹੀਂ ਸੀ ਹੋਇਆ ਕਿ

ਓਨਾਂ ਨੇ ਛੇਤੀ ਛੇਤੀ ਓਨ੍ਹਾਂ ਥਾਵਾਂ ਨੂੰ ਜਿਥੇ ਹਮਲਾ ਹੋਣ ਦਾ ਡਰ ਸੀ ਪੱਕਾ ਕੀਤਾ। ਨਵੰਬਰ ੧੮੪੫ ਵਿਚ ਫੀਰੋਜ਼ਪੁਰ ਲੁਧਿਆਨੇ ਅਤੇ ਅੰਬਾਲੇ ਵਿਚ ਤੀਹ ਹਜ਼ਾਰ ਫੌਜ ਅਤੇ ੬੮ ਤੋਪਾਂ ਕਠੀਆਂ ਕੀਤੀਆਂ,ਲਾਰਡ ਐਲਨਬਰਾ ਨੇ ਜਿਹੜੀ ਜਿਹੜੀ ਫੌਜ ਏਥੇ ਜਮਾ ਕੀਤੀ ਸੀ ਉਸ ਨਾਲੋਂ ਇਹ ਦੂਣੀ ਸੀ ਮੇਰਠ ਵਿਚ ਦਸ ਹਜਾਰ ਫੌਜ ੨੧ ਤੋਪਾਂ ਮਜੂਦ ਸਨ ਜੇਹੜੀਆਂ ਲੋੜ ਵੇਲੇ ਰਵਾਨਾ ਹੋ ਜਾਣ.। ਫੀਰੋਜ਼ਪੁਰ ਵਿਚ ਅੰਗ੍ਰੇਜ਼ੀ ਫੌਜ ਵਾਸਤੇ ਬਾਰਕਾਂ ਬਣੌਣ ਦਾ ਹੁਕਮ ਹੋਇਆ ਲਾਰਡ ਹਾਰਡਿੰਗ ਦੇ ਔਣ ਦੇ ਪਿਛੋਂ ਨਵਾਂ ਮਹੀਨਿਆਂ ਵਿਚ ਤਿਆਰ ਹੋਗਈਆਂ। ਲਾਰਡ ਹਾਰਡਿੰਗ ਦੇ ਹੁਕਮ ਨਾਲ ੫੬ ਬੇੜੀਆਂ ਜਿਹੜੀਆਂ ਲਾਰਡ ਐਲਨਬਰਾ ਨੇ ਸਿੰਧ ਵਿਚ ਤਿਆਰ ਕਰਾਈਆਂ ਸਨ ਫੀਰੋਜ਼ਪੁਰ ਆ ਗਈਆਂ, ੧੧ ਸੋ ਘੋੜੇ ਤੋਪਾਂ ਵਾਸਤੇ ਗਵਰਨਰ ਬੰਬਈ ਅਤੇ ਮਦਰਾਸ ਤੋਂ ਉਧਾਰੇ ਲਏ ਅਤੇ ਬੰਬਈਓਂ ਇਕ ਰਜਮੰਟ ਡਰੈਗੂੰਨ ਦੀ ਆਗਈ ਦਿੱਲੀ ਦੇ ਮੈਗਜ਼ੀਨ ਵਿਚ ਰਾਤ ਦਿਨ ਕੰਮ ਹੁੰਦਾ ਰਹਿੰਦਾ ਸੀ। ਮੁਮਾਲਕ ਮਗਰਬੀ ਨਵੇਂ ਲਫਟੰਟ ਗਵਰਨਰ ਕਲਰਕ ਸਾਹਿਬ ਫੌਜ ਵਾਸਤੇ ਸਮਾਨ ਅਤੇ ਰਸਦ ਬੜੀ ਚਲਾਕੀ ਨਾਲ ਤਿਆਰ ਕਰਦੇ ਸਨ, ਮੇਜਰ ਬਰੋਡਫ ਜਿਨ੍ਹਾਂ ਨੇ ਮਾਲਕ ਜਲਾਲ ਆਬਾਦ ਵਿਚ ਮਸ਼ਹੂਰੀ ਪਾਈ ਸੀ ਓਹ ਪਹਾੜ ਅਤੇ ਲੈਂਦੇ ਦੀ ਹੱਦ ਉਤੇ ਏਜੰਟ ਸਨ ਓਨ੍ਹਾਂ ਤੋਂ ਚੰਗਾ ਹੋਰ ਕੋਈ ਆਦਮੀ ਏਸ ਖਿਦਮਤ ਲਈ ਮੁਕਰਰ ਨਹੀਂ ਸੀ ਹੋ ਸਕਦਾ, ਓਹ ਬੜੇ ੨ ਕੰਮ ਕਰਦੇ ਸਨ ਇਨ੍ਹਾਂ ਤਮਾਮ ਅਲਾਮਤਾਂ ਤੋਂ ਸਤਲੁਜ ਦੇ ਪਾਰ ਦੇ ਸਿਖਾਂ ਦੇ ਦਿਲ ਵਿਚ ਬ੍ਰਿਟਸ਼ ਗੌਰਮਿੰਟ ਤੋਂ ਨਫਰਤ ਹੋ ਗਈ ਅਤੇ ਓਹ ਓਸ ਦੀ ਦੋਸਤੀ ਉਤੇ ਇਤਬਾਰ ਨਹੀਂ ਕਰਦੇ ਸਨ ਅਤੇ ਓਸ ਨੂੰ ਜਿਹੜੀਆਂ ਨਵੀਆਂ ਜਿੱਤਾਂ ਆਈਆਂ ਸਨ ਅਤੇ ਫੌਜ ਖਾਲਸਾ ਓਨ੍ਹਾਂਨੂੰ ਆਪਣੇ ਹੱਕ ਵਿਚ ਬੁਰਾ ਜਾਣਦੀ ਸੀ ਅਤੇ ਇਹ ਸਮਝ ਦੀ ਸੀ ਕਿ ਅੰਗ੍ਰੇਜ਼ ਸਾਨੂੰ ਕਿਸੇ ਹੋਰ ਬੰਨੇ ਵੀ ਜਿਤਣ ਨਹੀਂ ਦੇਣਗੇ, ਬ੍ਰਿਟਸ਼ ਗੌਰਮਿੰਟ ਬਰਾਬਰ ਮੁਲਕ ਤੇ ਮੁਲਕ ਜਿੱਤੀ ੨ ਔਂਦੀ ਹੈ ਪੰਜਾਬ ਨੂੰ ਕਦੋਂ ਛਡੂ ਗੀ ਓਹ ਜਾਣਦੀ ਸੀ ਪਈ ਕੁਲ ਫੌਜ ਜਿਹੜੀ ਸਾਡੇ ਪਿਛੇ (ਪਹਾੜ ਲੈਂਦਾ) ਹੱਦ ਤੇ ਹੱਦ ਛਡੀ ਗਈ ਹੈ ਸਤ ਹਜਾਰ ਤੋਂ ਘਟ ਸੀ। ੧੮੪੨ ਈਃ ਵਿਚ ਕਾਬਲ ਤੋਂ ਮੁੜਨ ਦੇ ਪਿਛੋਂ ਉਸ ਨੇ ਸਿੰਧ ਨੂੰ ਆਪਣੇ ਮੁਲੰਕ ਵਿਚ ਮਿਲਾਇਆ ਅਤੇ ਗੁਆਲਯਰ ਦੀ ਫੌਜ ਨੂੰ ਹਾਰਿਆ ਪਹਿਲਾ ਗਵਰਨਰ ਜਨਰਲ ਨੇ ਤਜਵੀਜ਼ ਕੀਤੀ ਕਿ ਓਹ ਇਕ ਸਿਖ ਰਾਜੇ ਦੀ ਮੱਦਤ ਕਰੇ ਕਿ ਓਹ ਆਪਣੀ ਖਾਲਸਾ ਫੌਜ ਨੂੰ ਨਾਸ ਕਰੇ ਹੁਣ ਜਦੋਂ ਅੰਗ੍ਰੇਜ਼ਾਂ ਨੇ ਆਪਣੇ ਹਿਫਜ਼ੇ ਮੁਕਦਮ ਦੀਆਂ ਤਦਬੀਰਾਂ ਕੀਤੀਆਂ ਓਹ ਸਮਝੇ ਕਿ ਓਹ ਸਨੂੰ ਧਮਕੌਂਦੇ ਹਨ ਅਤੇ ਆਪਣੀਆਂ ਅਖਾਂ ਦਖੌਂਦੇ

ਹਨ ਜੇ ਓਨ੍ਹਾਂ ਦੇ ਦਿਲ ਵਿਚ ਕੋਈ ਬੁਰਿਆਈ ਨ ਹੋਵੇ ਤਾਂ ਪੀਰ ਸਾਹਿਬ ਭਾਰੀ ਫੌਜ ਨੂੰ ਮੁਲਤਾਨ ਤੋਂ ਤਿਆਰ ਕਰੇ ਅਤੇ ਫੀਰੋਜ਼ਪੁਰ ਦੀ ਰਾਖੀ ਦਸ ਹਜਾਰ ਫੌਜ ਕਰ ਰਹੀ ਹੈ ਕਿਸ ਮਤਲਬ ਵਾਸਤੇ ਬਰੈਡਫੋਰਟ ਸਿੰਧ ਤੋਂ ਆਈਆਂ ਹੋਈਆਂ ਬੇੜੀਆਂ ਦਾ ਪੁਲ ਬਨੌਣ ਦੀ ਕੋਸ਼ਿਸ਼ ਕਰ ਰਹੇ ਹਨ, ਜੇਕਰ ਬ੍ਰਿਟਸ਼ ਗੌਰਮਿੰਟ ਸੁਲਾਹ ਸਫਾਈ ਮੰਗਦੀ ਹੈ ਤਾਂ ਫਿਰ ਨਵਾਂ ਏਜੰਟ ਸਤਲੁਜ ਦੇ ਏਸ ਬੰਨੇ ਦੀਆਂ ਰਿਆਸਤਾਂ ਦਾ ਜਿਨ੍ਹਾਂ ਵਿਚੋਂ ਕਈ ਲਹੌਰ ਨਾਲ ਤਅੱਲਕ ਰਖਦੀਆਂ ਹਨ ਦਾਵਾ ਕਰਦਾ ਹੈ, ਅਨੰਦ ਪੁਰ ਲਖ ਵਾਲ ਦੇ ਮੁਆਮਲਾਤ ਵਿਚ ਕਿਉਂ ਦਸਤ ਦਰਾਜੀ ਕੀਤੀ ਜਿਸ ਦਾ ਲਾਹੌਰ ਦੇ ਰਾਜ ਵਿਚ ਹੋਣਾ ਮੰਨਿਆਂ ਗਿਆ ਹੈ। ਏਹੇ ਜਹੀਆਂ ਗਲਾਂ ਨਾਲ ਸਿਖਾਂ ਦੇ ਦਿਲਾਂ ਵਿਚ ਗਲਤ ਜਾ ਠੀਕ ਜੋਸ਼ ਹੋਇਆਂ ਓਨ੍ਹਾਂ ਨੇ ਬਰੈਡ ਫੋਰਟ ਸਾਹਿਬ ਨੂੰ ਆਪਣਾ ਦੁਸ਼ਮਨ ਜਾਣਿਆਂ ੮ ਦਸੰਬਰ ੧੮੪੫ ਨੂੰ ਸਿਖਾਂ ਦੀ ਫੌਜ ਸਤਲੁਜ ਦੇ ਸਜੇ ਕੰਢੇ ਅਤੇ ਯਾਰਾਂ ਦਸੰਬਰ ਫੀਰੋਜ਼ਪੁਰ ਦੇ ਸਾਮਣੇ ਹਰੀ ਕੇ ਪੱਤਣ ਤੋਂ ਸਿਖਾਂ ਦੇ ਸਵਾਰ ਆਏ ਫੀਰੋਜ਼ ਪੁਰ ਵਿਚ ਅੰਗ੍ਰੇਜ਼ੀ ਫੌਜ ਦਸ ਹਜਾਰ ਅਤੇ ਤੀਸ ਤੋਪਾਂ ਸਨ ਜਿਨ੍ਹਾਂ ਦੇ ਸਿਪਾਹ ਸਾਲਾਰ ਸਰਜਾਨ ਇੰਟਲੀਅਰ ਸਨ ਜਿਨ੍ਹਾਂ ਨੇ ਮਹਾਰਾਜ ਪੁਰ ਦੀ ਲੜਾਈ ਵਿਚ ਬੜਾ ਨਾਮ ਪਾਇਆ ਸੀ ਓਨ੍ਹਾਂ ਨੇ ਆਪਣੀ ਅੱਧੀ ਫੌਜ ਨੂੰ ਬੇਗਾਂਨੇ ਮਦਾਨ ਦੀ ਰਾਖੀ ਵਾਸਤੇ ਛਡਿਆ ਅਤੇ ਅੱਧੀ ਨੂੰ ਲੈਕੇ ਓਹ ਦੁਸ਼ਮਨ ਨਾਲ ਜਿਸ ਦੀ ਫੌਜ ਦਸ ਗੁਣੀ ਸੀ ਲੜਨ ਨੂੰ ਤਿਆਰ ਹੋਏ, ਪਰ ਸਿਖ ਓਨਾ ਦੇ ਬਹਾਦਰਾਨਾ ਮੁਕਾਬਲੇ ਦੇ ਸਾਮਣੇ ਨਹੀਂ ਆਏ ਯਾ ਤੇ ਓਹ ਅੰਗ੍ਰੇਜ਼ਾਂ ਦੀ ਅਜ਼ਮਾਇਸ਼ ਵਾਸਤੇ ਤਿਆਰ ਨਹੀਂ ਸਨ ਯਾ ਓਨਾਂ ਦੇ ਦਗਾ ਬਾਜ਼ ਸਰਦਾਰ ਲਾਲ ਸਿੰਘ ਅਤੇ ਤੇਜਾ ਸਿੰਘ ਨੇ ਇਹ ਕਹਿਕੇ ਲੜਨੋ ਹਟਾਈ ਰਖਿਆ ਭਈ ਮਾੜੇ ਦੁਸ਼ਮਨ ਦੇ ਸਾਮਣੇ ਆਪਣੇ ਵਕਤ ਹਰਜ ਕਿਉਂ ਕਰੀਏ ਸੱਚ ਇਹ ਹੈ ਕਿ ਬਜਾਏ ਏਸਦੇ ਕਿ ਇਹ ਫੌਜ ਲੜਕੇ ਅਟਲੀਅਰ ਸਾਹਿਬ ਦੇ ਕੁਚਲਾ ਕੱਢਣ ਦੀ ਕੋਸ਼ਸ਼ ਕਰਦੀ ਫੀਰੋਜ਼ਪੁਰੋਂ ਦਸ ਮੀਲ ਦੇ ਫਾਸਲੇ ਤੇ ਮੁਦਕੀ ਵਿਚ ਵੀਹ ਹਜ਼ਾਰ ਫੌਜ ਏਸ ਕਰਕੇ ਚਲੀ ਗਈ ਪਈ ਗੋਠ ਸਾਹਿਬ ਦੀ ਫੌਜ ਨੂੰ ਜਿਹੜੀ ਅਗੇ ਵਧੀ ਔਂਦੀ ਸੀ ਰੋਕੇ, ੮ ਦਸੰਬਰ ਅੰਗ੍ਰੇਜ਼ੀ ਫੌਜ ਨੇਅਗੇ ਸਫਰ ਨਹੀਂ ਕੀਤਾ ਅੰਗ੍ਰੇਜ਼ਾਂ ਦੀ ਬਿਹਤ੍ਰੀ ਦੇ ਤ੍ਰਿਕੇ ਅਜੇ ਤਕ ਚਲੇ ਔਂਦੇ ਸਨ ਕਿ ਸਿਖਾਂ ਦੀ ਫੌਜ ਨੇ ਜਦੋਂ ਸਤਲੁਜ ਦੇ ਪਾਰ ਸਫਰ ਕੀਤਾ ਤਾਂ ਸਰ ਹੈਨਰੀ ਹਾਰਡਿੰਗ ਨੇ ਉਨਾਂ ਪਾਸ ਇਹ ਜ਼ਾਹਰ ਕੀਤਾ ਕਿ ਜੇਕਰ ਹਦ ਅਸਲ ਵਿਚ ਟੁਟੀ ਹੋਈ ਨਾ ਹੋਵੇ ਤਾਂ ਇਨਸਾਫ ਨਹੀਂ ਕਿ ਲੜਾਈ ਸ਼ੁਰੂ ਕੀਤੀ ਜਾਵੇ ਪਰ ਲਾਹੌਰ ਗੌਰਮਿੰਟ ਨੇ ਏਸ ਅੰਗ੍ਰੇਜੀ ਅਫਸਰ ਨੂੰ ਆਖਿਆ ਕਿ ਬ੍ਰਿਟਸ਼ ਗੌਰਮਿੰਟ ਨੂੰ ਸਤਲੁਜ ਦੇ ਕੰਢੇ ਦਾ ਮਹਫੂਜ ਕਰਨ ਦਾ ਅਖਤਿਆਰ ਐਸਾ ਹੀ ਹੈ ਜਿਸਤਰਾਂ ਸਾਨੂੰ ਆਪਣਾ ਕੰਢਾ ਮਹਫੂਜ ਕਰਨ ਦਾ ਅਖਤਿਆਰ ਹੈ

ਗਰਜ਼ ਗਵਰਨਰ ਜਨਰਲ ਦੀ ਇਸ ਬਿਹਤਰੀ ਤੈਹਰੀਕ ਨਾਲ ਵੀ ਸਿੱਖਾਂ ਦੀ ਫੌਜ ਨੇ ਸਤਲੁਜ ਪਾਰ ਜਾਣਾ ਮੌਕੂਫ ਨਹੀਂ ਕੀਤਾ।

ਗੌਰਮਿੰਟ ਅੰਗ੍ਰੇਜ਼ੀ ਵਲੋਂ ਲੜਾਈ ਦਾ ਇਸ਼ਤਹਾਰ

*ਗਵਰਨਰ ਜਨਰਲ ਨੇ ੮ ਦਸੰਬਰ ਨੂੰ ਜਦੋਂ ਸੁਣਿਆਂ ਕਿ ਸਿਖਾਂ ਦੀ ਫੌਜ ਲੜਾਈ ਤੇ ਤਿਆਰ ਹੈ ਤਾਂ ਓਹਨੇ ਹਮਲਾਵਰ ਫੌਜ ਦੇ ਮੁਕਾਬਲੇ ਦੀਆਂ ਤਿਆਰੀਆਂ ਕੀਤੀਆਂ, ੧੩ ਦਸੰਬਰ ੧੮੪੫ ਨੂੰ ਗੌਰਮਿੰਟ ਨੇ ਇਸ਼ਤਿਹਾਰ ਦਿਤਾ ਜਿਸ ਵਿਚ ਓਹ ਆਪਣਾ ਤਰੀਕ ਇਰਾਦਾ ਅਤੇ ਖਿਆਲ ਪ੍ਰਗਟ ਕੀਤੇ ਅਤੇ ਲਿਖਿਆ ਕਿ ਬ੍ਰਿਟਸ਼ ਗੁਰਮੈਂਟ ਹਮੇਸ਼ਾ ਪੰਜਾਬ ਨਾਲ ਬਿਹਤ੍ਰੀ ਦੀਆਂ ਸ਼ਰਤਾਂ ਪੂਰੀਆਂ ਕਰਦੀ ਰਹੀ ਅਤੇ ੧੮੦੯ ਈ: ਵਿਚ ਜਿਹੜਾ ਮਹਾਰਾਜੇ ਰਣਜੀਤ ਸਿੰਘ ਨਾਲ ਅਹਿਦ ਨਾਮਾ ਹੋਇਆ ਸੀ ਓਹਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਰਹੀ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਜਾਨਸ਼ੀਨਾ ਨਾਲ ਦੋਸਤਾਨਾ ਤਅਲਕ ਰਖਦੀ ਰਹੀ, ਮਹਾਰਾਜਾ ਸ਼ੇਰ ਸਿੰਘ ਦੇ ਮਰਨ ਦੇ ਪਿਛੋਂ ਗਵਰਨਰ ਜਨਰਲ ਉਤੇ ਇਹ ਫਰਜ਼ ਹੋਇਆ ਕਿ ਬ੍ਰਿਟਸ਼ ਗੌਰਮਿੰਟ ਦਾ ਹਿਫਜ਼ ਮਾਤਕਦਮ ਇਸ ਖਿਆਲ ਨਾਲ ਕਰੇ ਕਿ ਲਾਹੌਰ ਗੌਰਮਿੰਟ ਖਰਾਬ ਹੋ ਰਹੀ ਹੈ ਭਾਵੇਂ ਦਰਬਾਰ ਲਾਹੌਰ ਨੇ ਏਨ੍ਹਾਂ ਦੋ ਸਾਲਾਂ ਵਿਚ ਕਈ ਗਲਾਂ ਦੋਸਤੀ ਦੇ ਉਲਟ ਕੀਤੀਆਂ ਪਰ ਬ੍ਰਿਟਸ਼ ਗੌਰਮਿੰਟ ਨੇ ਜੇਰੇ ਨਾਲ ਝੱਲੀਆਂ ਅਤੇ ਖਾਹਸ਼ ਕੀਤੀ ਕਿ ਲਾਹੌਰ ਦੀ ਗੌਰਮਿੰਟ ਬੜੀ ਪੱਕੀ ਹੋ ਜਾਵੇ, ਹੁਣ ਦਰਬਾਰ ਲਾਹੌਰ ਦੇ ਹੁਕਮ ਨਾਲ ਫੌਜ ਖਾਲਸਾ ਨੇ ਲਾਹੌਰੋਂ ਏਸ ਇਰਾਦੇ ਤੇ ਕੂਚ ਕੀਤਾ ਕਿ ਅੰਗ੍ਰੇਜ਼ੀ ਰਾਜ ਤੇ ਹਮਲਾ ਕਰੇ ਭਾਵੇਂ ਵਾਰ ਵਾਰ ਇਸਦੀ ਵਜਾ ਪੁਛੀ ਪਰ ਕੁਛ ਜਵਾਬ ਨ ਮਿਲਿਆ। ਹੁਣ ਸਿਖ ਫੌਜ ਨੇ ਬਗੈਰ ਇਸਦੇ ਕਿ ਸਾਡੀ ਵਲੋਂ ਕੋਈ ਜੋਸ਼ ਦਿਤਾ ਗਿਆ ਹੋਵੇ ਹਮਲਾ ਕੀਤਾ ਇਸ ਵਾਸਤੇ ਗਵਰਨਰ ਜਨਰਲ ਨੂੰ ਚਾਹੀਏ ਕਿ ਆਪਣੇ ਮੁਲਕ ਦੀ ਰਾਖੀ ਦੀਆਂ ਤਦਬੀਰਾਂ ਕਰੇ ਜਿਸ ਨਾਲ ਬ੍ਰਿਟਸ਼ ਗੌਰਮਿੰਟ ਦੀ ਹਮਾਇਤ ਹੋਵੇ ਤੇ ਅਹਿਦ ਤੋੜਨ ਵਾਲਿਆਂ ਅਤੇ ਆਮ ਲੋਕਾਂ ਦਿਆਂ ਫੈਦਿਆਂ ਵਿਚ ਖਰਾਬੀ ਪੌਣ ਵਾਲਿਆਂ ਲਈ ਇਸ਼ਤਿਹਾਰ ਵਿਚ ਇਹ ਵੀ ਲਿਖਿਆ ਸੀ ਕਿ ਮਹਾਰਾਜ ਦਲੀਪ ਸਿੰਘ ਦਾ ਜਿਹੜਾ ਮੁਲਕ ਸਤਲੁਜ ਦੇ ਸਾਮ੍ਹਣੇ ਸੀ ਅੰਗ੍ਰੇਜ਼ੀ ਅਮਲ ਦਾਰੀ ਵਿਚ ਦਾਖਲ ਕੀਤਾ ਗਿਆ।

---

*ਅਰਜ਼ੀ ਲਿਖੀ ਫਿਰੰਗੀਆਂ ਖਾਲਸੇ ਨੂੰ ਤੁਸੀ ਕਾਸਨੂੰ ਜੰਗ ਮਚਾਂਵਦੇ ਹੋ
ਮਹਾਰਾਜ ਦੇ ਨਾਲ ਸੀ ਨੇਮ ਸਾਡਾ ਤੁਸੀ ਸੁਤੀਆਂ ਕਲਾ ਜਗਾਂਵਦੇ ਹੋ
ਕਈ ਲੱਖ ਰੁਪੱਈਆ ਲੈ ਜਾਹੁ ਸਾਥੋਂ ਦਿਆਂ ਹੋਰ ਜੋ ਤੁਸੀ ਫੁਰਮਾਂਵਦੇ ਹੋ
ਸ਼ਾਹ ਮੁਹੰਮਦਾ ਅਸਾਂ ਨ ਮੂਲ ਲੜਨਾ ਤੁਸੀ ਏਤਨਾ ਜੋਰ ਕਿਉਂ ਲਾਂਵਦੇ ਹੋ

ਅੰਗ੍ਰੇਜ਼ੀ ਫੌਜ ਦਾ ਲੜਾਈ ਲਈ ਜਾਣਾ

੧੧ ਦਸੰਬਰ ਨੂੰ ਸਰ ਹਿਊ ਗਾਫ ਅੰਬਾਲੇ ਵਿਚ ਆਪਣੀ ਫੌਜ ਦੇ ਥਾਂ ਤੇ ਖੇਲਣ ਦੀਆਂ ਤਿਆਰੀਆਂ ਕਰ ਰਹੇ ਸਨ ਕਿ ਉਨ੍ਹਾਂ ਨੂੰ ਖਬਰ ਆਈ ਕਿ ਸਿਖਾਂ ਦੀ ਫੌਜ ਸਤਲੁਜਦੇ ਪਾਰ ਆਗਈ ਹੈ. ਓਹ ਰਾਗਰੰਗ ਨੂੰ ਛੱਡਕੇ ਜਿਨੀ ਛੇਤੀ ਹੋ ਸਕਿਆ ਅਤੇ ਜਿੰਨੀ ਫੌਜ ਕਠੀ ਕਰ ਸਕਿਆ ਲੈਕੇ ਮੈਦਾਨ ਵਲ ਚਲਿਆ ਦਿਨ ਦੁਪਹਿਰੇ ੧੧ਹਜਾਰ ਫੌਜ ਅਤੇ ੪੨ ਤੋਪਾਂ ਨੇ੧੧੦ਮੀਲ ਸਫਰ ਕੀਤਾ,੧੮ ਦਸੰਬਰ ਨੂੰ ਮੁਦਕੀ ਵਿਚ ਜੇਹੜੀ ਫੀਰੋਜ ਪੁਰੋਂ੨੦ਮੀਲ ਅਤੇ ਲੁਧਿਆਨਿਓਂ੭੫ ਮੀਲਸੀ ਫੌਜ ਉਤਰੀ,ਓਹ ਰੇਤਲੀਆਂ ਸੜਕਾਂ ਵਿਚ ਧੁਪੇਪੈਂਡਾ ਕਰਨ ਨਾਲਥੱਕੀ ਹੋਈ ਸੀਅਤੇ ਸੌਣ ਅਤੇ ਖਾਣ ਪੀਣ ਦਾਸਮਾਂ ਨ ਮਿਲਨ ਨਾਲ ਮਾੜੀ ਹੋ ਰਹੀ ਸੀ ਉਨ੍ਹਾਂ ਨੂੰ ਭਰੋਸਾ ਸੀ ਕਿ ਕੁਛ ਘੰਟੇ ਅਰਾਮ ਕਰਕੇ ਫੇਰ ਤ੍ਰਾਜ਼ਾ ਦਮ ਹੋਜਾਊਗੀ ਫੇਰ ਇਸਦੇ ਪਿਛੋਂ ਰੋਜ ਦੀ ਮਿਹਨਤ ਸ਼ੁਰੂ ਹੋ ਜਾਊਗੀ ਪਰ ਓਹ ਕੁਛ ਮਿੰਟ ਹੀ ਠਹਿਰੀ ਸੀ ਕਿ ਬਰੌਡਫੁਟ ਸਾਹਿਬ ਦੇ ਪਾਸ ਖਬਰ ਆਈ ਕਿ ਦੁਸ਼ਮਨ ਸਿਰਤੇ ਆ ਅਪੜੇ ਹਨ, ਹੁਨ ਫੌਜ ਦੀ ਕਤਾਰ ਬੰਦੀ ਹੋਈ ਚਾਰ ਵਜੇ ਫੌਜ ਦੇ ਸਾਮ੍ਹਣੇ ਦੁਸ਼ਮਨਾਂ ਦੇ ਆ ਜਾਣ ਨਾਲ ਮਿਟੀ ਦੇ ਵਾ ਵਰੋਲੇ ਉਡਣ ਲਗੇ।

ਮੁਦਕੀ ਦੀ ਲੜਾਈ

ਇਹ ਪਹਿਲੀ ਲੜਾਈ ਸੀ ਜੇਹੜੀ ਅੰਗ੍ਰੇਜ਼ੀ ਫੌਜ ਅਤੇ ਸਿਪਾਹ ਖਾਲਸਾ ਦੇ ਵਿਚ ਹੋਈ, ਅੰਗ੍ਰੇਜ਼ਾਂ ਦੀ ਫੌਜ ੧੧ ਹਜਾਰ ਸੀ ਅਤੇ ਸਿਖਾਂ ਦੀ ਫੌਜ ਲਾਲ ਸਿੰਘ ਦੇ ਮਤੈਹਤ ੨੦ ਹਜ਼ਾਰ ਅਤੇ ੪੦ ਤੋਪਾਂ ਸਨ। ਇਕ ਆਦਮੀ ਅਖੀਂ ਦੇਖਿਆ ਹਾਲ ਲਿਖਦਾ ਹੈ ਇਸ ਤਾਰੀਖ ਨੂੰ ਬ੍ਰਿਟਸ਼ ਕੈਂਪ ਵਿਚ ਦੁਸ਼ਮਨ ਦੀ ਕੋਈ ਗਲ ਮਲੂਮ ਨਹੀਂ ਸੀ ਸਵਾਇ ਏਸ ਦੇ ਕਿ ਓਹ ਨੇੜੇ ਆ ਗਿਆ ਹੈ, ਅੱਚਨਚੇਤ ਚਾਰ ਵਜੇ ਤੋਪਾਂ ਦੀਆਂ ਬੜੀਆਂ ਅਵਾਜ਼ਾਂ ਸੁਣਾਈ ਦਿਤੀਆਂ।ਗਵਰਨਰ ਜਨਰਲ ਆਪ ਘੋੜੇ ਤੇ ਚੜ੍ਹਕੇ ਮੈਦਾਨ ਵਿਚ ਗਿਆ ਅੰਗ੍ਰੇਜ਼ੀ ਫੌਜ ਥੱਕੀਹੋਈ ਆਪਣੇਖਾਣੇ ਦੀਆਂ ਤਿਆਰੀਆਂ ਕਰ ਰਹੀ ਸੀ ਛੇਤੀ ਨਾਲ ਲੜਾਈ ਵਾਸਤੇ ਤਿਆਰ ਹੋਗਈ ਕਮਾਂਡਰ-ਅਨਚੀਫ ਸਵਾਰਾਂ ਅਤੇ ਘੋੜ ਚੜ੍ਹੀ ਤੋਪਾਂ ਨੂੰ ਲੈਗਏ ਉਨ੍ਹਾਂ ਦੇ ਪਿਛੇ ਪੈਦਲ ਅਤੇ ਮੈਦਾਨੀ ਤੋਪ ਖਾਨਾ ਗਿਆ, ਦੁਸ਼ਮਨ ਦਾ ਮੁਕਾਮ ਜੰਗਲ ਝਾੜੀਆਂ ਅਤੇ ਰੇਤ ਦਿਆਂ ਟਿਬਿਆਂ ਦੇ ਪਿਛੇ ਸੀ, ਅੰਗ੍ਰੇਜ਼ੀ ਫੌਜ ਤੋਂ ਦੋ ਮੀਲ ਸੀ, ਏਨ੍ਹਾਂ ਚੀਜਾਂ ਨੂੰ ਸਿਖਾਂ ਨੇ ਆਪਣੀ ਫੌਜ ਦੀ ਅੜ ਬਣਾ ਰਖਿਆ ਸੀ, ਜਿਸ ਵੇਲੇ ਅੰਗ੍ਰੇਜ਼ੀ ਫੌਜ ਨਜ਼ਰ ਦੇ ਸਾਮ੍ਹਣੇ ਆਈ ਤਾਂ ਸਿਖਾਂ ਦੇ ਤੋਪਖਾਨੇ ਨੇ ਐਸੀ ਅੱਗ ਵਰ੍ਹਾਈ ਕਿ ਫੌਜ ਅਗੇ ਨਾ ਵਧ ਸਕੀ।ਅੰਗ੍ਰੇਜ਼ੀ ਸਵਾਰਾਂ ਨੇ।ਸਿੱਖਾਂ ਦੇ ਖੱਬੇ ਬੰਨੇ ਨੂੰ ਚਕਰਾ ਦਿਤਾ ਅਤੇ ਪਿਆਦਿਆਂ ਅਤੇ ਤੋਪਾਂ ਦੇ ਪਿਛੇ ਪਏ ਅਤੇ ਅੰਗ੍ਰੇਜ਼ੀ ਤੋਪ ਖ਼ਾਨੇ ਨੇ ਸਿੱਖਾਂ ਦੇ ਤੋਪਖਾਨੇ ਦਾ ਮੂੰਹ ਬੰਦ ਕਰ ਦਿਤਾ।ਸਰ ਜਾਨ ਐਮ. ਕੈਸਲ

ਅਤੇ ਮੇਜਰ ਸਰਾਇਚ ਸਮਿਥ ਅਤੇ ਗਲਬਰਟ ਨੇ ਅੰਗ੍ਰੇਜ਼ੀ ਪੈਦਲ ਫੌਜ ਨਾਲ ਸਿਖਾਂ ਦੀ ਪੈਦਲ ਫੌਜ ਤੇ ਹਮਲਾ ਕੀਤਾ ਜਦੋਂ ਲੜਾਈ ਬੜੇ ਜੋਰ ਦੀ ਹੋ ਰਹੀ ਸੀ ਤਾਂ ਲਾਲ ਸਿੰਘ ਸਿੱਖਾਂ ਨੂੰ ਛੱਡਕੇ ਚਲਿਆ ਗਿਆ ਕਿ ਓਹ ਆਪਣੀ ਲੜਾਈ ਆਪ ਕਰਨ। ਸਿਖਾਂ ਨੇ ਆਪਣੇ ਸਰਦਾਰਾਂ ਦੀ ਦਗਾ ਬਾਜੀ ਦਾ ਰਤਾ ਖਿਆਲ ਨਹੀਂ ਕੀਤਾ ਅਤੇ ਬੜੀ ਬਹਾਦਰੀ ਨਾਲ ਲੜਦੇ ਰਹੇ, ਬਹੁਤ ਸਾਰੇ ਸਰਦਾਰ ਆਪਣੇ ਘੋੜਿਆਂ ਤੋਂ ਉੱਤ੍ਰ ਕੇ ਦੋਹਾਂ ਹਥਾਂ ਵਿਚ ਤਲਵਾਰਾਂ ਲੈਕੇ ਦੁਸ਼ਮਨ ਦੀਆਂ ਕਤਾਰਾਂ ਵਿਚ ਤਲਵਾਰਾਂ ਮਾਰਨ ਲਗੇ, ਬਹੁਤੇ ਵਢੇ ਗਏ ਬਾਕੀ ਭਜ ਗਏ, ਸਰਹੈਨਰੀ ਫੌਜ ਦੇ ਇਕ ਹਿੱਸੇ ਨੂੰ ਆਪ ਲੜਾ ਰਹੇ ਸਨ ਜਦੋਂ ਸਰ ਗਰੇ ਸਾਹਿਬ ਨੇ ਉਨ੍ਹਾਂ ਨੂੰ ਮਨ੍ਹੇਂ ਕੀਤਾ ਪਈ ਤੁਸੀ ਆਪਣੇ ਆਪ ਨੂੰ ਦੁਖ ਵਿਚ ਨਾ ਪਾਓ ਤਾਂ ਓਨ੍ਹਾਂ ਨੇ ਜਰਾ ਵੀ ਓਸਦਾ ਆਖਾ ਨ ਮੰਨਿਆਂ। ਦੋ ਹਜਾਰ ਸਾਲ ਹੋਏ ਸਕੰਦਰ ਨੂੰ ਵੀ ਇਕ ਨਸੀਹਤ ਕਰਨ ਵਾਲੇ ਨੇ ਮਨ੍ਹੇਂ ਕੀਤਾ ਸੀ ਪਰ ਓਸਨੇ ਵੀ ਨ ਸੁਣੀ। ਗਵਰਨਰ ਜਨਰਲ ਦੇ ਮੌਜੂਦ ਹੋਣ ਕਰਕੇ ਸਪਾਹੀਆਂ ਦੀ ਹਿੰਮਤ ਵਧੀ ਓਹ ਦਲੇਰੀ ਨਾਲ ਲੜਦੇ ਸਨ ਅਖੀਰ ਨੂੰ ਅੰਗ੍ਰੇਜ਼ੀ ਫੌਜ ਦੀ ਬਹਾਦਰੀ ਦੇ ਅਗੇ ਸਿਖਾਂ ਦੀ ਫੌਜ ਦੇ ਪੈਰ ਨ ਜੰਮੇ ਅਤੇ ਸੰਗੀਨਾ ਨਾਲ ਇਕ ਮੁਕਾਮ ਤੋਂ ਦੂਸਰੇ ਮੁਕਾਮ ਤੀਕ ਹਟਾਏ ਗਏ। ਰਾਤ ਦੇ ਹਨੇਰੇ ਨੇ ਅਤੇ ਮਿਟੀ ਦੇ ਉੱਡਨ ਨੇ ਅੰਗ੍ਰੇਜ਼ੀ ਫੌਜ ਨੂੰ ਓਨਾਂ ਦੇ ਪਿਛੇ ਨ ਭੱਜਣ ਦਿੱਤਾ ਜਿਧਰ ਓਹ ਭਜੇ ਜਾਂਦੇ ਸਨ ਰਾਤ ਤੋਂ ਪਹਿਲੋਂ ੧੭ ਭਾਰੀਆਂ ਤੋਪਾਂ ਅੰਗ੍ਰੇਜ਼ਾਂ ਨੇ ਖੋਹ ਲਈਆਂ ਡੇਢ ਘੰਟਾ ਲੜਾਈ ਤਾਰਿਆਂ ਦੇ ਚਾਨਣ ਅਤੇ ਵਾ ਵਰੋਲਿਆ ਦੇ ਵਿਚ ਹੁੰਦੀ ਰਹੀ ਜੇਹੜੇ ਰੇਤਲੇ ਥਾਂ ਵਿਚ ਉਡਦੇ ਸਨ। ਏਸ ਲੜਾਈ ਵਿਚ ਖਾਲਸਾ ਫੌਜ ਦੀ ਲੜਾਈ ਦੀ ਅਸਲੀਅਤ ਖੁਲ ਗਈ ਕੀਮਤੀ ਜਿੱਤ ਮੁਲ ਲਈ ਗਈ, ੨੧੫ ਸਪਾਹੀ ਵਢੇ ਗਏ ਅਤੇ ੬੫੭ ਜ਼ਖਮੀ ਹੋਏ। ਸੇਲ ਸਾਹਿਬ ਜਲਾਲਆਬਾਦ ਦੇ ਬੜੇ ਮਰਤਬੇ ਵਾਲੇ ਸਾਹਿਬ ਅਤੇ ਮੇਜਰ ਜਨਰਲ ਕੇਸਕਲ ਇਸ ਲੜਾਈ ਵਿਚ ਕਾਲ ਦੇ ਹਥ ਆਏ, ੬੦ ਵਰ੍ਹਿਆਂ ਤੋਂ ਹੋਮ ਗੌਵਰਮਿੰਟ ਦਾ ਇਹ ਦਸਤੂਰ ਸੀ ਕਿ ਜਦੋਂ ਗਵੇਰਨਰ ਜਨਰਲ ਸਪਾਹੀ ਹੁੰਦਾ ਤਾਂ ਲੜਾਈ ਵਿਚ ਓਹ ਕਮਾਂਡਰ ਇਨਚੀਫ ਵੀ ਹੁੰਦਾ ਜਿਸਤਰਾਂ ਕਿ ਕਾਰਨ ਵਾਲਿਸ ਅਤੇ ਹੇਸਟਿੰਗਜ਼ ਹੋਏ ਮਲੂਮ ਨਹੀਂ ਕਿ ਹੈਨਰੀ ਹਾਰਡਿੰਗ ਕਿਉਂ ਕਮਾਂਡਰ ਇਨਚੀਫ ਨਹੀਂ ਹੋਏ ਜਦੋਂ ਓਨ੍ਹਾਂ ਨੇ ਮੁਦਕੀ ਵਿਚ ਫੌਜ ਦੀਆਂ ਕਤਾਰਾਂ ਬੇਤਰਤੀਬੀਆਂ ਦੇਖੀਆਂ ਤਾਂ ਓਨਾਂ ਨੇ ਆਪਣੇ ਵਡੇ ਮਰਤਬੇ ਤੇ ਕੁਛ ਖਿਆਲ ਨਹੀਂ ਕੀਤਾ ਅਤੇ ਕਮਾਂਡਰ ਇਨਚੀਫ ਦੇ ਮਤਾਹਿਤ ਇਕ ਜਨਰਲ ਦਾ ਉਹਦਾ ਇਖਤਿਆਰ ਕੀਤਾ ਇਨਾਂ ਵਿਚ ਬੜੀ ਗਦਾ ਮਜਾਜੀ ਸੀ ਓਹ ਲੜਾਈ ਵਿਚ ਖੁਲੇ ਮੈਦਾਨ ਵਿਚ ਦਰਖਤ ਹੇਠਾਂ ਦਫਤਰ ਦੇ ਸੰਦੂਕਾਂ ਨੂੰ ਕੰਮ ਕਰਨ ਲਈ ਲੈ ਬੈਠਦੇ ਸਨ ਤੰਬੂ ਡੇਰੇ ਦੀ ਕੋਈ ਪਰਵਾਹ ਨਹੀਂ ਕਰਦੇ ਸਨ ॥

ਫੇਰੂ ਜਾਂ ਫੀਰੋਜ਼ ਸ਼ਹਿਰ ਦੀ ਲੜਾਈ

੨੧ ਦਸੰਬਰ ੧੮੪੫ ਅੰਗ੍ਰੇਜ਼ੀ ਫੌਜ ੨ ਦਿਨ ਅਰਾਮ ਲਈ ਮੁਦਕੀ ਵਿਚ ਰਹੀ, ਮੁਰਦਿਆਂ ਨੂੰ ਦਾਹਿਆ ਅਤੇ ਇਹ ਤਜਵੀਜ਼ ਹੋਏ ਕਿ ਸਿਖਾਂ ਦੇ ਮੁਕਾਮ ਫੀਰੋਜ਼ ਸ਼ਹਿਰ ਵਿਚ ਓਨਾਂ ਤੇ ਹਮਲਾ ਕੀਤਾ ਜਾਵੇ ਪਿਛਲੀ ਰਾਤ ਨੂੰ ਸਰਜਾਨ ਲਟਟਲਰ ਨੂੰ ਹੁਕਮ ਦਿਤਾ ਕਿ ਓਹ ਫੀਰੋਜ਼ ਸ਼ਹਿਰ ਤੋਂ ੫ ਹਜਾਰ ਫੌਜ ਅਤੇ ੪ ਮਦਾਨੀ ਤੋਪਖਾਨੇ ਲੈਕੇ ਆਨ ਮਿਲੇ ਤਾਂ ਕਿ ਦੋਵੇਂ ਫੌਜਾਂ ਮਿਲ ਕੇ ਹਮਲਾ ਕਰਨ, ਸਰਜਾਨ ਲਟਟਲਰ ਨੇ ਤਜਾ ਸਿੰਘ ਨੂੰ ਜਿਹੜਾ ਨੇੜੇ ਹੀ ਫੌਜ ਲਈ ਖੜਾ ਸੀ ਇਹ ਭੁਲਾਵਾ ਦਿਤਾ ਕਿ ਓਸ ਨੂੰ ਆਪਣੇ ਕੰਮਾਂ ਦੀ ਖਵਰ ਨ ਹੋਣ ਦਿਤੀ, ਆਪਣੇ ਤੰਬੂ ਓਸੇ ਤਰਾਂ ਬਣੇ ਰਹਿਣ ਦਿਤੇ ਅਤੇ ਬਜਾਰ ਦਾ ਝੰਡਾ ਓਸੇ ਤਰਾਂ ਖੜਾ ਰਖਿਆ ਅਤੇ ਸਵਾਰ ਓਸੇ ਤਰਾਂ ਕੰਮ ਤੇ ਖੜੇ ਰਹੇ,੨੧ ਦਸਬਰ ਨੂੰ ਸਰਜਾਨਦੀ ਫੌਜ ਦੁਪਹਿਰੇ ਲਸ਼ਕਰ ਵਿਚ ਆਨ ਮਿਲੀ ਮੁਦਕੀ ਅਤੇ ਫੀਰੋਜ਼ ਪੁਰ ਤੋਂ ੧੦ ਮੀਲ ਦੇ ਫਾਸਲੇ ਤੇ ਫੀਰੋਜ਼ ਸ਼ਹਿਰ ਦੇ ਉਦਾਲੇ ਓਨਾਂ ਸਿਖਾਂ ਨੇ ਆਪ ਮੋਰਚਾ ਪੁਟਣਾ ਸ਼ੁਰੂ ਕੀਤਾ ਓਹ ਚੌਕੋਨੇ ਮਟੱਬੇ ਦੀ ਸ਼ਕਲ ਦਾ ਸੀ ਜਿਸ ਦੀ ਲੰਮਾਈ ਇਕ ਮੀਲ ਹੈ ਅਤੇ ਚੁੜਾਈ ਅੱਧ ਮੀਲ, ਏਥੇ ਇਕ ਸੌਂ ਤੋਂ ਜ਼ਿਆਦਾ ਤੋਪਾਂ ਲਗੀਆਂ ਹੋਈਆਂ ਸਨ ੩੫ ਹਜਾਰ ਫੌਜ ਸੀ ਜਿਨ੍ਹਾਂ ਵਿਚੋਂ ਦਸ ਹਜ਼ਾਰ ਸਵਾਰ ਸਨ ਤੀਜਾ ਹਿਸਾ ਕਵਾਇਦ ਜਾਨਣ ਵਾਲੇ ਸਨ ਜਿਨ੍ਹਾਂ ਨੂੰ ਫਰਾਂਸ ਅਤੇ ਇਟਲੀ ਵਾਲਿਆਂ ਨੇ ਕਵਾਇਦ ਸਖਾਈ ਸੀ ਸਪਾਹੀ ਬੜੇ ਤਜਰਬਾ ਕਾਰ ਪੁਰ ਜੋਸ਼ ਅਤੇ ਬਹਾਦਰ ਸਨ, ਤੋਪਚੀ ਐਸੇਸਨ ਹਿੰਦੁਸਤਾਨੀ ਫੌਜ ਵਿਚੋਂ ਕਿਸੇ ਤੋਂ ਵੀ ਦੂਜਾ ਦਰਜਾ ਨਹੀਂ ਰਖਦੇ ਸਨ,ਅੰਗ੍ਰੇਜ਼ੀ ਫੌਜ੧੭੫੦੦ ਸੀ ਅਤੇ ੬੯ ਮਦਾਨੀ ਤੋਪਾਂ ਸਨ ਦੋ ਰਜਮੰਟਾ ਸਵਾਰਾਂ ਦੀਆਂ ਰੋਜ ਫੀਪੁਰੋਂ ਆ ਗਈਆਂ ਏਸ ਫੌਜ ਨੂੰ ਦੁਸ਼ਮਨ ਦੇ ਮੋਰਚੇ ਦੇ ਲੰਮੇ ਬਨੇ,ਇਕ ਖੁਲੇ ਮਦਾਨ ਵਿਚ ਜਾਣਾ ਪਿਆ ਜਿਸ ਵਿਚ ਕਿਤੇ ਕਿਤੇ ਜੰਗਲ ਸੀ ਲੜਾਈ ਚਾਰ ਵਜੇ ਸ਼ੁਰੂ ਹੋਈ ਸਿਆਲ ਦੇ ਦਿਨ ਛੋਟੇ ਹੁੰਦੇ ਹਨ ਇਹ ਅਜ ਦਾ ਦਿਨ ਤਾਂ ਛੋਰਿਆਂ ਤੋਂ ਵੀ ਛੋਟਾ ਸੀ ਇਸ ਵੇਲੇ ਲੜਾਈ ਦਾ ਸ਼ੁਰੂ ਕਰਨਾ ਬਗੈਰ ਇਸ ਦੇ ਕਿ ਹਨੇਰੇ ਵਿਚ ਲੜਾਈ ਹੋਵੇ ਕਿਸਤਰਾਂ ਲੜਾਈ ਨੂੰ ਖਤਮ ਨਹੀਂ ਸੀ ਕਰ ਸਕਦਾ, ਏਸ ਵੇਲੇ ਲੜਨ ਦੀ ਬਹੁਤ ਲੋੜ ਸੀ ਕਿਉਂਕਿ ਗਵਰਨਰ ਜਨਰਲ ਦਾ ਹੁਕਮ ਸੀ ਕਿ ਲੜਾਈ ਹੁਣੇ ਹੋਵੇ ਜੇ ਇਹ ਹਮਲਾ ਭਲਕ ਉਤੇ ਪਾ ਛਡਿਆਂ ਤਾਂ ਤੇਜ ਸਿੰਘ ਜੇਹੜਾ ਫੀਰੋਜ਼ ਪੁਰ ਵਿਚ ਸੀ ਆਪਣੀ ਫੌਜ ਨੂੰ ਲੈਕੇ ਮਦਾਨ ਵਿਚ ਆ ਜਾਵੇ ਗਾ ਅਤੇ ਗਾਫ ਸਾਹਿਬ ਦੀ ਫੌਜ ਨੂੰ ਬੜੀ ਰਾਤ ਪਾਲੇ ਵਿਚ ਕਟ ਕੇ ਸਵੇਰੇ ਦੁਸ਼ਮਨ ਨਾਲ ਲੜਨਾ ਪਊਗਾ ਓਸ ਵੇਲੇ ਹਮਲਾ ਕਰਨਾ ਜਰੂਰੀ ਸੀ ਅੰਗ੍ਰੇਜ਼ੀ ਫੌਜ ਦੇ ਕਮਾਂਡਰ ਇੰਨਚੀਫ ਅਤੇ ਮੈਂਬਰਾਂ ਅਤੇ ਕਲੱਬ ਦੇ ਗਵਰਨਰ ਜਨਰਲ ਮੀਰ ਅਸਕਰ ਸਨ ਅੰਗ੍ਰੇਜ਼ੀ ਫੌਜ ਦੇ ਤੋਪਖਾਨੇ ਨੇ ਸਿਖਾਂ ਦੇ ਮੋਰਚੇ ਉਤੇ ਅੱਗ

ਵਰ੍ਹੋਣੀ ਸ਼ੁਰੂ ਕੀਤੀ ਇਸ ਦੇ ਜਵਾਬ ਵਿਚ ਦੁਸ਼ਮਨ ਦੇ ਤੋਪਖਾਨੇ ਨੇ ਵੀ ਗੋਲੇ ਤੇ ਗੋਲਾ ਮਾਰਨਾ ਸ਼ੁਰੂ ਕੀਤਾ, ਅੰਗ੍ਰੇਜ਼ੀ ਤੋਪਖਾਨੇ ਨੇ ਬੜੀ ਕੋਸ਼ਸ਼ ਕੀਤੀ ਕਿ ਦੁਸ਼ਮਨ ਦੇ ਤੋਪਖਾਨੇ ਨੂੰ ਬੰਦ ਕਰੀਏ ਪਰ ਓਹ ਬੰਦ ਨ ਹੋਇਆ ਗੋਲੇ ਗੋਲੀਆਂ ਸਨਾਸਨ ਜਾ ਰਹੇ ਸਨ ਅੰਗ੍ਰੇਜ਼ੀ ਪੈਦਲ ਫੌਜ ਨੇ ਕਪਤਾਨ "ਪੁਰਤਗਲ ਓਬੀਨ ਲੈਨ" ਦੇ ਮਤੈਹਿਤ ਦੁਸ਼ਮਨ ਦੇ ਮੋਰਚੇ ਵਿਚ ਕਦਮ ਰਖੇ ਅਤੇ ਕੁਛ ਤੋਪਾਂ ਖੋਹ ਲਈਆਂ ਪਰ ਸਿਖਾਂ ਨੇ ਤੋਪਾਂ ਦੇ ਪਿਛੇ ਜਾਕੇ ਅੰਗ੍ਰੇਜ਼ੀ ਫੌਜ ਤੇ ਓਹ ਅਗ ਵਰ੍ਹੋਣੀ ਸ਼ੁਰੂ ਕੀਤੀ ਕਿ ਓਹ ਖਰਾਬ ਹਾਲ ਹੋਕੇ ਵਾਪਸ ਆਈ, ਅੰਗ੍ਰੇਜ਼ੀ ਫੌਜ ਨੇ ਨਵਾਂ ਹਮਲਾ ਸ਼ੁਰੂ ਕੀਤਾ ਅਤੇ ਸੂਰਜ ਛਿਪਣ ਤੋਂ ਪਹਿਲਾ ਦੁਸ਼ਮਨ ਦੇ ਮੋਰਚੇ ਦਾ ਇਕ ਹਿੱਸਾ ਜਿੱਤ ਲਿਆ, ਸਰਹਿਨਰੀ ਸਮਿਥ ਦੇ ਬਰਗੇਟ ਨੇ ਫੀਰੋਜ਼ ਸ਼ਹਿਰ ਪਿੰਡ ਦੁਸ਼ਮਨਾਂ ਤੋਂ ਲੈਲਿਆ ਪਰ ਰਾਤ ਨੂੰ ਓਸਤੇ ਕਬਜਾ ਨਾ ਰਖ ਸਕਿਆ ਇਸ ਲਈ ਛਡ ਦਿੱਤਾ, ਮਲਿਕ ਮੁਅਜਮਾਂ ਦੀ ਤੀਜੀ ਡਰੈਗੂਨ ਰਜਮੰਟ ਨੇ ਬੜੀ ਬਹਾਦਰੀ ਕਰਕੇ ਦੁਸ਼ਮਨਾਂ ਦੇ ਭਾਰੇ ਤੋਪਖਾਨੇ ਖੋਹ ਲਏ ਪਰ ਫੇਰ ਵੀ ਦੁਸ਼ਮਨਾਂ ਨੇ ਆਪਣੇ ਮੁਕਾਮ ਤੇ ਪੈਰ ਜਮਾਈ ਰਖੇ, ਰਾਤ ਹੋਗਈ ਪਰ ਲੜਾਈ ਹਰ ਥਾਂ ਬੜੇ ਜ਼ੋਰ ਦੀ ਹੁੰਦੀ ਰਹੀ ਅਤੇ ਸਿਖਾਂ ਨੇ ਅੰਗ੍ਰੇਜ਼ੀ ਫੌਜ ਨੂੰ ਪ੍ਰੇਸ਼ਾਨ ਕਰ ਦਿਤਾ। ਇਸ ਰਾਤ ਦਾ ਨਾਂ ਡਰ ਦੀ ਰਾਤ ਰਖਿਆ ਗਿਆ ਤੇਹ ਪਾਲੇ ਥਕੇਵੇਂ ਅਤੇ ਬਹੁਤੀ ਮੇਹਨਤ ਕਰਨ ਤੇ ਥਕੀ ਹੋਈ ਫੌਜ ਨੂੰ ਬੇਦਮ ਕਰ ਦਿੱਤਾ ਅਤੇ ਓਸਦੀ ਗਿਣਤੀ ਵੀ ਘਟ ਕਰ ਦਿੱਤੀ ਪਰ ਸ਼ਾਵਾਸ਼ੇ ਅੰਗ੍ਰੇਜ਼ੀ ਫੌਜ ਦੀ ਬਹਾਦਰੀ ਦੇ ਕਿ ਇਸ ਬੁਰੇ ਹਾਲ ਵਿਚ ਵੀ ਆਪਣੀ ਹਿੰਮਤ ਨਹੀਂ ਹਾਰੀ। ਏਸ ਰਾਤ ਦਾ ਹਾਲ ਸਰ ਹਿਨਰੀ ਹਾਰਡਿੰਗ ਨੇ ਰੌਬਰਟ ਪੇਲ ਨੂੰ ਲਿਖਿਆ ਜਿਹੜਾ ਬੜੀ ਗਰਮ ਜੋਸ਼ੀ ਨਾਲ ਮਨਸ-ਹਾਊਸ ਵਿਚ ਪੜ੍ਹਿਆ ਗਿਆ (. ੨੧ ਦਸੰਬਰ ਦੀ ਰਾਤ ਮੇਰੀ ਜ਼ਿੰਦਗੀ ਵਿਚ ਅਜੀਬ ਰਾਤ ਹੈ, ਮੈਂ ਓਸ ਫੌਜ ਦੇ ਨਾਲ ਤੰਬੂ ਵਿਚ ਸਾਂ ਜਿਸਦੇ ਪਾਸ ਨਾ ਖੁਰਾਕ, ਨ ਉਤੇ ਲੈਣ ਨੂੰ ਕੋਈ ਕਪੜਾ ਸੀ ਪਾਲਾ ਬੜਾ ਪੈਂਦਾ ਸੀ ਸਾਡੇ ਸਾਮਣੇ ਇਕ ਆਤਿਸ਼ਨਾਕ ਕੈਂਪ ਸੀ ਸਾਡੇ ਬਹਾਦਰ ਸੁਤੇ ਪਏ ਸਨ ਜਿਨ੍ਹਾਂ ਤੇ ਸਾਰੀ ਰਾਤ ਤੋਪਾਂ ਦੀ ਬੜੀ ਮਾਰ ਰਹੀ ਇਸਦੇ ਨਾਲ ਸਿਖਾਂ ਦਾ ਰੌਲਾ ਅੰਗ੍ਰੇਜ਼ੀ ਫੌਜ ਦੀ ਖੁਸ਼ੀ ਦੀਆਂ ਅਵਾਜਾਂ ਸਪਾਹੀਆਂ ਦੇ ਚਲਣ ਫਿਰਨ ਦਾ ਖੜਾਕ ਮਰਨ ਵਾਲਿਆਂ ਦਾ ਰੌਲਾ ਸੀ, ਮੈਂ ਏਸ ਹਾਲ ਵਿਚ ਇਨ੍ਹਾਂ ਥੋੜਿਆਂ ਜਿਹਾਂ ਸਪਾਹੀਆਂ ਨਾਲ ਸਵੇਰ ਤੀਕ ਰਿਹਾ ਜਿਹੜੇ ਪਹਿਲੀ ਰਾਤ ਨੂੰ ਤੋਪਖਾਨਾ ਲੈਗਏ ਸਨ ਕੁਛ ਥੋੜਾ ਜਿਹਾ ਅਰਾਮ ਲੈਕੇ ਮੈਂ ਵਖੋ ਵਖਰੀਆਂ ਰਜਮਟਾਂ ਵਿਚ ਓਨ੍ਹਾਂ ਦੇ ਹੌਸਲੇ ਅਤੇ ਬਹਾਦਰੀ ਦੀ ਤਹਕੀਕ ਕਰਨ ਵਾਸਤੇ ਠੈਹਰਿਆ ਅਤੇ ਓਨ੍ਹਾਂ ਦੇ ਹੌਸਲੇ ਨੂੰ ਵਧਾਇਆ, ਮੈਨੂੰ ਮੇਰੇ ਪੁਰਾਣੇ ਯਾਰ ੨੯, ੩੧, ੫੦, ਅਤੇ ੯ ਵੀਂ ਰਜਮਟਾਂ ਦੇ ਮਿਲੇ ਜਿਨ੍ਹਾਂ ਨੂੰ ਮੈਂ ਬੜਾ ਹੀ ਮਜ਼ਬੂਤ ਦਿਲ ਵਾਲੇ ਮਲੂਮ ਕੀਤਾ ਮੈਂ ਓਨ੍ਹਾਂ ਨੂੰ ਹਰਇਕ

ਨੂੰ ਏਹੋ ਹੀ ਆਖਿਆ ਕਿ ਸਵੇਰੇ ਸਾਨੂੰ ਦੁਸ਼ਮਨਾਂ ਤੇ ਹਮਲਾ ਕਰਕੇ ਓਨ੍ਹਾਂ ਨੂੰ ਮਾਰਨਾ ਚਾਹੀਦਾ ਹੈ, ਜਾਂ ਮਦਾਨ ਵਿਚ ਇੱਜ਼ਤ ਨਾਲ ਮਰਨਾ ਚਾਹੀਦਾ ਹੈ, ਬੜਾ ਬਹਾਦਰ ਜਰਨੈਲ ਹਿਉਗਾਫ ਰਹਿਮ ਦਿਲ ਅਤੇ ਦਲੇਰ ਮੇਰੇ ਨਾਲ ਇਕ ਰਾਇ ਹੋਇਆ, ਕਈਆਂ ਅਫਸਰਾਂ ਨੇ ਇਹ ਤਜਵੀਜ਼ ਕੀਤੀ ਕਿ ਰਾਤ ਨੂੰ ਫੀਰੋਜ਼ ਪੁਰ ਚਲੇ ਜਾਈਏ ਪਰ ਹਾਰਡਿੰਗ ਅਤੇ ਲਾਰਡ ਗਾਫ ਨੇ ਅਪਨੀ ਹਿੰਮਤ ਅਤੇ ਦਲੇਰੀ ਨਾਲ ਇਸਨੂੰ ਪਸਿੰਦ ਨਹੀਂ ਕੀਤਾ, ਏਨ੍ਹਾਂ ਮੁਸ਼ਕਲਾਂ ਵਿਚ ਗਵਰਨਰ ਜਨਰਲ ਦਾ ਪ੍ਰੇਮ ਅਤੇ ਆਲਾ ਹਿਮਤ ਸਪਾਹੀਆਂ ਤੇ ਜਾਦੂਦਾ ਅਸਰ ਕਰਦਾ ਸੀ ਓਹ ਸਪਾਹੀਆਂ ਨਾਲ ਐਸੀ ਨੇਕ ਅਖ਼ਲਾਖੀ ਨਾਲ ਗਲਾਂ ਕਰਦੇ ਸਨ ਕਿ ਓਨ੍ਹਾਂ ਦੀ ਹਿੰਮਤ ਪਕੀ ਹੋਜਾਂਦੀ। ਸਿਖਾਂ ਨੇ ਬਹੁਤ ਸਾਰੀਆਂ ਲਕੜੀਆਂ ਕਠੀਆਂ ਕਰ ਲਈਆਂ ਅਤੇ ਓਨ੍ਹਾਂ ਨੂੰ ਬਾਲਕੇ ਆਪਣੇ ਹਥਾਂ ਪੈਰਾਂ ਨੂੰ ਗਰਮ ਕਰਦੇ ਸਨ ਪਰ ਅੰਗ੍ਰੇਜ਼ੀ ਫੌਜ ਜਿਹੜੀਆਂ ਲਕੜੀਆਂ ਬਾਲ ਦੀ ਸੀ ਓਹ ਦੁਸ਼ਮੰਨਾ ਦੀ ਨਿਸ਼ਾਨਗਾਹ ਬਣ ਜਾਂਦੀ ਸਿਖ ਓਥੇ ਅੱਗ ਤੇ ਅੱਗ ਵਰਾਂਦੇ ਜਿਹੜੀ ਸਪਾਹੀਆਂ ਨੂੰ ਠੰਢਾ ਕਰਦੀ, ਰਾਤ ਨੂੰ ਸਿਖ ਅੰਗ੍ਰੇਜ਼ੀ ਫੌਜ ਤੇ ਤੋਪਾਂ ਚਲੌਂਦੇ ਰਹੇ ਓਨਾਂ ਦਾ ਮੁਕਾਮ ਬੜਾ ਖਤਰਨਾਕ ਸੀ ਇਨ੍ਹਾਂ ਤਕਲੀਫਾਂ ਵਿਚ ਹੀ ਰਾਤ ਖਤਮ ਹੋਈ, ਜਦੋਂ ਦਿਨ ਚੜ੍ਹਿਆ ਤਾ ਦੋਹਾਂ ਜਰਨੈਲਾਂ ਨੇ ਆਪਣੀ ਭੱਜੀ ਟੁਟੀ ਫੌਜ ਨੂੰ ਓਸ ਕੰਮ ਲਈ ਤਿਆਰ ਕੀਤਾ ਜਿਹੜਾ ਅਗੇ ਆਉਣ ਵਾਲਾ ਸੀ ਸਮਿਥ ਅਤੇ ਲਟਟਲਰ ਦੀਆਂ ਫੌਜਾਂ ਜਿਹੜੀਆਂ ਲਸ਼ਕਰ ਗਾਹ ਦੇ ਪਿੱਛੇ ਤਾੜ ਵਿਚ ਸਨ ਛੇਤੀ ਸਦੀਆਂ ਸੂਰਜ ਨਿਕਲਣ ਤੋਂ ਪਹਿਲਾਂ ਇਹ ਰਜਮਟਾਂ ਅਗੇ ਵਧੀਆਂ ਦੁਸ਼ਮਨ ਦੀਆਂ ਬਹੁਤ ਸਾਰੀਆਂ ਤੋਪਾਂ ਨੇ ਕਈ ਅੰਗ੍ਰੇਜ਼ੀ ਤੋਪਾਂ ਡੇਗ ਦਿੱਤੀਆਂ ਪਰ ਅੰਗ੍ਰੇਜ਼ੀ ਫੌਜ ਨੇ ਫੀਰੋਜ਼ ਸ਼ਹਿਰ ਤੋਂ ਦੁਸ਼ਮਨਾਂ ਨੂੰ ਕਢ ਦਿੱਤਾ ਅਤੇ ਫੇਰ ਸਾਰੇ ਮੋਰਚੇ ਨੂੰ ਖੋਹ ਲਿਆ ਅਤੇ ਖਾਲਸਾ ਸਪਾਹੀਆਂ ਦਿਆਂ ਝੰਡਿਆਂ ਨੂੰ ਲੈਲਿਆ ਅਤੇ ਸੱਤਰ ਤੋਪਾਂ ਲੈ ਲਈਆਂ ਮੋਰਚੇ ਵਿਚ ਅੰਗ੍ਰੇਜ਼ੀ ਫੌਜਾਂ ਇਸਤਰ੍ਹਾਂ ਖੜੀਆਂ ਸਨ ਜਿਸ ਤਰ੍ਹਾਂ ਪਰੇਡ ਦੇ ਮਦਾਨ ਵਿਚ ਹੁੰਦੀਆਂ ਹਨ ਅਤੇ ਆਪਣੇ ਜਰਨੈਲਾਂ ਨੂੰ ਜਿੱਤਣ ਦੀ ਵਧਾਈ ਖੁਸ਼ੀ ਹੋ ਹੋ ਦਿੰਦੀਆਂ ਸਨਾਹੁਣ ਸਿਖਾਂ ਦੀ ਫੌਜ ਸਤਲੁੱਜ ਨੂੰ ਭਜੀ ਜਾਂਦੀ ਸੀ ਪਰ ਅੰਗ੍ਰੇਜ਼ਾਂ ਦਾ ਡਰ ਅਜੇ ਤੀਕ ਨਹੀਂ ਸੀ ਗਿਆ ਓਹ ਜਿੱਤ ਦੀਆਂ ਖੁਸ਼ੀਆਂ ਕਰਦੇ ਸਨ ਕਿ ਸਾਮਣਿਓਂ ਮਿਟੀ ਉਡਦੀ ਦਿਸੀ ਜਿਸਤੋਂ ਮਲੂਮ ਹੁੰਦਾ ਸੀ ਕਿ ਕੋਈ ਦੁਸ਼ਮਨ ਆ ਅਪੜਿਆ ਹੈ ਇਹ ਤੇਜ ਸਿੰਘ ਦਾ ਲਸ਼ਕਰ ਸੀ ਜਦੋਂ ਇਸਨੂੰ ਮਲੂਮ ਹੋਇਆ ਕਿ ਸਰਜਾਨ ਲਟਟਲਰ ਦਾ ਲਸ਼ਕਰ ਧੋਖਾ ਦੇਕੇ ਚਲਿਆ ਗਿਆ ਹੈ ਤਾਂ ਓਹ ੨੨ ਦਸੰਬਰ ਨੂੰ ੨੦ ਹਜ਼ਾਰ ਪਿਆਦੇ ਅਤੇ ੫ ਹਜ਼ਾਰ ਸਵਾਰ ਅਤੇ ੬੦ ਤੋਪਾਂ ਲੈਕੇ ਚਲਿਆ ਪਰ ਏਥੇ ਆਕੇ ਵੇਖਿਆ ਕਿ ਸਾਰਾ ਕੰਮ ਹੋ ਗਿਆ ਸੀ ਅਤੇ ਮੋਰਚੇ ਜਿਹੜੇ ਸਿਖਾਂ ਨੇ ਕੈਮ ਕੀਤੇ ਸਨ ਦੁਸ਼ਮਨਾ ਦੇ ਹਥ ਵਿਚ ਸਨ, ਸਿਖਾਂ ਦੀ ਫੌਜ ਸਤਲੁੱਜ ਪਾਰ ਉਤ੍ਰ ਗਈ ਸੀ ਤੇਜ ਸਿੰਘ ਇਹ ਮਲੂਮ

ਕਰਕੇ ਚਲਿਆ ਗਿਆ। ਓਸਨੂੰ ਇਹ ਮਲੂਮ ਨ ਹੋਇਆ ਕਿ ਅੰਗ੍ਰੇਜ਼ੀ ਫੌਜ ਵਿਚ ਵੀ ਕੁਛ ਸਾਹ ਬਾਕੀ ਨਹੀਂ ਰਿਹਾ, ਭੁਖੀ ਤਿਹਾਈ ਮਰਦੀ ਸੀ ਹਿੰਦੁਸਤਾਨੀ ਫੌਜ ਆਖਦੀ ਸੀ ਅਸੀ ਭੁਖੇ ਤਿਹਾਏ ਮਰੇ ਜਾਂਦੇ ਹਾਂ ੩੬ ਘੰਟੇ ਖਾਧੇ ਪੀਤੇ ਗੁਜਰ ਗਏ ਸਨ ਗੋਲਾ ਬਰੂਦ ਕੁਛ ਪਾਸ ਨਹੀਂ ਸੀ ਜੇ ਓਸ ਵੇਲੇ ਹਮਲਾ ਹੁੰਦਾ ਤਾਂ ਗਾਫ ਸਾਹਿਬ ਅਤੇ ਹਾਰਡਿੰਗ ਸਾਹਿਬ ਓਸਦੇ ਰੋਕਣ ਦੀਆਂ ਤਦਬੀਰਾਂ ਕਰਦੇ ਪਰ ਫੇਰ ਵੀ ਅੰਗ੍ਰੇਜ਼ੀ ਫੌਜ ਤੇ ਬੜੀ ਔਖੀ ਬਣਦੀ, ਹਿੰਦੁਸਤਾਨ ਵਿਚ ਕਦੇ ਕੋਈ ਐਸਾ ਦੁਸ਼ਮਨ ਓਸਦੇ ਸਾਹਮਣੇ ਲੜਨ ਨਹੀਂ ਆਇਆ ਰੱਬ ਦੀ ਕਿਰਪਾ ਨਾਲ ਆਈ ਹੋਈ ਬਲਾ ਸੁਖ ਨਾਲ ਲੰਘ ਗਈ।

• ਦੋਹਾਂ ਪਾਸਿਆਂ ਦੀਆਂ ਫੌਜਾਂ *ਦਾ ਨੁਕਸਾਨ

ਜਿੱਤ ਬੜੀ ਮੁਸ਼ਕਲ ਨਾਲ ਹੋਈ ਗਾਫ ਸਾਹਿਬ ਲਿਖਦੇ ਹਨ ਭਾਵੇਂ ਦੁਸ਼ਮਨਾਂ ਵਿਚ ਬੜਾ ਭਾਰਾ ਖੌਫ ਵਾਲਾ ਕਤਲ ਹੋਇਆ ਪਰ ਸਾਡਾ ਨੁਕਸਾਨ ਐਨਾ ਹੋਇਆ ਕਿ ਹਿੰਦੁਸਤਾਨ ਦੀ ਕਿਸੇ ਲੜਾਈ ਵਿਚ ਨਹੀਂ ਹੋਇਆ।੨੪੧੫ ਸਪਾਹੀਆਂ ਦਾ ਨੁਕਸਾਨ ਹੋਇਆ ਜਿਨ੍ਹਾਂ ਵਿਚੋਂ ੬੯੪ ਵਢੇ ਗਏ ਇਸ ਲੜਾਈ ਵਿਚ ਸਾਰਿਆਂ ਤੋਂ ਬਹੁਤੀਆਂ ਜਾਂਨਾ ਗੋਰਿਆਂ ਦੀਆਂ ਗਈਆਂ ਇਸ ਲੜਾਈ ਵਿਚ ਓਹ ਜਾਨ ਲੜਾਕੇ ਲੜੇ ਅਤੇ ਓਨ੍ਹਾਂ ਦੇ ਸਿਰਤੇ ਜਿਤ ਦਾ ਸਿਹਰਾ ਹੈ ਇਹ ਲੜਾਈ ਐਸੀ ਭਾਰੀ ਸੀ ਕਿ ਹਿਨਰੀ ਹਾਰਡਿੰਗ ਨੇ ੨੧ ਦਸੰਬਰ ਦੀ ਰਾਤ ਨੂੰ ਹਿਓਲਕ ਨੂੰ ਆਖਿਆ ਜੇ ਏਹੋ ਜਹੀ ਦੂਜੀ ਲੜਾਈ ਹੋਈ ਤਾ ਰਾਜ ਬਰਬਾਦ ਹੋਜਾਊਗਾ ਇਸ ਆਖਣ ਦੀ ਗੂੰਜ ਹੋਰ ਅੰਗ੍ਰੇਜ਼ਾਂ ਦਿਆਂ ਦਿਲਾਂ ਤੀਕ ਅਪੜੀ ਅਤੇ ਓਨ੍ਹਾਂ ਤੇ ਬੜਾ ਅਸਰ ਕੀਤਾ ਇਸ ਲੜਾਈ ਵਿਚ ਫੌਜ ਦਾ ਸੱਤਵਾਂ ਹਿਸਾ ਬੇਕਾਰ ਹੋਗਿਆ, ਮੇਜਰ ਬਰੋਡਫੁਟ ਪੋਲੀਟੀਕਲ ਅਫਸਰ ਅਤੇ ਟੋਟ ਸਾਹਿਬ ਹਰਾਤ ਦੇ ਨਾਮਵਰ ਅਤੇ ਬਰਗੇਡੀਅਰ ਵਾਲ ਲੈਨ ਮਾਰੇ ਗਏ ਸਿਖਾਂ ਦੇ ਨੁਕਸਾਨ ਦਾ ੮ ਹਜ਼ਾਰ ਦਾ ਅੰਦਾਜ਼ਾ ਕੀਤਾ ਗਿਆ,. ਫੀਰੋਜ ਸ਼ਹਿਰ ਦੀ ਜਿੱਤ ਬੜੀ ਭਾਰੀ ਸੀ ਇਸਨੇ ਖਾਲਸਾ ਫੌਜ ਨੂੰ ਬੇਦਲ ਕਰ ਦਿਤਾ ਅਤੇ ਤੋਪਖਾਨਿਆਂ ਤੋਂ ਖਾਲੀ ਕਰ ਦਿਤਾ ਇਸਦੇ ਪਿਛੋਂ ਤੇਜ ਸਿੰਘ ਗਵਰਨਰ ਜਨਰਲ ਕੋਲ ਸੁਲਾਹ ਦੀਗਲ ਬਾਤ ਕਰਨ ਆਇਆ ਤਾਂ ਗਵ੍ਰਨਰ ਜਨਰਲ ਨੇ ਆਖਿਆ ਸੁਲਾ ਓਨਾਂ ਚਿਰ ਨਹੀਂ ਹੋਊਗੀ ਜਿਨਾਂ ਚਿਰ ਫੌਜ ਰਾਜਧਾਨੀ ਵਿਚ ਦਾਖਲ ਨ ਹੋਊਗੀ।

---

*ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ ਸਿੰਘਾਂ ਨਾਲ ਸੀ ਓਸਦੀ ਗੈਰ ਸਾਲੀ
ਓਹ ਤਾ ਭਜੱਕੇ ਲਾਟ ਨੂੰ ਜਾਇ ਮਿਲਿਆ ਗੱਲ ਜਾਇ ਦੱਸੀ ਸਾਰੀ ਭੇਤ ਵਾਲੀ
ਏਥੋਂ ਹਰਨ ਹੋ ਗਿਆ ਹੈ ਖਾਲਸਾ ਜੀ ਚੌਦਾਂ ਹੱਥਾਂ ਦੀ ਮਾਰਕੇ ਜਾਨ ਛਾਲੀ
ਸ਼ਾਹ ਮੁਹੰਮਦਾ ਸਾਥ ਲੈ ਸਿਲੇਖਾਨੇ ਛੱਡ ਗਏ ਨੀ ਸਿੰਘ ਮੈਦਾਨ ਖਾਲੀ

*ਗਵਰਨਰ ਜਨਰਲ ਦਾ ਇਸ਼ਤਿਹਾਰ ੩੧ਦਸੰਬਰ ੧੮੪੫

੩੧ ਦਸੰਬਰ ਨੂੰ ਗਵਰਨਰ ਜਨਰਲ ਨੇ ਫੇਰੂ ਸ਼ਹਿਰ ਤੋਂ ਇਹ ਇਸ਼ਤਿਹਾਰ ਦਿੱਤਾ ਕਿ ਬ੍ਰਿਟਿਸ਼ ਗੌਰਮਿੰਟ ਨੇ ਲਹੌਰ ਗੌਰਮਿੰਟ ਨੂੰ ਕੋਈ ਜੋਸ਼ ਨਹੀਂ ਦੁਆਇਆ ਜਾਂ ਜੰਗ ਦੀ ਗਲ ਨਹੀਂ ਕੀਤੀ ਸਿਖਾਂ ਦੀ ਭਾਰੀ ਫੌਜ ਜਿਸ ਨੇ ਅੰਗਰੇਜ਼ੀ ਰਾਜ ਤੇ ਹਮਲਾ ਕੀਤਾ ਸੀ ਸਤਲੁਜ ਦੇ ਪਾਰ ਹਟਾ ਦਿੱਤੀ ਗਈ ਹੈ ਇਸ ਕਰਕੇ ਬ੍ਰਿਟਸ਼ ਗੌਰਮਿੰਟ ਨੂੰ ਜ਼ਰੂਰੀ ਹੈ ਕਿ ਓਹ ਐਸੀਆਂ ਤਦਬੀਰਾਂ ਕਰੇ ਜਿਨਾਂ ਨਾਲ ਬਗੈਰ ਜੋਸ਼, ਗੁੱਸੇ ਦੇ ਹਮਲਾ ਕਰਨ ਵਾਲਿਆਂ ਨੂੰ ਸਜ਼ਾ ਮਿਲੇ ਅਤੇ ਅੱਗਾਂ ਵਾਸਤੇ ਪੰਜਾਬ ਦੀ ਗੌਰਮਿੰਟ ਅਤੇ ਫੌਜ ਵਿਚ ਏਸ ਕਿਸਮ ਦੀ ਦਗਾਬਾਜ਼ੀ ਰੋਕੀ ਜਾਵੇ ਹਿੰਦੁਸਤਾਨ ਦੇ ਲੋਕ ਜਿਹੜੇ ਗੌਰਮਿੰਟ ਲਹੌਰ ਦੀ ਨੌਕਰੀ ਕਰਦੇ ਸਨ ਓਹ ਨੌਕਰੀ ਛਡਕੇ ਗਵਰਨਰ ਜਨਰਲ ਦੇ ਹੁਕਮ ਵਿਚ ਆਜਾਣ ਅਤੇ ਓਨਾਂ ਨੂੰ ਹੁਕਮ ਦਿਤਾ ਜਾਂਦਾ ਹੈ ਕਿ ਓਹ ਸਤਲੁਜ ਦੇ ਓਸ ਬੰਨੇ ਆ ਜਾਣ ਜੇਹੜਾ ਅੰਗ੍ਰੇਜ਼ੀ ਰਾਜ ਵਿਚ ਹੈ ਅਤੇ ਅਪਣੇ ਔਣ ਦੀ ਖਬਰ ਦੇਣ ਜੇ ਇਹ ਹੁਕਮ ਨਾ ਮੰਨਣਗੇ ਤਾਂ ਓਹ ਬ੍ਰਿਟਸ਼ ਗੌਰਮਿੰਟ ਦੀ ਮੱਦਤ ਤੋਂ ਬੇ ਨਸੀਬ ਰਹਿਣਗੇ ਅਤੇ ਆਪਣੇ ਮੁਲਕ ਦੇ ਦਗਾ ਦੇਣ ਵਾਲੇ ਅਤੇ ਬ੍ਰਿਟਸ਼ ਗੌਰਮਿੰਟ ਦੇ ਆਕੀ ਸਮਝੇ ਜਾਣਗੇ।

ਰਣਜੋਧ ਸਿੰਘ ਦਾ ਸਤਲੁਜ ਪਾਰ ਉਤਰਨਾ ਅਤੇ ਲੁਧਿਆਣੇ ਨੂੰ ਧਮੋਣਾ

ਸਤਲੁਜ ਦੀ ਫੌਜ ਅੰਗ੍ਰੇਜ਼ੀ ਇਕ ਮਹੀਨਾ ਇਸ ਉਡੀਕ ਵਿਚ ਬੇ ਕੰਮ ਪਈ ਰਹੀ ਕਿ ਫੌਜੀ ਹਥਿਆਰ ਅਤੇ ਖੁਰਾਕ ਉਸ ਦੇ ਪਾਸ ਆਵੇ, ਦੁਸ਼ਮਨ ਨੇ ਇਸ ਲੜਾਈ ਨੂੰ ਅਗਾਂ ਪੌਣ ਨੂੰ ਦੁਸ਼ਮਨ ਦੀ ਕਮਜ਼ੋਰੀ ਜਾਣਿਆਂ ਓਸ ਨੂੰ ਜਨਵਰੀ ਦੇ ਵਿਚਕਾਰ ਸਤਲੁਜ ਦੇ ਉਪਰਲੇ ਹਿਸੇ ਨੂੰ ਜਿੱਤਣ ਦਾ ਇਰਾਦਾ ਕੀਤਾ ਸਿਖਾਂ ਦੀ ਇਕ ਭਾਰੀ ਫੌਜ ਨੂੰ ਰਣਜੋਧ ਸਿੰਘ ਮਜੀਠੀਆ (ਸਰਦਾਰ ਲਹਿਣਾ ਸਿੰਘ ਦਾ ਭਰਾ) ਸਤਲੁਜ ਦੇ ਪਾਰ ਫਲੌਰੋਂ ਉਤਰਿਆ ਇਸ ਦੇ ਕੋਲ ਸੱਤਰ ਤੋਪਾਂ ਦਾ ਤੋਪਖਾਨਾ ਸੀ ਲੁਧਿਆਣੇ ਦੀ ਸਰਹੱਦ ਨੂੰ ਧਮਕਾਇਆ ਜਿਸ ਵਿਚ ਅੰਗ੍ਰੇਜ਼ੀ ਫੌਜ ਘਟ ਸੀ, ਲਡੋਆ ਦਾ ਛੋਟਾ ਜਿਹਾ ਰਾਜ ਜਿਹੜਾ ਅੰਗ੍ਰੇਜ਼ਾਂ ਦਾ ਯਾਰ ਸੀ ਰਣਜੋਧ ਸਿੰਘ ਨਾਲ ਜਾ ਮਿਲਿਆ ੧੯ ਜਨਵਰੀ ਨੂੰ ਸਰਹਿਨਰੀ ਸਮਿਥ ਨੇ

---

*ਜੰਗ ਹਿੰਦ ਪੰਜਾਬ ਦਾ ਹੋਣ ਲਗਾ ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ
ਅੱਜ ਹੋਵੇ ਸਰਕਾਰ ਤਾਂ ਮੁਲ ਪਾਵੇ ਜੇੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ
ਸਣੇ ਆਦਮੀ ਗੋਲੀਆਂ ਨਾਲ ਉੱਡਨ ਹਾਥੀ ਢਾਉਂਦੇ ਸਣੇ ਅੰਬਾਰੀਆਂ ਨੀ
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿੱਤਕੇ ਅੰਤ ਨੂੰ ਹਾਰੀਆਂ ਨੀ

ਕਿਲਾ ਧਰਮ ਕੋਟ ਲੈ ਲਿਆ ਕਿਸੇ ਨੇ ਮੁਕਾਬਲਾ ਨਹੀਂ ਕੀਤਾ।ਲੁਧਿਆਣੇਂ ਦੀ ਮੱਦਦ ਲਈ ਸਵਾਰ ਅਠਾਰਾਂ ਤੋਪਾਂ ਦੇ ਨਾਲ ਘਲੇ ਗਏ ਸਨ, ਕਿਲਾ ਬੱਦੂਵਾਲ ਜਿਸ ਵਿਚ ਰਣਜੋਧ ਸਿੰਘ ਨੇ ਥੋੜੀ ਜਹੀ ਫੌਜ ਛਡੀ ਹੋਈ ਸੀ ਰਾਹ ਵਿਚ ਔਂਦਾ ਸੀ ਪਰ ਏਸ ਤੋਂ ਪਹਿਲਾਂ ਕਿ ਏਹ ਅੰਗ੍ਰੇਜ਼ੀ ਅਫਸਰ ਏਥੇ ਆਵੇ ਦਸ ਹਜ਼ਾਰ ਫੌਜ ਇਸਦੀ ਮੱਦਦ ਨੂੰ ਆਗਈ। ਸਰ ਹਿਨਰੀ ਸਮਿਥ ਐਸੀ ਲੜਾਈ ਤੋਂ ਜਿਸ ਵਿਚ ਫੌਜ ਦੀ ਗਿਣਤੀ ਬਹੁਤ ਘਟ ਸੀ ਬਚਨਾ ਚਾਹੁੰਦਾ ਸੀ ਓਹ ਲੁਧਿਆਣੇ ਸਿਖਾਂ ਦੀ ਫੌਜ ਤੋਂ ਦੂਰ ਕਤਰੌਂਦਾ ਹੋਇਆ ਚਲਿਆ ਜਾਂਦਾ ਸੀ ਕਿ ਸਿੱਖਾਂ ਨੇ ਇਸ ਨਾਲ ਲੜਨ ਦਾ ਇਰਾਦਾ ਕੀਤਾ ਜਿਸ ਵੇਲੇ ਅੰਗ੍ਰੇਜ਼ੀ ਫੌਜ ਦਿਸੀ ਓਸੇ ਵੇਲੇ ਗੋਲੇ ਮਾਰਨੇ ਸ਼ੁਰੂ ਕੀਤੇ ਬੜੀ ਤੇਜੀ ਨਾਲ ਲੜਾਈ ਹੋਈ ਜਿਸ ਵਿਚ ਅੰਗ੍ਰੇਜ਼ੀ ਫੌਜ ਨੂੰ ਹਾਰ ਹੋਈ ਸਿਖਾਂ ਦੇ ਹਥ ਓਨ੍ਹਾਂ ਦੀਆਂ ਖੁਰਜੀਆਂ ਅਤੇ ਭਾਰ ਢੋਣ ਦੇ (ਪਸ਼ੂ) ਜਾਨਵਰ ਹਥ ਆਏ, ਬ੍ਰਗੇਡੀਆ ਕਿਓਰਟਨ ਧਰਮ ਕੋਟ ਤੋਂ ਸਵਾਰ ਲੈਕੇ ਫੌਜ ਦੀ ਮਦਦ ਲਈ ਆਗਏ ਜਿਸਕਰਕੇ ਓਹ ਬਿਲਕੁਲ ਤਬਾਹ ਹੋਣ ਤੋਂ ਜਾਂ ਬਹੁਤੇ ਨੁਕਸਾਨ ਤੋਂ ਬਚ ਗਈ, ਓਹ ੨੧ ਜਨਵਰੀ ਨੂੰ ਲੁਧਿਆਣੇ ਅਪੜ ਗਏ ਪਰ ਲੜਾਈ ਵਿਚ ਓਨਾਂ ਦੇ ੬੯ ਸਪਾਹੀ ਮਾਰੇ ਗਏ, ੬੮ ਜ਼ਖਮੀ ਹੋਏ, ੭੭ ਭੱਜ ਗਏ ਕਈ ਕੈਦ ਹੋਏ ਜਿਨ੍ਹਾਂ ਵਿਚ ਮਿਸਟਰ ਬੈਰਨ ਅਸਿਸਟੰਟ ਸਰਜਨ ਸੀ ਜਿਹੜਾ ਲਹੌਰ ਘਲਿਆ ਗਿਆ।

ਅਲੀਵਾਲ ਦੀ ਲੜਾਈ

ਸਤਲੁੱਜ ਦੇ ਸਜੇ ਬੰਨੇ ਵਲੋਂ ਏਸੇ ਵੇਲੇ ਰਣਜੋਧ ਸਿੰਘ ਦੀ ਮੱਦਦ ਲਈ ਚਾਰ ਹਜ਼ਾ੦ ਕਵਾਇਦ ਜਾਨਣ ਵਾਲੀ ਫੌਜ ੧੨ ਤੋਪਾਂ ਦੀ ਅਤੇ ਬਹੁਤ ਸਾਰੇ ਸਵਾਰਾਂ ਦੀ ਆਗਈ ਓਹ ਜਗਰਾਉਂ ਵਲ ਏਸ ਇਰਾਦੇ ਨਾਲ ਵਧੇ ਕਿ ਬ੍ਰਿਟਸ਼ ਗੌਰਮਿੰਟਦਾ ਔਣਜਾਣ ਦਾ ਰਾਹ ਬੰਦਕਰੀਏ। ਬੱਦੋਵਾਲ ਦੀ ਜਿੱਤਨਾਲ ਸਿਖਤਿੜੇ ਹੋਏ ਸਨ ਅਤੇ ਸ਼ੇਖੀਆਂ ਮਾਰਦੇ ਸਨ ਕਿ ਅਸਾਂ ਅਗ੍ਰੇਜ਼ਾਂ ਨੂੰ ਮਦਾਨੋਂ ਭਜਾ ਦਿਤਾ ਇਸ ਜ਼ਮਾਨੇ ਵਿਚ ਸਰਹਿਨਰੀ ਸਮਿਥ ਦੀ ਮੱਦਤ ਲਈ ਬਰਗੇਡੀਅਰ ਵੇਲਰ ਦਾ ਬਰਗੇਡ ਆਗਿਆ ਅਤੇ ਲੁਧਿਆਣੇ ਦੀ ਫੌਜ ਨਾਲ ਮਿਲਗਿਆ ਅਤੇ ਸਾਰੀ ਫੌਜ ਯਾਰਾਂ ਹਜਾਰ ਹੋਗਈ ਅਤੇ ਓਸਦੇ ਨਾਲ ੩੨ ਤੋਪਾਂ ਸਨ, ੨੮ ਜਨਵਰੀ ੧੮੪੬ਨੂੰ ਦਿਨੇ ਇਸ ਫੌਜਦੇਨਾਲ ਓਹਦੁਸ਼ਮਨਤੇ ਹਮਲਾ ਕਰਨਲਈ ਵਧਿਆ ਜੇਹੜੇ ਅਲੀਵਾਲ ਵਿਚ ਕਠੇ ਸਨ ਜਿੰਨਾਂ ਦੀ ਗਿਨਤੀ ੧੫੦੦੦ ਅਤੇ ੫੬ ਤੋਪਾਂ ਸਨ। ਜਦੋਂ ਅੰਗ੍ਰੇਜ਼ੀ ਫੌਜ ਦੁਸ਼ਮਨ ਨੂੰ ਦਿਸੀ ਤਾਂ ਪਾਰ ਲੈਣਾ ਤੇ ਤੋਪਾਂ ਦੇ ਗੋਲੇ ਮਾਰਨੇ ਸ਼ੁਰੂ ਕੀਤੇ ਇਕ ਬੜੀ ਲੜਾਈ ਹੋਈ ਜਿਸ ਵਿਚ ਸੰਗੀਨਾ ਅਤੇ ਤਲਵਾਰਾਂ ਨੇ ਆਪਣੀ ਚਮਕ ਵਖਾਈ ਘੱਟਾ ਨਹੀਂ ਸੀ ਉਡਦਾ ਧੁਪ ਬੜੀ ਨਿਕਲੀ ਹੋਈ। ਸੀ ਇਸ ਵਿਚ ਹਥਿਆਰਾਂ ਦੀ ਚਮਕ ਬੜੀ ਸੋਹਣੀ ਲਗਦੀ

ਸੀ ਅੰਗ੍ਰੇਜ਼ੀ ਫੌਜ ਨੂੰ ਦੁਸ਼ਮਨ ਦੀ ਵਰਦੀ ਅੱਗ ਵਿਚ ਥੋੜੇ ਮਿੰਟ ਹੀ ਠੈਹਰਨਾ ਪਿਆ ਸੀ ਕਿ ਇਕ ਬਰਗੇਡ ਇਨ੍ਹਾਂ ਦੀ ਮੱਦਦ ਨੂੰ ਆਗਿਆ ਫੇਰ ਓਸਨੇ ਹਮਲਾ ਕਰਕੇ ਅਲੀਵਾਲ ਨੂੰ ਲੈਲਿਆ ਪਰ ਸਿਖ ਲੜਾਈ ਦੇ ਮਦਾਨ ਵਿਚ ਜੰਮੇਂ ਰਹੇ ਅਤੇ ਬੜੀ ਸਾਬਤ ਕਦਮੀ ਨਾਲ ਲੜਦੇ ਰਹੇ, ਕਈ ਵਾਰੀ ਓਹ ਅੰਗ੍ਰੇਜ਼ੀ ਫੌਜ ਨਾਲ ਹਥੋ ਹਥੀ ਪੈਗਏ। ਪੈਦਲਾਂ ਨੇ ਜੋ ਸੋਲ੍ਹਵੇਂ ਰਸਾਲੇ ਤੇ ਹਮਲਾ ਕੀਤਾ ਤਾਂ ਬੰਦੂਕਾਂ ਨੂੰ ਛਡ ਦਿੱਤਾ, ਤਲਵਾਰਾਂ ਅਤੇ ਨੇਜ਼ਿਆਂ ਨਾਲ ਲੜਨਾ ਸ਼ੁਰੂ ਕੀਤਾ, ਸਿਖਾਂ ਦਾ ਬੜਾ ਮਜ਼ਬੂਤ ਮੁਕਾਬਲਾ ਕਿਸੇ ਕੰਮ ਨ ਆਇਆ ਅੰਗ੍ਰੇਜ਼ ਇਕ ਮੁਕਾਮ ਤੋਂਦੂਸਰੇਮੁਕਾਮ ਤੇ ਹਮਲਾਕਰਦੇ ਗਏ ਅਤੇ ਓਨ੍ਹਾਂਦੀਆਂਤੋਪਾਂ ਖੋਂਹਦੇਗਏ, ਅੰਤਨੂੰ ਜਨਰਲ ਕੋਰਟਨ ਦਿਆਂ ਸਵਾਰਾਂ ਨੇ ਤੀਜੀਵਾਰ ਸਿਖਾਂ ਨੂੰ ਭਜਾ ਦਿਤਾ ਅਤੇ ਓਹ ਦਰਿਆ ਪਾਰ ਭਜ ਗਏ, ਕਈ ਡਬ ਗਏ, ਕਈ ਜਿਹੜੇ ਬੇੜੀਆਂ ਤੇ ਚੜ੍ਹੇ ਹੋਏ ਸਨ ਅੰਗ੍ਰੇਜ਼ਾਂ ਨੇ ਓਨ੍ਹਾਂ ਤੇ ਤਕ ਤਕ ਕੇ ਨਸ਼ਾਨੇ ਮਾਰੇ ਓਹ ਭੀ ਮੌਤ ਦੀ ਬੇੜੀ ਤੇ ਚੜ੍ਹ ਗਏ। ਬਹੁਤ ਸਾਰੇ ਮੁਰਦੇ ਜੇਹੜੇ ਤਰਦੇ ਜਾਂਦੇ ਸਨ ਓਨ੍ਹਾਂ ਦੇ ਵੇਖਣ ਨਾਲ ਡਰ ਔਂਦਾ ਸੀ, ਦੁਸ਼ਮਣ ਦੀਆਂ ਤੋਪਾਂ ੨੧ ਖੋਹ ਲਈਆਂ ਗਈਆਂ ਕੀ ਓਨ੍ਹਾਂ ਵਿਚ ਮੇਖਾਂ ਗੱਡ ਦਿਤੀਆਂ ਗਈਆਂ ਜਾਂ ਓਹ ਦਰਿਆ ਵਿਚ ਡੋਬੀਆਂ ਗਈਆਂ। ਇਸ ਤਰਾਂ ਸਿਖਾਂ ਦਾ ਸਾਰਾ ਤੋਪਖਾਨਾ ਬਰਬਾਦ ਹੋਗਿਆ ਓਨ੍ਹਾਂ ਦਾ ਲੜਾਈ ਦਾ ਸਮਾਨ ਖੁਰਾਕ ਜਿਹੜੀ ਓਹ ਮਦਾਨ ਵਿਚ ਲਿਆਏ ਸਨ ਜਿੱਤਣ ਵਾਲਿਆਂ ਦੇ ਹਥ ਆਇਆ। ਕਮਾਂਡਰ ਇਨਚੀਫ ਸਰਕਾਰੀ ਚਿਠੀ ਵਿਚ ਏਸ ਜਿੱਤ ਦਾ ਹਾਲ ਜਿਹੜਾ ਜਮਾਨੇ ਵਿਚ ਯਾਦਗਾਰ ਰਹੂਗਾ ਇਸਤਰਾਂ ਲਿਖਦੇ ਹਨ–"**ਮੇਰੀ ਆਦਤ ਹੈ ਮੈਂ ਉਸਦੀ ਸਿਫਤ ਨਹੀਂ ਕਰਦਾ ਜਿਹੜਾ ਤਾਰੀਫਦੇ ਲੈਕ ਨ ਹੋਵ, ਮੈਂ ਆਪਣੀ ਰਾਏ ਸਹੀਨ ਅਤੇ ਯਕੀਨ ਨੂੰ ਬਿਆਨ ਕਰਦਾ ਹਾਂ ਕਿ ਕਦੇ ਕਿਸੇ ਫੌਜ ਨੇ ਕਿਸੇ ਲੜਾਈ ਵਿਚ ਜਿਹੜੀ ਲਿਖਣ ਵਿਚ ਆਈ ਹੋਵੇ ਇਸਤੋਂ ਜਾਦਾ ਚੰਗਾ ਕੰਮ ਨਹੀਂ ਕੀਤਾ।**" ਅੰਗ੍ਰੇਜ਼ਾਂ ਦਾ ਨੁਕਸਾਨ ਇਹ ਹੋਇਆ-੧੫੧ ਵਢੇਗਏ, ੪੧੩ ਜ਼ਖਮੀ ਹੋਏ, ੨੫ਭਜਗਏ।

ਅਲੀਵਾਲ ਦੀ ਲੜਾਈ ਵਿਚ ਇਹ ਹੋਇਆ ਕਿ ਸਤਲੁੱਜ ਦੇ ਅੰਗ੍ਰੇਜ਼ ਰਾਜੀ ਵਲਦੇ ਕਿਲੇ ਖਾਲੀ ਹੋਗਏ ਅਤੇ ਸਾਰਾ ਮੁਲਕ ਅੰਗ੍ਰੇਜ਼ਾਂ ਦੇ ਕਬਜ਼ੇ ਵਿਚਆਗਿਆ।

ਗੁਲਾਬ ਸਿੰਘ ਦੀ ਭਲਿਆਈ ਦੀ ਗਲ ਬਾਤ

ਅਲੀਵਾਲ ਦੀ ਹਾਰ ਨਾਲ ਦਰਬਾਰ ਲਹੌਰ ਦਾ ਜੀ ਛੁਟ ਗਿਆ, ਲਾਲ ਸਿੰਘ ਵਜ਼ੀਰ ਆਪਣੇ ਮਰਤਬੇ ਤੋਂ ਮੁਅੱਤਲ ਹੋਗਿਆ, ਗੁਲਾਬ ਸਿੰਘ ਜੰਮੂ ਤੋਂ ੨੭ ਜਨਵਰੀ ੧੮੪੬ ਨੂੰ ਲਾਹੌਰ ਵਿਚ ਸਦਿਆ ਆਇਆ ਓਸ ਨੇ ਫੌਜ ਨੂੰ

ਸਮਝਾਇਆ ਕਿ ਇਹ ਓਸ ਦੀ ਬੇਵਕੂਫੀ ਸੀ ਕਿ ਓਸਨੇ ਹਿੰਦੁਸਤਾਨ ਨੂੰ ਜਿੱਤਣ ਵਾਲਿਆਂ ਤੇ ਜਿੱਤਣ ਦੀ ਉਮੇਦ ਕੀਤੀ ਫੇਰ ਓਸ ਨੇ ਸਰਹਿਨਰੀ ਹਾਰ-ਡਿੰਗ ਨਾਲ ਭਲਿਆਈ ਦੇ ਸਲਾਮ ਸੁਨੇਹੇਂ ਸ਼ੁਰੂ ਕੀਤੇ, ਗਵਰਨਰ ਜਨਰਲ ਨੇ ਆਖਿਆ ਕਿ ਓਹ ਰਾਜੀਨਾਵਾਂ ਕਰਨ ਤੇ ਏਸ ਸ਼ਰਤ ਤੇ ਰਾਜੀ ਹਨ ਕਿ ਸਿਖਾਂ ਦਾ ਰਾਜ ਪੰਜਾਬ ਵਿਚ ਕੈਮ ਰਹੇ ਪਰ ਫੌਜ ਖਾਲਸਾ ਮਾਕੂਫ ਕੀਤੀ ਜਾਵੇ, ਗੁਲਾਬ ਸਿੰਘ ਨੇ ਦਸਿਆ ਕਿ ਇਸ ਫਸਾਦੀ ਫੌਜ ਦੇ ਮੌਕੂਫ ਕਰਨ ਵਿਚ ਅਸੀਂ ਬੇ ਅਖਤਿਆਰ ਹਾਂ ਫੌਜ ਖਾਲਸਾ ਸਾਰਿਆਂ ਤੇ ਗਾਲਬ ਹੈ ਓਹ ਕਿਸੇ ਦੀ ਅਧੀਨ ਨਹੀਂ।

ਸਭਰਾਵਾਂ ਵਿਚ ਸਿਖਾਂ ਦਾ ਮੋਰਚੇ ਬਨੌਣਾ

ਇਸ ਵਲੇ ਸਿਖ ਨਵੀਂ ਲੜਾਈ ਲਈ ਬੜੀ ਕੋਸ਼ਿਸ਼ ਨਾਲ ਤਿਆਰੀਆਂ ਕਰ ਰੱਹੇ ਸਨ, ਸਤਲੁਜ ਦੇ ਸਜੇ ਬੰਨੇ ਓਹ ਰਹਿੰਦੇਸਨ ਅਤੇ ਖਬੇ ਬੰਨੇ ਖੌਫਨਾਕ ਮੋਰਚੇ ਜਮਾ ਰਹੇ ਸਨ ਇਕ ਬੜਾ ਹੁਨਰ ਮੰਦ ਸਪੇਨ(ਮੁਲਕ)ਦਾ ਅਫਸਰ ਹਿਓਰਪਾ ਇਨਾਂ ਦੇ ਕੋਲ ਸੀ, ਜਿਸ ਦੇ ਜ਼ਰੀਏ ਫੀਰੋਜ਼ਪੁਰੋਂ ੨੦ ਮੀਲ ਦੇ ਫਾਸਲੇ ਤੇ ਸਭ-ਰਾਵਾਂ ਵਿਚ ਗੋਲ ਦਾਇਰੇ ਦੀ ਸ਼ਕਲ ਦਾ ਬਣਾਯਾ ਸੀ ਜਿਸ ਦਾ ਆਸਰਾ ਦਰਿਆ ਸੀ ਅਤੇ ਓਸ ਦੇ ਉਦਾਲੇ ਇਕ ਖਾਈ ਸੀ ਅਤੇ ਦਰਿਆ ਤੇ ਪੁਲ ਬਨਾਇਆ ਸੀ ਇਨਾਂ ਵਡੇ ਵਡੇ ਕੰਮਾਂ ਦੀ ਅੰਗ੍ਰੇਜ਼ਾਂ ਨੇ ਏਸ ਦੀ ਤਫਤੀਸ਼ ਕਰ ਲਈ ਸੀ ਕਿ ਓਹ ਢਾਈ ਮੀਲ ਤੀਕ ਫੈਲੇ ਹੋਏ ਸਨ ਅਤੇ ਬੜੇ ਜ਼ੋਰਾਵਰ ਤੋਪ ਖਾਨੇ ਲਗੇ ਹੋਏ ਸਨ ਅਤੇ ਦਰਿਆ ਉਤੇ ਰਾਜ ਕਰਦੇ ਸਨ ਸਿਖਾਂ ਦੀ ਫੌਜ ਵਿਚ ੩੫ ਹਜਾਰ ਸਪਾਹੀ ਲੜਨ ਵਾਲੇ ਸਨ ੬੧ ਤੋਪਾਂ ਸਨ। ਦਰਿਆ ਦੇ ਪਾਰ ਇਕ ਹੋਰ ਫੌਜ ਮਦਦ ਲਈ ਤਿਆਰ ਸੀ ਅਤੇ ਦਰਿਆ ਤੇ ਤੋਪਾਂ ਅੰਗ੍ਰੇਜ਼ੀ ਫੌਜ ਵਲ ਲਗੀਆਂ ਹੋਈਆਂ ਸਨ। ਅੰਗ੍ਰੇਜ਼ਾਂ ਨੇ ਸਿਖਾਂ ਦੇ ਦਮਦਮੇ ਤੇ ਹਮਲਾ ਕਰਨਾ ਇਸ ਕਰਕੇ ਬੰਦ ਰਖਿਆ ਕਿ ਦਿੱਲੀ ਦੇ ਮੈਗਜ਼ੀਨ ਅਤੇ ਕਿਲੇ ਤੋੜਨ ਵਾਲੀਆਂ ਭਾਰੀਆਂ ਤੋਪਾਂ ਦੀ ਉਡੀਕ ਸੀ ਇਹ ਸਾਮਾਨ ੭ ਅਤੇ ੮ ਫਰਵਰੀ ਨੂੰ ਆ ਗਿਆ ਫੇਰ ਜੇਹੜੇ ਬਰਗੇਡ ਲੁਧਿਆਣੇ ਦੀ ਮਦਦ ਲਈ ਘਲੇ ਸਨ ਓਹ ਵੀ ਭਾਰੀ ਫੌਜ ਵਿਚ ਮਿਲ ਗਏ ਹੁਣ ਸਾਰੀ ਫੌਜ ੧੫੦੦੦ ਹਜਾਰ ਹੋਗਈ ਜਿਹਦੇ ਵਿਚੋਂ ੫੦੦੦ ਗੋਰੇ ਸਨ।

ਸਭਰਾਵਾਂ ਦੀ ਲੜਾਈ

ਅੱਲੀਵਾਲ ਦੀ ਲੜਾਈ ਨਾਲ ਸਿਖਾਂ ਦੀ ਫੌਜ ਦਾ ਦਿਲ ਟੁਟਾ ਜਿਹਾ ਅਤੇ ਠਿਠਰਿਆ ਜਿਹਾ ਸੀ ਅਤੇ ਅੰਗ੍ਰੇਜ਼ੀ ਫੌਜ ਦਾ ਦਿਲ ਆਪਣੀਆਂ ਜਿੱਤਾਂ ਕਰਕੇ ਖਿੜਿਆ ਹੋਇਆ ਸੀ ਓਨਾਂ ਨੂੰ ਯਕੀਨ ਸੀ ਕਿ ਅਸੀ ਜਿੱਤਾਂ ਗੇ ਸਿਖਾਂ ਦਿਆਂ ਅਫਸਰਾਂ ਵਿਚ ਮਿਲਾਪ ਨਹੀਂ ਸੀ ਇਨਾਂ ਦੀ ਬਾਬਤ **ਲਾਰਡ ਕੈਨਿਘਮ**

ਸਾਹਿਬ ਨੇ ਸੱਚ ਆਖਿਆਹੈ:–'ਸਪਾਹੀ ਹਰ ਇਕ ਕੰਮ ਕਰਦੇ ਸਨ ਪਰ ਅਫਸਰ ਕੋਈ ਕੰਮ ਨਹੀਂ ਕਰਦੇ ਸਨ, ਬਹੁਤ ਸਾਰੇ ਦਿਲ ਦਿਲਾਵਰੀ ਕਰਨ ਨੂੰ ਅਤੇ ਬਹੁਤ ਸਾਰੇ ਹਥ ਕੰਮ ਕਰਨ ਨੂੰ ਮੌਜੂਦ ਸਨ ਪਰ ਕੋਈ ਦਿਮਾਗ ਨਹੀਂ ਸੀ ਜਿਹੜਾ ਓਨਾਂ ਨੂੰ ਰਾਹ ਦੱਸਦਾ ਅਤੇ ਫੌਜ ਵਿਚ ਜਾਨ ਪਾ ਦਿੰਦਾ। ਅੰਗ੍ਰੇਜ਼ੀ ਫੌਜ ਜਿਸ ਵੇਲੇ ਹਾਥੀਆਂ ਨੂੰ ਵੇਖਦੀ ਕਿ ਓਹ ਓਨਾਂ ਲਈ ਭਾਰੀਆਂ ਭਾਰੀਆਂ ਤੋਪਾਂ ਲਿਔਂਦੇ ਹਨ ਤਾਂ ਓਹ ਰਾਜੀ ਹੁੰਦੇ ਹੁਣ ਪੇਸ਼ ਕਦਮੀ ਲਈ ਕਿਸੇ ਚੀਜ ਦੀ ਕਸਰ ਬਾਕੀ ਨਹੀਂ ਸੀ। ਦਸਵੀਂ ਫਰਵਰੀ ਨੂੰ ਅਲੀਵਾਲ ਦੀ ਲੜਾਈ ਦੇ ੧੨ ਦਿਨ ਮਗਰੋਂ ਸਿਖਾਂ ਦੇ ਪਕੇ ਦਮਦਮੇ ਤੇ ਹਮਲੇ ਦੀਆਂ ਤਜਵੀਜਾਂ ਹੋਈਆਂ ਇਸ ਤ੍ਰੀਕ ਦੀ ਸਵੇਰ ਨੂੰ ਨਰਾਜ਼ਗੀ ਪੈਗਈ ਇਸ ਵਿਚ ਫੌਜ ਦੇ ਵਧਣ ਦੀਆਂ ਸਾਰੀਆਂ ਤਿਆਰੀਆਂ ਹੋਗਈਆਂ ਅਤੇ ਦੁਸ਼ਮਨਾਂ ਨੂੰ ਕੋਈ ਖਬਰ ਨ ਹੋਈ ਦਮਦਮੇ ਦੇ ਪੱਕੇ ਮੁਕਾਮਾਂ ਤੇ ਜਿਹੜੇ ਤੇਜ ਸਿੰਘ ਦੇ ਬੰਦੋਬਸਤ ਵਿਚ ਸਨ ਤੋਪਾਂ ਲਾਈਆਂ ਗਈਆਂ ਲਾਲ ਸਿੰਘ ਆਪਣੇ ਸਵਾਰਾਂ ਨਾਲ ਦਰਿਆ ਦੇ ਉਤਲੇ ਬੰਨੇ ਕੰਮ ਸੀ ਸਿਖਾਂ ਦੇ ਮਰੇ ਹੋਏ ਦਿਲ ਵਿਚ ਇਸ ਗਲ ਨਾਲ ਜਾਨ ਆ ਗਈ ਕਿ ਓਨਾਂ ਨੇ ਅੰਗ੍ਰੇਜ਼ਾਂ ਦੇ ਓਸ ਮੁਕਾਮ ਨੂੰ ਲੈ ਲਿਆ ਹੈਜਿਥੋਂ ਓਹ ਸਿਖਾਂ ਦੀ ਫੌਜ ਨੂੰ ਦੇਖਦੇ ਭਾਲਦੇ ਸਨ ਅਤੇ ਜਿਸ ਨੂੰ ਓਨਾਂ ਰਾਤ ਤੇ ਦਿਨ ਪਹਿਰੇ ਛਡ ਦਿਤਾ ਬੁਢਾ ਅਤੇ ਪੁਰਾਣਾ ਤਜਰਬਾਕਾਰ ਆਦਮੀ ਸ਼ਾਮ ਸਿੰਘ ਅਟਾਰੀ ਦਾ ਰਾਜਾ ਸੀ ਸਿਖਾਂ ਨੇ ਆਪਣੇ ਦੇਓ ਵਰਗੇ ਗੁਆਂਢੀ ਨਾਲ ਲੜਨਾ ਸ਼ੁਰੂ ਕੀਤਾ ਪਰ ਇਸ ਦੀਆਂ ਨਸੀਹਤਾਂ ਨੂੰ ਕੌਣ ਸੁਣਦਾ ਸੀ ਇਸ ਨਾ ਉਮੈਦ ਖਾਲਸੇ ਨੂੰ ਆਖਿਆ ਮੇਰਾ ਜੀ ਕਰਦਾ ਹੈ ਮੈਂ ਲੜਾਈ ਵਿਚ ਦੁਸ਼ਮਨ ਨਾਲ ਸਭ ਤੋਂ ਪਹਿਲਾਂ ਲੜਕੇ ਕੌਮ ਰਾਜ ਤੇ ਆਪਣੀ ਜਾਣ ਕੁਰਬਾਨ ਕਰਾਂ।

ਮੈਦਾਨ ਜੰਗ ਦਾ ਹਾਲ

ਸਵੇਰੇ ਸਤ ਵਜੇ ਧੁੰਦ ਦੇ ਹਨੇਰੇ ਵਿਚ ਜਿਸ ਨੇ ਮਦਾਨ ਨੂੰ ਹਰ ਬੰਨਿਓਂ ਘੇਰਿਆ ਹੋਯਾਸੀ ਅੰਗ੍ਰੇਜੀ ਤੋਪਖਾਨਿਆਂ ਨੇ ਗੜਿਆਂ ਵਾਂਙ ਗੋਲੇ ਵਰੌਣੇ ਸ਼ੁਰੂ ਕੀਤੇ ਜਿਹੜੇ ਹਰ ਬੰਨੇ ਮੌਤ ਨੂੰ ਦੁਸ਼ਮਨ ਦੇ ਕੋਲ ਲਿਔਂਦੇ ਸਨ ਸਿਖ ਵੀ ਇਨ੍ਹਾਂ ਗੋਲਿਆਂ ਦਾ ਜਵਾਬ ਦਿੰਦੇ ਸਨ ਸਾਰੇ ਮਦਾਨ ਉਤੇ ਗੰਧਕ ਦੇ ਧੂੰ ਦੀ ਘਟਾ ਛਾਈ ਹੋਈ ਸੀ ਅਤੇ ਹਥਿਆਰਾਂ ਦਾ ਲੋਹਾ ਅਤੇ ਪਿੱਤਲ ਬਿਜਲੀ ਵਾਂਙੂ ਚਮਕਦਾ ਸੀ, ਦੋਹਾਂ ਪਾਸਿਆਂ ਦੀਆਂ ੧੨੦ ਤੋਪਾਂ ਕਿਆਮਤ ਦਾ ਰੌਲਾ ਪੌਂਦੀਆਂ ਸਨ ੨੦ ਮੀਲ ਤੀਕ ਫੀਰੋਜ਼ਪੁਰ ਵਿਚ ਇਨ੍ਹਾਂ ਦੀ ਅਵਾਜ਼ ਔਂਦੀ ਸੀ, ਹੁਣ ਮਾਲੂਮ ਹੋਇਆ ਕਿ ਲੜਾਈ ਦਾ ਫੈਸਲਾ ਬੰਦੂਕਾਂ ਅਤੇ ਸੰਗੀਨਾਂ ਦੇ ਹਥ ਵਿਚ ਹੈ ਬਰਗੇਡੀਆ ਸਟੀਸਲੀ ਪਿਆਦਿਆਂ ਅਤੇ ਸਵਾਰਾਂ ਨੂੰ ਲੈਕੇ ਬੜੇ ਹੌਸਲੇ ਨਾਲ ਹਮਲਾ ਕਰਨ ਲਈ ਵਧਿਆ ਅਤੇ ਦੁਸ਼ਮਨਾਂ ਦਿਆਂ ਤੋਪਖਾਨਿਆਂ ਦੇ ਰੂਬਰੂ

੩ ਸੌ ਗਜ ਦੇ ਫਾਸਲੇ ਤੇ ਜਾ ਅਪੜਿਆ।ਭਾਵੇਂ ਇਹ ਪੇਸ਼ ਕਦਮੀ ਹਮਲੇ ਵਾਸਤੇ ਸਾਇੰਸ ਦੇ ਮੁਆਫਕ ਹੋਈ ਪਰ ਸਿਖਾਂ ਦੀਆਂ ਬੰਦੂਕਾਂ ਤੋਪਾਂ ਅਤੇ ਜ਼ੰਬੂਰਕਾਂ ਨੇ ਇਸ ਫੌਜ ਦੇ ਬੜੇ ਹਿਸੇ ਨੂੰ ਪਿਛੇ ਹਟਾ ਦਿਤਾ ਲੜਾਈ ਐਸੇ ਜੋਸ਼ ਨਾਲ ਹੋਈ ਕਿ ਜਿਹੜੀ ਖਿਆਲ ਵਿਚ ਨਹੀਂ ਆ ਸਕਦੀ ਅੰਤ ਨੂੰ ਹੌਸਲੇ ਵਾਲੀ ਬਹਾਦਰ ਅੰਗ੍ਰੇਜ਼ੀ ਫੌਜ ਨੂੰ ਜਿੱਤ ਨਸੀਬ ਹੋਈ ਇਕ ਬੁਢੇ ਦਲੇਰ ਸਰਰੌਬਰਟ ਡਕ ਨੇ ਓਸ ਫੌਜ ਨੂੰ ਜਿਹੜੀ ਪਿਛੇ ਰਹਿੰਦੀ ਸੀ ਨਾਲ ਲੈਕੇ ਐਸੀ ਦਲੇਰੀ ਨਾਲ ਹਮਲਾ ਕੀਤਾ ਕਿ ਓਹ ਦਮਦਮੇ ਦੀ ਖਾਈ ਤੋਂ ਪਾਰ ਲੰਘਕੇ ਫਸੀਲ ਤੇ ਚੜ੍ਹਕੇ ਜਿੱਤ ਦੇ ਨਾਰੇ ਮਾਰੇ। ਬਹਾਦਰ ਸਿਖਾਂ ਨੇ ਬੜਾ ਮੁਕਾਬਲਾ ਕੀਤਾ ਇੰਚ ਇੰਚ ਤੇ ਲੜੇ ਪਰ ਤਕਦੀਰ ਨੇ ਖਾਲਸੇ ਨਾਲੋਂ ਆਪਣਾ ਸਾਥ ਛਡ ਦਿੱਤਾ, ਬਹਾਦ੍ਰਾਨਾ ਤਦਬੀਰਾਂ ਕਿਸੇ ਕੰਮ ਨ ਆਈਆਂ ਹਰ ਬੰਨੇ ਤਬਾਹੀ ਇਨ੍ਹਾਂ ਨੂੰ ਉਡੀਕ ਦੀ ਸੀ ਸਿਖਾਂ ਦੇ ਅਗ ਮਾਰਨ (ਤੋਪਾਂ ਚਲੌਣ ਵਿਚ) ਪਹਿਲਾਂ ਸੁਸਤੀ ਹੋਈ, ਫੇਰ ਬੰਦ ਹੋ ਗਈਆਂ, ਸਭਰਾਵਾਂ ਦਾ ਦਮਦਮਾ ਖਿਆਲ ਕੀਤਾ ਜਾਂਦਾ ਸੀ ਕਿ ਕਿਸੇ ਤਰਾਂ ਜਿਤਿਆ ਨਹੀਂ ਜਾਊਗਾ ਹੁਣ ਓਹ ਅੰਗ੍ਰੇਜ਼ਾਂ ਦੇ ਹਥ ਆਗਿਆ ਧੋਖੇ ਬਾਜ਼ ਤੇਜ ਸਿੰਘ ਜਿਸ ਤਰਾਂ ਪਹਿਲਾਂ ਮਦਾਨ ਤੋਂ ਭਜਗਿਆ ਸੀ ਏਸੇ ਤਰਾਂ ਹੁਣ ਵੀ ਭਜਗਿਆ ਅਤੇ ਪੁਲ ਦੀ ਇਕ ਬੇੜੀ ਨੂੰ ਵਿਚੋਂ ਕਢਾ ਗਿਆ ਪਰ ਓਸ ਦੇ ਤਰੀਕੇ ਦੇ ਬਰਖਲਾਫ **ਸ਼ਾਮ ਸਿੰਘ** ਦਾ ਹਾਲ ਸੀ ਅਤੇ ਓਹ ਖਾਲਸੇ ਦਾ ਬੜਾ ਪੱਕਾ ਦੋਸਤ ਸੀ ਓਸਨੂੰ ਆਪਣਾ ਆਖਿਆ ਯਾਦ ਸੀ ਜਿਹੜਾ ਓਸਨੇ ਆਪਣੀ ਕੌਮ ਨੂੰ ਆਖਿਆ ਸੀ ਓਸਨੇ ਆਪਣੀ ਚਿਟੀ ਦਾੜ੍ਹੀ ਵਰਗੀ ਪੁਸ਼ਾਕ ਪਾਈ ਹੋਈ ਸੀ ਅਤੇ ਆਪਣੇ ਸਾਥੀਆਂ ਦੀ ਹਿੰਮਤ ਵਧਾ ਰਿਹਾ ਸੀ ਅਤੇ ਬਹਾਦਰਾਨਾ ਲੜਕੇ ਆਪਣੀ ਕੌਮ ਤੋਂ ਜਾਂਨ ਕੁਰਬਾਨ ਕੀਤੀ।ਇਸਦੇ ਸ਼ਹੀਦ ਹੋਣ ਨੂੰ ਕੌਮ ਬੜੀ ਇੱਜ਼ਤਨਾਲਯਾਦਰਖਦੀ ਹੈ,ਇਸਦਿਨ ਦਾ ਕਤਲ ਬੜਾ ਡਰ ਵਾਲਾ ਸੀ, ਖਾਈਆਂ ਮੁਰਦਿਆਂ ਜਾ ਮਰਨ ਵਾਲਿਆਂ ਨਾਲ ਭਰੀਆਂ ਹੋਈਆਂ ਸਨ ਅਤੇ ਫਸੀਲਾਂ ਇਕ ਸਿਰੇ ਤੋਂ ਦੂਜੇ ਸਿਰੇ ਤੀਕ ਲਹੂ ਨਾਲ ਲਿਬੜੀ ਹੋਈਆਂ ਸਨ, ਭਾਵੇਂ ਜਿੱਤਣ ਵਾਲਿਆਂ ਨੇ ਓਨ੍ਹਾਂ ਨੂੰ ਐਸਾ ਦਬਾਇਆ ਪਰ ਗੁਰੂ ਦਿਆਂ ਇਨ੍ਹਾਂ ਚੇਲਿਆਂ ਨੇ ਅੰਗ੍ਰੇਜ਼ਾਂ ਤੋਂ ਪਨਾਹ ਨਹੀਂ ਮੰਗੀ ਹਰ ਥਾਂ ਬਹਾਦਰਾਨਾ ਮੁਕਾਬਲਾ ਕੀਤਾ ਰਾਤ ਨੂੰ ਸਤਲੁਜ ਵਿਚ ਐਨਾ ਪਾਣੀ ਆਇਆ ਕਿ ਸਿਖਾਂ ਨੇ ਜਿਹੜਾ ਬੇੜੀਆਂ ਦਾ ਪੁਲ ਬਨਾਇਆ ਸੀ ਓਹ ਰੁੜ ਗਿਆ ਹਾਰਿਆਂ ਹੋਇਆਂ ਨੇ ਡਰ ੨ ਸਤਲੁਜ ਦੇ ਸਜੇ ਬੰਨੇ ਜਾਣਾ ਚਾਹਿਆ ਪਰ ਅੰਗ੍ਰੇਜ਼ੀ ਘੋੜਿਆਂ ਦਾ ਤੋਪਖਾਨਾ ਆ ਗਿਆ ਅਤੇ ਏਸ ਭੱਜੀ ਹੋਈ ਫੌਜ ਉਤੇ ਗੋਲੇ ਮਾਰਨ ਲਗੇ ਏਨੇ ਆਦਮੀ ਮਰੇ ਕਿ ਓਨਾਂ ਦੇ ਲਹੂ ਨਾਲ ਦਰਿਆ ਦਾ ਪਾਣੀ ਲਾਲ ਹੋ ਗਿਆ ਅਤੇ ਓਹ ਮੁਰਦਿਆਂ ਨਾਲ ਭਰ ਗਿਆ ਲੜਾਈ ੯ ਵਜੇ ਸ਼ੁਰੂ ਹੋਈ ਅਤੇ ੧੧ ਵਜੇ ਮੁਕ ਗਈ, ਇਨਾਂ ਦੂਹ ਘੰਟਿਆਂ

ਵਿਚ ਸਿਖ ਜਿਹੜੀ ਫੌਜ ਮਦਾਨ ਵਿਚ ਲਿਆਏ ਸਨ ਓਸ ਦਾ ਤੀਜਾ ਹਿੱਸਾ ਫਨਾਹ ਹੋਗਿਆ ਸੈਂਕੜੇ ਗਰਾਮਾਂ ਨਾਲ ਮਰੇ ਏਦੂੰ ਜਾਦਾ ਸਤਲੁਜ ਦੇ ਹੜ ਵਿਚ ਰੁੜ ਗਏ ਥਾਂ ਥਾਂ ਵੇਖਣ ਤੋਂ ਮਲੂਮ ਹੁੰਦਾ ਸੀ ਕਿ ਇਕ ਵਡੀ ਭਾਰੀ ਫੌਜਦਾਉਮਰ ਦਾ ਜਹਾਜ ਏਥੇ ਟੁਟਿਆ ਹੈ ਸਿਖਾਂ ਦਾ ਕਤਲ, ਨਾਂ ਉਮੈਦ ਹੋਣਾ ਅਤੇ ਖਿਲਰ ਪੁਲਰਜਾਣਾ ਏਨਾ ਸੀ ਕਿ ਕਮਾਂਡਰਇਨ ਚੀਫ ਨੇ ਆਖਿਆ ਕਿ ਜੇਕਰ ਖਾਲਸਾ ਫੌਜ ਨੇ ਲੜਾਈ ਦੇ ਸ਼ੁਰੂ ਵਿਚ ਸਾਡੇ ਜ਼ਖਮੀਆਂ ਦੇ ਕਤਲ ਕਰਨ ਅਤੇ ਉਨਾਂ ਦੇ ਪੁਰਜੇ ਉਡਾਉਣ ਨਾਲ ਆਪਣੀ ਬਹਾਦਰੀ ਨੂੰ ਦਾਗ ਨਾ ਲਾਇਆ ਜਿਹੜੇ ਸਬਬ ਨਾਲ ਓਨ੍ਹਾਂ ਦੇ ਕਾਬੂ ਵਿਚ ਆ ਗਏ ਸਨ ਤਾਂ ਓਨਾਂ ਦੇ ਸਖੀ ਜਿੱਤਣ ਵਾਲਿਆਂ ਨੂੰ ਵੀ ਓਨ੍ਹਾਂ ਤੇ ਰਹਿਮ ਔਂਦਾ ਸੀ। ਓਨਾਂ ਨੇ ਆਖਿਆ ਕਿ ਫੌਜਾਂ ਕਿਲੇ ਦੇ ਅੰਤ ਓਨ੍ਹਾਂ ਦਿਆਂ ਵਢਿਆਂ ਹੋਇਆਂ ਦੇ ਓਹ ਢੇਰ ਲਗੇ ਸਨ ਕਿ ਮੈਂ ਓਨ੍ਹਾਂ ਤੇ ਪੈਰ ਧਰਦਾ ਹੋਇਆ ਦਰਿਆ ਦੇ ਇਕ ਕੰਢੇ ਤੋਂ ਦੂਜੇ ਕੰਢੇ ਤੋਂ ਗਿਆ ਜਿੱਤ ਦਾ ਅਸਰ ਜਿੱਤਣ ਅਤੇ ਹਾਰਨ ਵਾਲਿਆਂ ਤੇ ੬੭ ਤੋਪਾਂ, ਦੋ ਸੌ ਤੋਂ ਜਾਦਾ ਊਠ, ਜੰਬੂਰਕਾਂ ਅਤੇ ਬਹੁਤ ਸਾਰੇ ਝੰਡੇ ਅਤੇ ਲੜਾਈ ਦਾ ਸਾਮਾਨ ਅੰਗ੍ਰੇਜ਼ ਜਿੱਤਣ ਵਾਲਿਆਂ ਦੇ ਹਥ ਆਇਆ। ਖਾਲਸੇ ਨੇ ਜਿਹੜਾ ਪੁਲ ਬਣਾਇਆ ਸੀ ਓਸ ਦਾ ਇਕ ਹਿੱਸਾ ਕਮਾਂਡਰ ਇਨਚੀਫ ਦੇ ਹੁਕਮ ਨਾਲ ਸਾੜਿਆ ਗਿਆ ਭਾਵੇਂ ਅੰਗ੍ਰੇਜ਼ ਜਿੱਤ ਗਏ ਪਰ ਓਨ੍ਹ ਦਾ ਬੜਾ ਨੁਕਸਾਨ ਹੋਇਆ। ੩੨੦ ਅੰਗ੍ਰੇਜ਼ ਮਦਾਨ ਵਿਚ ਵਢੇ ਗਏ ਜਿਨ੍ਹਾਂ ਵਿਚੋਂ ਮੇਜਰ ਜਨਰਲ ਸਰ ਰੋਬਰਟ ਡਕ ਨੂੰ ਏਨਾ ਜ਼ਖਮ ਲਗਾ ਕਿ ਓਹ ਮੋਰਚਿਆਂ ਦੇ ਲਾਗੇ ਆਪਣੇ ਬਹਾਦਰ ਸਪਾਹੀਆਂ ਦੀ ਦਲੇਰੀ ਵਧਾ ਰਹੇ ਸਨ ਅੰਗ੍ਰੇਜ਼ਾਂਦੇ੨੦੮੩ ਸਪਾਹੀ ਜ਼ਖਮੀ ਹੋਏ ਸਿਖਾਂ ਦਾ ਬੜਾ ਭਾਰੀ ਨੁਕਸਾਨ ਹੋਇਆ। ਅਠ ਹਜਾਰ ਸਪਾਹੀ ਜ਼ਖਮੀ ਹੋਏ,ਅਤੇਵਢੇ ਗਏਜਾਂ ਦਰਿਆ ਵਿਚ ਡੁਬ ਗਏਇਹ ਹਾਰ ਨਾਲ ਸਿਖਾਂ ਦੀ ਫੌਜ ਟੁਟੀ ਹੋਈ ਅਤੇ ਖਿਲਰੀ ਪੁਲਰੀ ਹੋ ਗਈ ਇਨ੍ਹਾਂ ਵਿਚ ਇਹ ਲਿਆਕਤ ਨਹੀਂ ਰਹੀ ਕਿ ਫੇਰ ਹਥਿਆਰਾਂ ਨੂੰ ਹਥ ਵਿਚ ਫੜਨ।

ਅੰਗ੍ਰੇਜ਼ਾਂ ਦਾ ਸਤਲੁਜ ਪਾਰ ਜਾਣਾ

ਜਿੱਤ ਦੇ ਦਿਨ ਦੀ ਰਾਤ ਨੂੰ ਅੰਗ੍ਰੇਜ਼ੀ ਬਰਗੇਡ ਜਿਹੜੇ ਅਗੇ ਵਧੇ ਹੋਏ ਸਨ ਫੀਰੋਜ਼ਪੁਰ ਦੇ ਸਾਮਣੇ ਸਤਲੁਜ ਦੇ ਪਾਰ ਉਤਰੇ ਕੋਈ ਦੁਸ਼ਮਨ ਓਨ੍ਹਾਂ ਨੂੰ ਨਹੀਂ ਦਿਸਿਆ ਜ਼ਿਹੜਾ ਓਨ੍ਹਾਂ ਦਾ ਰਾਹ ਰੋਕ ਦਾ। ਮੇਜਰ ਐਬਟਨੇ ਓਨ੍ਹਾਂ ਬੇੜੀਆਂਦਾ ਪੁਲ ੧੨ ਫਰਵਰੀਨੂੰ ਬਨਾਇਆ ਜਿਹੜੀਆਂ ਸਿੰਧ ਤੋਂ ਮੰਗਾਈਆਂ ਸਨ, ੧੩ ਫਰਵਰੀ ਨੂੰ ਭਾਰੀਆਂ ਤੋਪਾਂ ਤੋਂ ਬਿਨਾ ਸਾਰਾ ਅੰਗ੍ਰੇਜ਼ੀ ਲਸ਼ਕਰ ਸਤਲੁਜ ਦੇ ਪਾਰ ਉਤਰਿਆ ਅਤੇ ਕਸੂਰ ਜਿਹੜਾ ਲਹੌਰੋਂ ੩੨ ਮੀਲ ਅਤੇ ੧੬ ਮੀਲ ਦਰਿਆਓਂ ਸੀ ਅੰਗ੍ਰੇਜ਼ਾਂ ਦੇ ਕਬਜ਼ੇ ਵਿਚ ਆਗਿਆ ਸਿਖਾਂ ਦੇ ਲਹੌਰੋਂ ਏਲਚੀ ਆਏ ਦੂਜੇ ਦਿਨ ਕਿਲਾ ਕਸੂਰ ਵੀ ਬਗੈਰ ਕਿਸੇ

ਮੁਕਾਬਲੇ ਦੇ ਅੰਗ੍ਰੇਜ਼ਾਂ ਦੇ ਕਬਜੇ ਵਿਚ ਆਗਿਆ । ੧੪ਨੂੰ ਗਵਰਨਰ ਜਨਰਲਵੀ ਕਮਾਂਡਰ ਇਨ ਚੀਫ ਦੇ ਕੈਂਪ ਵਿਚ ਆਗਏ ਇਹ ਤਹਕੀਕ ਮਾਲੂਮ ਹੋਇਆ ਕਿ ੨੦ ਹਜਾਰ ਦੇ ਕਰੀਬ ਸਿਖ ਅਮ੍ਰਿਤਸਰ ਵਿਚ ਕਠੇ ਹੋਏ ਹਨ ਪਰ ਓਨ੍ਹਾਂ ਦਾ ਅਰਾਦਾ ਜਿਤਿਆਂ ਹੋਇਆਂ ਨਾਲ ਲੜਨ ਦਾ ਨਹੀਂ ॥

ਗਵਰਨਰ ਜਨਰਲ ਦਾ ਇਸ਼ਤਿਹਾਰ

ਏਸੇ ਤਰੀਕ ਗਵਰਨਰ ਜਨਰਲ ਨੇ ਇਸ਼ਤਿਹਾਰ ਦਿੱਤਾ ਕਿ ਅੰਗ੍ਰੇਜ਼ੀ ਫੌਜ ਸਤਲੁਜ ਪਾਰ ਉਤਰ ਗਈ ਹੈ ਅਤੇ ਪੰਜਾਬ ਵਿਚ ਦਾਖਲ ਹੋਗਈ ਹੈ ਅਤੇ ਇਹ ਇਸ਼ਤਿਹਾਰ ਦਿਤਾ ਜਾਂਦਾ ਹੈ ਕਿ ਬ੍ਰਿਟਸ਼ ਗੌਰਮਿੰਟ ਪੰਜਾਬ ਵਿਚ ਕਬਜਾ ਰਖਣ ਤੋਂ ਓਨਾਂ ਚਿਰ ਬਾਜ ਨਹੀਂ ਆਊਗੀ ਜਿਨਾਂ ਚਿਰ ੧੮੦੯ ਈ: ਦੇ ਅਹਿਦਨਾਮੇ ਦੇ ਤੋੜਨ ਅਤੇ ਬਗੈਰ ਕਿਸੇ ਜੋਸ਼ ਦੇ ਅੰਗ੍ਰੇਜ਼ੀ ਮੁਲਕ ਉਤੇ ਹਮਲਾ ਕਰਨ ਦਾ ਬਦਲਾਂ ਨਾ ਲਿਆ ਜਾਵੇ ਗਾ ਅਤੇ ਜੋ ਕੁਛ ਲੜਾਈ ਵਿਚ ਖਰਚ ਹੋਇਆ ਹੈ ਓਸਦਾ ਬਦਲਾ ਨ ਲਿਆ ਜਾਵੇਗਾ ਅਤੇ ਅਗਾਂਹ ਵਾਸਤੇ ਲਹੌਰ ਗਾਂਰਮਿੰਟ ਦੇ ਇੰਤਜ਼ਾਮ ਐਸਿ ਕੀਤੇ ਜਾਣਗੇ ਕਿ ਓਹ ਬ੍ਰਿਟਸ਼ ਗੌਰਮਿੰਟ ਦੇ ਨਜ਼ਦੀਕ ਪੂਰੇ ਪੂਰੇ ਹੋਣਗੇ ਕਿ ਏਸ ਕਿਸਮ ਦਾ ਅਹਿਦ ਤੋੜਨਾ ਅਤੇ ਬੇ ਵਫਾਈ ਅਤੇ ਹਮਲਾ ਕਰਨ ਦਾ ਵਾਧਾ ਲਹੌਰ ਗੌਰਮਿੰਟ ਬ੍ਰਿਟਿਸ਼ ਗੌਰਮਿੰਟ ਦੇ ਉਲਟ ਨਹੀਂ ਕਰੂਗੀ ਅਤੇ ਗਵਰਮਿੰਟ ਹਿੰਦ ਨੇ ਜਿਹੜੇ ਲਹੌਰ ਦੀ ਫੌਜ ਅਤੇ ਗਵਰਮਿੰਟ ਦੇ ਉਲਟ ਕੀਤੇ ਹਨ ਓਹ ਏਸ ਕਰਕੇ ਨਹੀਂ ਕੀਤੇ ਕਿ ਸਾਡਾ ਰਾਜ ਵਧੇ ਭਾਵੇਂ ਇਸਨੂੰ ਖਰਚ ਦਾ ਬਦਾਲ ਉਗਰਾਹਣ ਲਈ ਕਈ ਤਦਬੀਰਾਂ ਐਸੀਆਂ ਕਰਨੀਆਂ ਪੈਣਗੀਆਂ ਕਿ ਲਹੌਰ ਦੀ ਬਾਦਸ਼ਾਹੀ ਵਿਚੋਂ ਇਕ ਹਿੱਸਾ ਬ੍ਰਿਟਸ਼ ਗੌਰਮਿੰਟ ਲੈ ਲਵੇ ਇਸ ਦੀ ਮਿਕਦਾਰ ਦਰਬਾਰ ਦੇ ਇੰਤਜ਼ਾਮ ਤੇ ਮੌਕੂਫ਼ ਹੈ ਅੰਗ੍ਰੇਜ਼ੀ ਰਾਜ ਦੀਆਂ ਹੱਦਾਂ ਦੀ ਰਾਖੀ ਅਤੇ ਅਮਨ ਚੈਨ ਲਈ ਬਹਰਹਾਲ ਪਹਾੜੀ ਅਤੇ ਮਦਾਨੀ ਜ਼ਿਲੇ ਜਿਹੜੇ ਲਹੌਰ ਦੇ ਰਾਜ ਵਿਚ ਸਤਲੁਜ ਅਤੇ ਬਿਆਸਾ ਦੇ ਵਿਚਕਾਰ ਹਨ ਬ੍ਰਿਟਸ਼ ਗੌਰਮਿੰਟ ਆਪਣੇ ਮੁਲਕ ਵਿਚ ਦਾਖਲ ਕਰੂਗੀ ਜਿਸ ਦੀ ਆਮਦਨੀ ਲੜਾਈ ਦੇ ਖਰਚ ਵਿਚ ਵਸੂਲ ਹੋਵੇਗੀ ਜਿਹੜੀ ਲਾਹੌਰ ਦੀ ਸਲਤਨਤ ਨੂੰ ਦੇਣ ਯੋਗ ਹੈ ਗਵਰਮਿੰਟ ਇੰਡੀਆ ਨੇ ਬਾਰ ਬਾਰ ਇਸ਼ਤਿਹਾਰ ਦਿਤਾ ਹੈ ਕਿ ਹਿੰਦੁਸਤਾਨ ਦੀ ਗਵਰੇਮਿੰਟ ਪੰਜਾਬ ਨੂੰ ਉਲਟ ਪੁਲਟ ਨਹੀਂ ਕਰਨਾ ਚਾਹੁੰਦੀ ਭਾਵੇਂ ਦਰਬਾਰ ਨੇ ਐਸਾ ਤਰੀਕਾ ਅਖਤਿਆਰ ਕੀਤਾ ਹੈ ਕਿ ਇਹ ਇਨਸਾਫ ਹੈ ਕਿ ਓਸਦੇ ਬਦਲੇ ਲੈਣ ਲਈ ਸਖਤ ਤਦਬੀਰਾਂ ਕੀਤੀਆਂ ਜਾਣ ਬਾਵਜੂਦ ਇਸਦੇ ਕਿ ਗਵਰਨਰ ਜਨਰਲ ਦੀ ਖੁਸ਼ੀ ਹੈ ਕਿ ਸਰਦਾਰਾਂ ਅਤੇ ਦਰਬਾਰ ਨੂੰ ਇਕ ਭਲਾ ਵੇਲਾ ਦਿਤਾ ਜਾਂਦਾ ਹੈ ਕਿ ਓਹ

ਆਪਣੇ ਆਪਨੂੰ ਬ੍ਰਿਟਸ਼ ਗੌਰਮਿੰਟ ਦਾ ਤਾਬੇ ਜਾਨਣ ਅਤੇ ਨੇਕ ਇਮਾਨਦਾਰੀ ਅਤੇ ਅਕਲ ਦੀ ਸਲਾਹ ਵਲ ਧਿਆਨ ਕਰਨ ਅਤੇ ਗਵਰਨਰ ਜਨਰਲ ਨੂੰ ਬ੍ਰਿਟਸ਼ ਗੌਰਮਿੰਟ ਦੇ ਇਕ ਦੋਸਤ ਦੇ ਪੁਤ੍ਰ ਲਈ ਸਿਖ ਗੌਰਮਿੰਟ ਨੂੰ ਮੁਕਰਰ ਕਰ ਦੇਣ । ਇਸ ਵਾਸਤੇ ਗਵਰਨਰ ਇਨ੍ਹਾਂ ਇਨ੍ਹਾਂ ਸਾਰਿਆਂ ਸਰਦਾਰਾਂ ਨਾਲ ਜਿਹੜੇ ਮਹਾਰਾਜਾ ਰਣਜੀਤ ਸਿੰਘ ਦੇ ਪੁਤ੍ਰ ਦੇ ਖੈਰ ਖਾਹ ਹਨ ਚਾਹੁੰਦਾ ਹੈ ਕਿ ਉਸ ਨਾਲ ਇਤਫਾਕ ਕਰਕੇ ਕੰਮ ਕਰਨ। ਓਹ ਐਸੇ ਇੰਤਜਾਮਾਂ ਨੂੰ ਕੰਮ ਵਿਚ ਲਿਔਣ ਕਿ ਓਹ ਸਿਖ ਗੌਰਮਿੰਟ ਨੂੰ ਕੰਮ ਲਹੌਰ ਵਿਚ ਸੰਭਾਲਨ ਅਤੇ ਫੌਜ ਨੂੰ ਆਪਣੇ ਕਾਬੂ ਵਿਚ ਰਖਣ, ਰਿਆਇਆ ਦੀ ਰਾਖੀ ਕਰਨ ਤੇ ਓਹ ਐਸੇ ਅਸੂਲ ਤੇ ਇਸਥਿਤ ਹੋਣ ਕਿ ਓਹ ਅਗਾਂਹ ਵਾਸਤੇ ਸਿਖਾਂ ਦੀਆਂ ਰਿਆਸਤਾਂ ਵਿਚ ਅਮਨ ਪੈਦਾ ਕਰਨ ਅਤੇ ਬ੍ਰਿਟਸ਼ ਗੌਰਮਿੰਟ ਉਤੇ ਉਲਟ ਇਸ ਦੀ ਹਦ ਉਤੇ ਫਸਾਦ ਅਤੇ ਹਮਲਾ ਦਬਾਰਾ ਨ ਹੋਣ ਦੇਣ, ਅਤੇ ਕੁਲ ਦੁਨੀਆਂ ਉਤੇ ਹਿੰਦੁਸਤਾਨ ਦੀ ਵਡੀ ਗੌਰਮਿੰਟ ਦੀ ਦਰਮਿਆਨਾ ਅਤੇ ਅਦਾਲਤ ਨੂੰ ਸਾਬਤ ਕਰਨ ਇਸ਼ਤਿਹਾਰ ਦਾ ਖਾਤਮ ਏਸ ਮਸ਼ਹੂਰੀ ਤੇ ਹੋਇਆ ਕਿ ਉਸੇ ਵੇਲੇ ਜਿਹੜਾ ਓਨ੍ਹਾਂ ਨੂੰ ਦਿਤਾ ਗਿਆ ਹੈ ਦਰਬਾਰ ਸਿਖਾਂ ਦੀ ਕੌਮ ਦੀ ਫੌਜ ਦੀ ਬੇ ਇੰਤਜਾਮੀ ਤੋਂ ਬਚੌਣ ਤੋਂ ਗਫਲਤ ਕਰੇਗਾ ਤਾਂ ਅੰਗ੍ਰੇਜ਼ੀ ਫੌਜ ਨਾਲ ਨਵੀਂ ਲੜਾਈ ਸ਼ੁਰੂ ਕਰੇਗਾ ਤੇ ਗੌਰਮਿੰਟ ਇੰਡੀਆ ਪੰਜਾਬ ਗੌਰਮਿੰਟ ਐਸੇ ਇੰਤਜ਼ਾਮ ਕਰੇਗੀ ਜਿਹੜੇ ਓਨਾਂ ਲਈ ਅਦਾਲਤ ਅਤੇ ਜ਼ਰੂਰਤ ਮੁਆਫਕ ਹੋਣ ਗੇ ॥

ਲਾਹੌਰ ਦੇ ਦਰਬਾਰ ਦੀ ਬਿਹਤ੍ਰੀ ਢੂੰਡਣਾ

ਰਾਣੀ ਅਤੇ ਦਰਬਾਰਨੇ ਆਪ ਪਸਿੰਦ ਕੀਤੇ ਹੋਏ ਵਜੀਰ ਗੁਲਾਬਸਿੰਘ ਨੂੰ ਆਖਿਆ ਕਿ ਬ੍ਰਿਟਸ਼ ਕੈਂਪ ਵਿਚ ਜਾਂਵੇ ਅਤੇ ਦਰ੍ਬਾਰ ਵਲੋਂ ਰਹਿਮ ਅਤੇ ਕਰਮ ਲਈ ਅਰਜ਼ ਕਰੇ ਅਤੇ ਭਲਿਆਈ ਦੇ ਕੰਮਾਂ ਵਿਚ ਕੋਸ਼ਸ਼ ਕਰੇ ਤਮਾਂਮ ਅਮੀਰਾਂ ਸਰਦਾਰਾਂ ਅਤੇ ਫੌਜ ਦੇ ਪੈਂਚਾਂ ਨੇ ਰਾਜੇ ਨਾਲ ਕਰਾਰ ਕੀਤਾ ਕਿ ਓਹ ਓਨਾਂ ਸ਼ਰਤਾਂ ਨੂੰ ਕਬੂਲ ਕਰਨਗੇ ਜਿਹੜੀ ਸਿਖ ਗੌਰਮੈਂਟ ਵਲੋਂ ਏਸ ਵਾਸਤੇ ਮੁਕੱਰਰ ਕੀਤੀਆਂ ਜਾਣਗੀਆਂ ਕਿ ਲਾਹੌਰ ਦਾ ਰਾਜ ਕੈਮ ਰਹੇ ਜਿਸਦੀ ਮਸ਼ਹੂਰੀ ਇਸ਼ਤਿਹਾਰ ਵਿਚ ਦਿਤੀ ਗਈ ਹੈ। ਕਸੂਰ ਵਿਚ ੧੫ ਫਰਵਰੀ ਨੂੰ ਗਵਰਨਰ ਜਨਰਲ ਨੇ ਗੁਲਾਬ ਸਿੰਘ ਦੀਵਾਨਦੀਨਾ ਨਾਥ ਫਕੀਰ ਨੂਰਦੀਨ ਬਾਰਕ ਜ਼ਈ ਸਰਦਾਰ ਸੁਲਤਾਨ ਮੁਹੰਮਦ ਖਾਂ ਨਾਲ ਇਸਤ੍ਰਾਂ ਮੁਲਾਕਾਤ ਕੀਤੀ ਜਿਸਤਰਾਂ ਨਾਰਜਾਮੰਦ (ਨਾਰਾਜ਼) ਗੌਰਮਿੰਟ ਦਿਆਂ ਕਾਇਮ ਮੁਕਾਮਾ ਨਾਲ ਹੋਇਆ ਕਰਦੀ ਹੈ,ਓਹ ਰਸਮਾਂ ਨਹੀਂ ਵਰਤੀਆਂ ਗਈਆਂ ਜਿਹੜੀਆਂ ਦੋਸਤਾਨਾ ਮੁਲਾਕਾਤ ਵਿਚ ਵਰਤੀਆਂ ਜਾਂਦੀਆਂ ਹਨ ਅਤੇ ਵਡੀਆਂ (ਨਜ਼ਰਾਂ ਸੁਗਾਤਾਂ)

ਜਿਹੜੀਆਂ ਪੇਸ਼ ਕੀਤੀਆਂ ਗਈਆਂ ਕਬੂਲ ਨਹੀਂ ਹੋਈਆਂ। ਗਵਰਨਰ ਜਨਰਲ ਨੇ ਏਸ ਸਿਖ ਡੈਪੂਟੇਸ਼ਨ ਦੇ ਅਗੇ ਬਿਆਨ ਕੀਤਾ ਕਿ ਦਰਬਾਰ ਅਤੇ ਫੌਜ ਨੇ ਬ੍ਰਿਟਸ਼ ਗੌਰਮਿੰਟ ਦੇ ਨਾਲ ਬਿਨਾਂ ਕਿਸੇ ਜੋਸ਼ ਤੇ ਗੁੱਸੇ ਦੇ ਨਾਜਾਇਜ਼ ਤਰੀਕਾ ਅਖਤਿਆਰ ਕੀਤਾ ਹੈ ਬ੍ਰਿਟਸ਼ ਗੌਰਮਿੰਟ ਨੇ ਸਾਰੇ ਕੰਮਾਂ ਵਿਚ ਬੜੀ ਅਕਲ ਮੰਦੀ ਦਾ ਤ੍ਰੀਕਾ ਅਖਤਿਆਰ ਕੀਤਾ। ਰਾਜਾ ਗੁਲਾਬ ਸਿੰਘ ਦੀ ਤਾਰੀਫ਼ ਕੀਤੀ ਕਿ ਓਹ ਸਿੱਖ ਗੌਰਮਿੰਟ ਦੀ ਬੇਵਫਾਈ ਅਤੇ ਦੁਸ਼ਮਣੀ ਦੇ ਕੰਮਾਂ ਤੋਂ ਜੇਹੜੇ ਓਸਨੇ ਬ੍ਰਿਟਸ਼ ਗੌਰਮਿੰਟ ਨਾਲ ਕੀਤੇ ਅਡ ਬੈਠਾ ਰਿਹਾ ਉਸਦੇ ਏਸ ਕੰਮ ਦੀ ਕਦਰ ਗਵਰਨਰ ਜਨਰਲ ਦੇ ਦਿਲ ਵਿਚ ਹੈ ਓਹ ਬ੍ਰਿਟਸ਼ ਗੌਰਮਿੰਟ ਅਤੇ ਲਾਹੌਰ ਦੇ ਦਰਬਾਰ ਦੀ ਬਿਹਤ੍ਰੀ ਦੇ ਬਾਰੇ ਵਿਚ ਜੇਹੜੀਆਂ ਸ਼ਰਤਾਂ ਕਰਨੀਆਂ ਹੋਣ ਇਨਾਂ ਦੀ ਬਾਬਤ ਫੈਸਲਾ ਚੀਫ ਸੈਕ੍ਰੇਟੀ ਮਿਸਟਰ ਕਰੀ ਹਿੰਦ ਦੀ ਪਹਾੜ ਦੀ ਹਦ ਦੇ ਏਜੰਟ ਮੇਜਰ ਲਾਰੰਸ ਨਾਲ ਮਿਲਕੇ ਕਰੇ, ਇਨਾਂ ਅੰਗ੍ਰੇਜ਼ੀ ਅਫਸਰਾਂ ਦੇ ਨਾਲ ਰਾਤਨੂੰ ਓਨਾਂ ਸਰਦਾਰਾਂ ਦੀ ਮਜਲਸ ਹੋਈ ਜਿਹੜੀਆਂ ਜਿਹੜੀਆਂ ਖਿਹਤਰੀ ਦੀਆਂ ਸ਼ਰਤਾਂ ਉਨਾਂ ਵਲੋਂ ਬਿਆਨ ਹੋਈਆਂ ਓਨਾਂ ਉਤੇ ਓਨਾਂ ਦਸਖਤ ਕਰ ਦਿਤੇ ਸੁਲਹਾ ਦੀਆਂ ਸ਼ਰਤਾਂ ਦਾ ਅਗੇ ਬਿਆਨ ਆਊਗਾ।

ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਗਵਰਨਰ ਜਨਰਲ ਨਾਲ

ਗਵਰਨਰ ਜਨਰਲ ਨੇ ੧੮ ਫਰਵਰੀ ਨੂੰ ਮੁਕੱਰਰ ਕੀਤਾ ਕਿ ਸਤਲੁਜ ਅਤੇ ਰਾਵੀ ਦੇ ਵਿਚਕਾਰ ਲੁਲਿਆਣੀ ਵਿਚ ਮਹਾਰਾਜ ਮੁਲਾਕਾਤ ਲਈ ਲਾਹੌਰੋਂ ਔਣ ਅਥਵਾ ਮਹਾਰਾਜ ਸਣੇ ਭਾਈ ਗੁਲਾਬ ਸਿੰਘ ਰਾਮ ਸਿੰਘ ਦੀਵਾਨ ਦੀਨਾ ਨਾਥ ਅਤੇ ਫਕੀਰ ਨੂਰਉਲ ਦੀਨ ਅਤੇ ਦਸ ਬਾਰਾਂ ਮੁਸਾਹਿਬ ਨਾਲ ਆਏ, ਗਵਰਨਰ ਜਨਰਲ ਦੇ ਤੰਬੂ ਵਿਚ ਮੁਲਾਕਾਤ ਹੋਈ, ਮਹਾਰਾਜਾ ਦੀ ਤੋਪਾਂ ਦੀ ਸਲਾਮੀ ਉਤਰੀ, ਮਹਾਰਾਜਾ ਨੇ ਆਪਣੇ ਕਸੂਰ ਦੀ ਮੁਆਫੀ ਮੰਗੀ ਅਤੇ ਰਹਿਮ ਅਤੇ ਕਰਮ ਵਾਸਤੇ ਆਖਿਆ, ਗਵਰਨਰ ਜਨਰਲ ਨੇ ਹੁਕਮ ਕੀਤਾ ਕਿ ਸੁਲਾ ਦੀਆਂ ਸ਼ਰਤਾਂ ਪਹਿਲਾਂ ਬਣ ਚੁਕੀਆਂ ਹਨ ਓਨਾਂ ਦਾ ਬਿਆਨ ਇਸ ਵੇਲੇ ਥੋੜਾਇਦਾ ਹੈ ਜਦੋਂ ਤੋਂ ਮਹਾਰਾਜਾ ਬ੍ਰਿਟਸ਼ ਗੌਰਮਿੰਟ ਦੇ ਅਮਨ ਦੇ ਸਾਏ ਹੇਠ ਆਏ ਹਨ ਓਹ ਆਪਣੀ ਮੇਹਰਬਾਨੀ ਨਾਲ ਮਹਾਰਾਜਾ ਨੂੰ ਇਹ ਸਮਝਕੇ ਫੇਰ ਬਹਾਲ ਕਰਦੀ ਹੈ ਕਿ ਓਹ ਮਹਾਰਾਜਾ ਦੇ ਕਦੀਮੀ ਦੋਸਤ ਦਾ ਪੁਤ੍ਰ ਹੈ ਅਤੇ ਓਸਨੂੰ ਸਿਖ ਕੌਮ ਦਾ ਕਾਇਮ ਮੁਕਾਮ ਬਣੌਂਦੀ ਹੈ ਜਿਸਨੂੰ ਅਮੀਰਾਂ ਵਜ਼ੀਰਾਂ ਨੇ ਆਪਣੇ ਰਾਜ ਲਈ ਆਪ ਚੁਣਿਆਂ ਹੈ ਏਸ ਸ਼ਰਤ ਤੇ ਕਿ ਤੁਸੀ ਅਹਿਦਨਾਮੇ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰੋ ਜਿਹੜੀਆਂ ਕਿ ਤੁਹਾਡੇ ਵਜ਼ੀਰਾਂ ਦੇ ਸਾਮਣੇ ਬਿਆਨ ਹੋਈਆਂ ਹਨ ਫੇਰ ਕੁਛ ਮਹਾਰਾਜਾ ਰਣਜੀਤ ਸਿੰਘ ਦੇ

ਤਅੱਲਕ ਬ੍ਰਿਟਸ਼ ਗੌਰਮਿੰਟ ਦੇ ਨਾਲ ਬਿਆਨ ਕੀਤੇ ਇਹ ਆਪਣੀ ਉਮੈਦ ਜ਼ਾਹਿਰ ਕੀਤੀ ਕਿ ਮਹਾਰਾਜ ਆਪਣੇ ਪਿਓ ਦੇ ਕਦਮਾਂ ਤੇ ਚਲਣਗੇ ਇਸਦੇ ਪਿਛੋਂ ਦਰਬਾਰ ਬਰਖਾਸਤ ਹੋਯਾ ਅਤੇ ਏਹ ਫੈਸਲਾ ਹੋਯਾ ਕਿ ਮਹਾਰਾਜ ਗਵਰਨਰ ਜਨਰਲ ਨਾਲ ਲਹੌਰ ਜਾਣ।

ਲਾਹੌਰ ਅਤੇ ਅਮ੍ਰਿਤਸਰ ਵਿਚ ਹਲ ਚਲ ਪੈਣਾ

ਪਿਛਲੇ ਜਮਾਨੇ ਵਿਚ ਲੋਕ ਇਹ ਕਾਇਦਾ ਸਿਖ ਚੁਕੇ ਸਨ ਕਿ ਜਿਹੜਾ ਆਦਮੀ ਸ਼ਹਿਰ ਜਿੱਤਦਾ ਹੈ ਓਹ ਉਸਨੂੰ ਲੁੱਟਦਾ ਹੈ। ਉਨਾਂ ਨੂੰ ਡਰ ਸੀ ਕਿ ਅੰਗ੍ਰੇਜ਼ ਵੀ ਕਾਇਦੇ ਦੇ ਬਗੈਰ ਨਾ ਹੋਣਗੇ। ਇਸ ਕਰਕੇ ਗਵਰਨਰ ਜਨਰਲਨੇ ੧੯ ਫਰਵਰੀ ੧੮੪੬ ਨੂੰ ਇਹ ਇਸ਼ਤਿਹਾਰ ਜਾਰੀ ਕੀਤਾ—"ਅਮੀਰ ਸੁਦਾਗਰ ਹੋਰ ਪੇਸ਼ੇ ਵਾਲੀ ਰੱਯਤ ਅਤੇ ਅੰਮ੍ਰਿਤਸਰ ਅਤੇ ਲਾਹੌਰ ਦੇ ਰਹਿਣ ਵਾਲਿਆਂ ਤੇ ਇਹ ਇਸ਼ਤਿਹਾਰ ਦਿਤਾ ਜਾਂਦਾ ਹੈ ਕਿ ਅਜ ਦੀ ਤਰੀਕ ਮਹਾਰਾਜ ਦਲੀਪ ਸਿੰਘ ਗਵਰਨਰ ਜਨਰਲ ਦੀ ਖਿਦਮਤ ਵਿਚ ਹਾਜਰਹੋਇਆ, ਉਸਨੇ ਆਪਣੀ ਅਤੇ ਸਿਖ ਗੌਰਮਿੰਟ ਦੀ ਬ੍ਰਿਟਸ਼ ਗੌਰਮਿੰਟ ਨਾਲ ਲੜਨ ਤੇ ਪਸ਼ੇਮਾਨੀ ਪ੍ਰਗਟ ਕੀਤੀ, ਗਵਰਨਰ ਜਨਰਲ ਨੂੰ ਹਰ ਤਰਾਂ ਉਮੈਦ ਹੈ ਕਿ ਦੋਹਾਂ ਗੌਰਮਿੰਟਾਂ ਵਿਚ ਮੇਲ ਮਿਲਾਪ ਪੱਕਾ ਹੋਜਾਵੇ। ਲਾਹੌਰ ਅਤੇ ਅਮ੍ਰਿਤਸਰ ਦੇ ਬਸ਼ਿੰਦੇ ਅੰਗ੍ਰੇਜ਼ੀ ਫੌਜ ਤੋਂ ਨ ਡਰਨ, ਗਵਰਨਰ ਜਨਰਲ ਨੇ ਪੰਜਾਬ ਦਿਆਂ ਲੋਕਾਂ ਨੂੰ ਯਕੀਨ ਦੁਆ ਦਿਤਾ ਕਿ ਜੇਕਰ ਲਹੌਰ ਦਾ ਦਰਬਾਰ ਸਚਿਆਈ ਨਾਲ ਕੰਮ ਕਰ ਲਏਗਾ ਅਤੇ ਬ੍ਰਿਟਸ਼ ਗੌਰਮਿੰਟ ਦਾ ਫੌਜ ਖਾਲਸਾ ਨੇ ਦੁਸ਼ਮਨਾਂ ਨਾਲ ਮੁਕਾਬਲਾ ਨਾਂ ਕੀਤਾ ਤਾਂ ਓਨਾਂ ਦੀ ਜਾਨੋ ਮਾਲ ਸਭ ਤਰਾਂ ਨਾਲ ਸ਼ਾਂਤੀ ਅਤੇ ਸਲਾਮਤ ਹੈ, ਅੰਗ੍ਰੇਜ਼ੀ ਫੌਜ ਦਾ ਉਨਾਂ ਨੂੰ ਵਾਲ ਬਰਾਬਰ ਡਰ ਨਹੀਂ ਓਹ ਬੇਸ਼ਕ ਆਪਣੇ ਕੰਮਾਂ ਅਤੇ ਪੇਸ਼ਿਆਂ ਵਿਚ ਲਗੇ ਰਹਿਣ।"

ਲਾਹੌਰ ਵਿਚ ਅੰਗ੍ਰੇਜ਼ੀ ਫੌਜ ਔਣ ਲਈ ਇੰਤਜ਼ਾਮ

ਇਸੇ ਵੇਲੇ ਸਖਤ ਹੁਕਮ ਜਾਰੀ ਕਰ ਦਿਤੇ ਕਿ ਸਭਰਾਵਾਂ ਦੀ ਹਾਰ ਦੇ ਪਿਛੋਂ ਸਾਰੀ ਫੌਜ ਜੇਹੜੀ ਲਹੌਰੋਂ ੧੮ ਮੀਲ ਦੇ ਫਾਸਲੇ ਤੇ ਕਾਇਮ ਹੈ ਓਹ ਆਪਣੇ ਥਾਂ ਤੋਂ ਨ ਹਿਲੇ, ਇਸ ਫੌਜ ਦੇ ਪੈਦਲਾਂ ਅਤੇ ਸਵਾਰਾਂ ਦੀ ਗਿਣਤੀ ੧੪ ਹਜਾਰ ਤੋਂ ੨੦ ਹਜਾਰ ਤੀਕ ਸੀ ਜੀਹਦੇ ਪਾਸ ੩੫ ਤੋਪਾਂ ਸਨ ਜਿਸ ਦੇ ਸਿਪਾ ਸਾਲਾਰ ਲਾਲ ਸਿੰਘ ਅਤੇ ਤੇਜ ਸਿੰਘ ਸਨ, ਲਹੌਰ ਵਿਚ ਕਿਲੇ ਅਤੇ ਸ਼ਹਿਰ ਦੇ ਦਰਵਾਜਿਆਂਤੇਅੰਗ੍ਰੇਜ਼ੀ ਮੁਸਲਮਾਨ ਨਜੀਬਾਂ ਦੀਆਂ ਪਲਟਨਾਂ ਮੁਕਰਰ ਕੀਤੀਆਂ ਗਈਆਂ ਓਨਾਂ ਨੂੰ ਹੁਕਮ ਸੀ ਕਿ ਕੋਈ ਹਥਿਆਰਾਂ ਵਾਲਾ ਸਿਖ ਸਪਾਹੀ ਸ਼ਹਿਰ ਵਿਚ ਨ ਔਣ ਦੇਣ।

ਲਾਹੌਰ ਵਿਚ ਅੰਗ੍ਰੇਜ਼ੀ ਫੌਜ ਦਾ ਘਲਣਾ

੨੦ ਫਰਵਰੀ ੧੮੪੬ ਈ: ਦੀ ਸਵੇਰ ਨੂੰ ਪੁਰਾਣੇ ਸ਼ਹਿਰ ਲਹੌਰ ਦੇ ਸਾਮਣੇ ਅੰਗ੍ਰੇਜ਼ੀ ਫੌਜ ਦਾਖਲ ਹੋਈ,ਦੁਪਹਿਰ ਨੂੰ ਮੀਆਂ ਮੀਰ ਦੇ ਮਦਾਨਾਂ ਵਿਚ ਆਪਣੇ ਡੇਰੇ ਤੰਬੂ ਲਾਏ ਮਹਾਰਾਜਾ ਦੇ ਨਾਲ ਅੰਗ੍ਰੇਜ਼ੀ ਫੌਜ ਨੂੰ ਮਿਸਟਰ ਕਿਊਰ-ਟਨ ਸਾਹਿਬ ਕੋਟ ਤੀਕ ਲੈਗਏ, ਅਤੇ ਮਹਿਲ ਦੇ ਦਰਵਾਜਿਓਂ ਅਡ ਹੋਏ ਏਥੋਂ ਮਹਾਰਾਜੇ ਨੂੰ ਰਾਜੇ ਗੁਲਾਬ ਸਿੰਘ ਦੇ ਮਹਿਲ ਵਿਚ ਲੈਗਏ, ਮਿਸਟਰ ਗ੍ਰੇ ਸਾਹਿਬ ਨੇ ਮਹਾਰਾਜ ਅਤੇ ਓਨਾਂ ਦੇ ਵਜ਼ੀਰਾਂ ਨੂੰ ਇਹ ਹੁਕਮ ਦਿਤਾ ਕਿ ਗਵਰ-ਨਰ ਜਨਰਲ ਦੇ ਹੁਕਮ ਨਾਲ ਅੰਗ੍ਰੇਜ਼ੀ ਫੌਜ ਮਹਾਰਾਜਾ ਦੇ ਨਾਲ ਓਨਾਂ ਨੂੰ ਮਹੱਲਾਂ ਤੀਕ ਲਿਆਈ ਹੈ ਜਿਥੋਂ ਓਹ ਗਵਰਨਰ ਜਨਰਲ ਦੀ ਖਿਦਮਤ ਵਿਚ ਗਏ ਸਨ ਕਿ ਬ੍ਰਿਟਸ਼ ਗੌਰਮਿੰਟ ਦੇ ਆਗਿਆ ਪਾਲਕ ਬਣਨ ਦਾ ਕਰਾਰ ਕਰਨ ਅੰਤੇ ਆਪਣੇ ਆਂਪ ਨੂੰ ਅਤੇ ਆਪਣੀ ਰਾਜਧਾਨੀ ਨੂੰ ਅਤੇ ਆਪਣੇ ਮੁਲਕ ਨੂੰ ਗਵਰਨਰ ਜਨਰਲ ਦੀ ਅਮਨ ਦੀ ਛਾਂ ਵਿਚ ਲਿਔਣ ਗਵਰਨਰ ਜਨਰਲ ਫੇਰ ਬਹਾਲ ਕਰਕੇ ਫੇਰ ਮਹਿਲ ਵਿਚ ਭੇਜਿਆ ਤਾਂ ਕਿ ਮਹਾਰਾਜਾ ਨੂੰ ਮਹਾ-ਰਾਜਾ ਰਣਜੀਤ ਸਿੰਘ ਨਾਲ ਦੋਸਤੀ ਦੀ ਇਲਾਮਤ ਦਖੌਣ ਮਹਾਰਾਜ ਮਹਲ ਵਿਚ ਦਾਖਲ ਹੋਏ ਅਤੇ ੨੧ ਤੋਪਾਂ ਦੀ ਸਲਾਮੀ ਹੋਈ।

ਗਵਰਨਰ ਜਨਰਲ ਦਾ ਇਸ਼ਤਿਹਾਰ

ਜਿਸ ਮਹਲ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਟੱਬਰ ਰਹਿੰਦਾ ਸੀ ਓਸ ਦੇ ਦਰਵਾਜੇ ਅਤੇ ਕੋਟ ਉਤੇ ਅੰਗ੍ਰੇਜ਼ੀ ਫੌਜ ਦਾ ਪਹਿਰਾ ਚੌਂਕੀ ਸੀ,ਸਿਖਾਂ ਦੀ ਫੌਜ ਮੁਕਰਰ ਸੀ ਇਸ ਕਰਕੇ ਕਿ ਸ਼ਹਿਰ ਦਿਆਂ ਲੋਕਾਂ ਨੂੰ ਯਕੀਨ ਹੋਜਾਵੇ ਅਤੇ ਓਹ ਇਹ ਸਮਝਨ ਕਿ ਅੰਗ੍ਰੇਜ਼ਾਂ ਦੀ ਸਲਾਹ ਲੁੱਟ ਮਾਰ ਕਰਨ ਦੀ ਨਹੀਂ ਨਾ ਦੁਖ ਪੁਚੌਣ ਦੀ ਹੈ, ਇਹ ਸਖਤ ਹੁਕਮ ਜਾਰੀ ਕੀਤੇ ਗਏ ਕਿ ਦੂਜੇ ਹੁਕਮ ਤੀਕ ਕੋਈ ਯੂਰਪੀਨ ਸਵਾਰ ਸਿਵਾ ਓਨਾਂ ਅਹਿਲਕਾਰਾਂ ਦੇ ਜੇਹੜੇ ਸਰਕਾਰੀ ਕੰਮ ਲਈ ਘਲੇ ਜਾਣ ਸ਼ਹਿਰ ਦੇ ਨੇੜੇ ਨ ਆਵੇ। ੨੨ ਫਰਵਰੀ ਨੂੰ ਗਵਰਨਰ ਨੇ ਇਹ ਇਸ਼ਤਿਹਾਰ ਦਿਤਾ ਜਿਸ ਵਿਚ ਓਨਾਂ ਵਾਕਿਆਂ ਨੂੰ ਜੇਹੜੇ ਵਾਕਿਆ ਹੋਏ ਅਤੇ ਓਹ ਜਿੱਤਾਂ ਜੇਹੜੀਆਂ ਓਨਾਂ ਆਪਨੇ ਦੁਸ਼ਮਨਾਂ ਤੇ ਪਾਈਆਂ ਸਨ ਬਿਆਨ ਕੀਤੀਆਂ ਅਤੇ ਏਸ ਗਲ ਨੂੰ ਬੜੇ ਫਖਰ ਨਾਲ ਬਿਆਨ ਕੀਤਾ ਕਿ ੬੦ ਦਿਨ ਦੇ ਥੋੜੇ ਜਹੇ ਚਿਰ ਵਿੱਚ ਚਾਰ ਲੜਾਈਆਂ ਵਿਚ ਚੁਣਵੀਂ ਖਾਲਸਾ ਫੌਜ ਨੂੰ ਜਿਤਿਆ ਅਤੇ ੨੨੦ ਤੋਪਾਂ ਖੋਹੀਆਂ ਇਨਾਂ ਦੀ ਭਾਰੀ ਫੌਜ ਵਿਚ ੧੪੦੦੦ ਸਪਾਹੀ ਬਾਕੀ ਰਹੇ ਅਤੇ ਇਕ ਅਹਿਦਨਾਮਾ ਲਿਖਿਆ ਜਾ ਰਿਹਾ ਹੈ ਜਿਸ ਦੀਆਂ ਸ਼ਰਤਾਂ ਤੇ ਸਿਖ ਦੁਬਾਰਾ ਐਨ ਫਸਾਦ ਦੇ ਹਮਲੇ ਬਗੈਰ ਇਸ਼ਤਿਆਲ ਦੇ ਨਹੀਂ ਕਰਨ ਗੇ॥

ਲਾਹੌਰ ਵਿਚ ਵੱਡਾ ਖਾਣਾ

੫ ਤਰੀਕ ਨੂੰ ਲਹੌਰ ਵਿਚ ਗਵਰਨਰ ਜਨਰਲ ਨੇ ਬੜਾ ਡਿਨਰ ਦਿਤਾ ਕਿ ਤਮਾਮ ਅਫਸਰ ਅਤੇ ਕਮਾਂਡਰ ਇਨਚੀਫ ਸਰਚਾਰਲਸ ਨੇਪੀਅਰ ਜੋ ਆਪ ਸਨ ਟੋਸਟ ਖਾਧੇ ਗਏ ਅਤੇ ਸਪੀਚਾਂ ਦਿਤੀਆਂ ਗਈਆਂ ਇਸ ਵਿਚ ਇਕ ਦੂਸਰੇ ਦੀ ਤਾਰੀਫ ਕੀਤੀ ਇਸਦੇ ਪਿਛੋਂ ਫੌਜ ਦੀ ਸਿਫਤ ਆਗਈ ਹਰ ਚਿਹਰਾ ਖੁਸ਼ ਸੀ ਹਿਪ ਹਿਪ ਹੁੱਰੇ ਦਾ ਐਨਾ ਰੌਲਾ ਸੀ ਕਿ ਕੰਨ ਬੋਲੇ ਹੋਏ ਜਾਂਦੇ ਸਨ ॥

ਅਹਿਦਨਾਮੇ ਦੇ ਦਸਖਤ

੮ ਮਾਰਚ ੧੮੪੬ ਨੂੰ ਬ੍ਰਿਟਸ਼ ਗੌਰਮਿੰਟ ਅਤੇ ਲਾਹੌਰ ਦਰਬਾਰ ਦੇ ਵਿਚ ਜਿਹੜਾ ਰਾਜੀ ਨਾਵਾਂ ਲਿਖਿਆ ਗਿਆ ਹੈ ਉਸ ਉਤੇ ਅੰਗ੍ਰੇਜ਼ਾਂ ਵਲੋਂ ਮਿਸਟਰ ਗ੍ਰੇ ਸਾਹਿਬ ਅਤੇ ਮੇਜਰ ਲਾਰੰਸ ਸਾਹਿਬ ਨੇ ਦਸਤਖਤ ਕੀਤੇ ਅਤੇ ਮਹਾਰਾਜੇ ਵਲੋਂ ਸ੍ਰ: ਲਾਲ ਸਿੰਘ ਸ: ਤੇਜਾ ਸਿੰਘ ਭਾਈ ਰਾਮ ਸਿੰਘ ਦੀਵਾਨ ਦੀਨਾ ਨਾਥ ਫਕੀਰ ਨੂਰ ਦੀਨ ਨੇ ਦਸਖਤ ਕੀਤੇ ਇਸ ਮੌਕਿਆ ਤੇ ਸਿਖਾਂ ਨੇ ਮਹਾਰਾਜੇ ਵਲੋਂ ਮੇਜਰ ਲਾਰੰਸ ਦੇ ਨਾਂ ਖਤ ਪੇਸ਼ ਕੀਤਾ ਜਿਸ ਦਾ ਮਜ਼ਮੂਨ ਇਹ ਪੜ੍ਹਿਆ ਗਿਆ ਕਿ—"ਗਵਰਨਰ ਜਨਰਲ ਨੇ ਲਹੌਰ ਦਰਬਾਰ ਨੂੰ ਆਪਣੀ ਮਿਹਰਬਾਨੀ ਅਤੇ ਬਖਸ਼ਿਸ਼ ਦਾ ਯਕੀਨ ਦੁਆਇਆਹੈ ਸਾਡੀ ਵਡੀ ਮਨਸ਼ਾ ਇਹ ਹੈ ਕਿ ਜਦੋਂ ਗੌਰਮਿੰਟ ਇਹ ਕੋਸ਼ਿਸ਼ ਕਰਦੀ ਹੈ ਕਿ ਸਾਰਿਆਂ ਕੰਮਾਂ ਦਾ ਬੰਦੋਬਸਤ ਚੰਗਾ ਹੋ ਜਾਵੇ ਅਤੇ ਇਹ ਜ਼ਰੂਰ ਹੈ ਅਸਰ ਵਾਲੀਆਂ ਅਤੇ ਕਾਰਗਰ ਤਦਬੀਰਾਂ ਕੀਤੀਆਂ ਜਾਣ ਕਿ ਦੁਬਾਰਾ ਕੋਈ ਫਸਾਦ ਖੜਾ ਨ ਹੋਵੇ ਇਸ ਲਈ ਕਈ ਰਜਮਟਾ ਸਣੇ ਤੋਪਖਾਨਿਆਂ ਅਤੇ ਅਫਸਰਾਂ ਦੇ ਲਹੌਰ ਵਿਚ ਰਿਆਸਤ ਮਹਾਰਾਜਾ ਦੀ ਰਾਖੀ ਅਤੇ ਅਮਨ ਚੈਨ ਲਈ ਰਹੀਆਂ ॥"

ਗਵਰਨਰ ਜਨਰਲ ਦਾ ਦਰਬਾਰ ਰਾਜੀ ਨਾਵੇਂ ਦੀ ਤਸਦੀਕ ਲਈ

੯ ਮਾਰਚ ਨੂੰ ਇਸ ਭਲਿਆਈ ਦੇ ਰਾਜੀ ਨਾਵੇਂ ਨੂੰ ਬਾਦਸ਼ਾਹੀ ਤੰਬੂ ਵਿਚ ਗਵਰਨਰ ਜਨਰਲ ਨੇ ਤਸਦੀਕ ਕੀਤਾ, ਮਹਾਰਾਜਾ ਦਲੀਪ ਸਿੰਘ ਅਤੇ ਓਸ ਦੇ ਨਾਲ ਰਾਜਾ ਲਾਲਸਿੰਘਰਾਜਾ ਗੁਲਾਬਸਿੰਘਸਰਦਾਰ ਤੇਜ ਸਿੰਘ ਅਤੇ੨੦ਸਰਦਾਰ ਹੋਰ ਹਾਜਰ ਸਨ,ਕਮਾਂਡਰ ਇਨਚੀਫ ਨੇ ਓਸਦਾ ਸਾਰਾ ਮਹਿਕਮਾ ਸਰ ਚਾਰਲਸ ਨੇਪੀਅਰ ਗਵਰਨਰ ਸਿੰਧ ਕੁਲ ਜਨਰਲ ਅਤੇ ਬਰਗੇਡੀਅਰ ਹਰ ਹਿੰਦੁਸਤਾਨੀ ਰਜਮਟ ਦਾ ਇਕ ਅਫਸਰ ਸੀ, ਗਵਰਨਰ ਜਨਰਲ ਇਕ ਤਖਤ ਤੇ, ਮਹਾਰਾਜਾ ਦਲੀਪ ਸਿੰਘ ਦੂਜੇ ਤਖਤ ਤੇ ਬੈਠੇ ਸਨ, ਰਾਜੀ ਨਾਵੇਂ ਤੇ ਦਸਖਤ ਹੋਏ ਅਤੇ ਓਸ ਦਾ ਬਕਸ ਇਕ ਦੂਜੇ ਨੂੰ ਦਿਤਾ ਗਿਆ ਗਵਰਨਰ ਜਨਰਲ ਨੇ ਲੈਕਚਰ ਦਿੱਤਾ ਜਿਸ ਦਾ ਤਰਜਮਾ ਮਿਸਟਰ ਗ੍ਰੇ ਸਾਹਿਬ ਨੇ ਦਰਬਾਰ ਵਾਲਿਆਂ ਨੂੰ

ਸੁਨਾਇਆ ਇਸ ਤਰਜਮੇ ਵਿਚ ਹੈਨਰੀ ਨੇ ਵਾਰ ਵਾਰ ਆਪਣੀ ਇਹ ਮਰਜ਼ੀ ਦਸੀ ਕਿ ਓਹ ਓਨ੍ਹਾਂ ਦੋਹਾਂ ਗੌਰਮਿੰਟਾਂ ਦੇ ਵਿਚ ਬਿਹਤ੍ਰੀ ਅਤੇ ਦੋਸਤੀ ਦਾ ਖਾਹਿਸ਼ਮੰਦ ਹੈ ਓਹ ਚਾਹੁੰਦਾ ਹੈ ਕਿ ਸਿਖ ਗੌਰਮਿੰਟ ਫੇਰ ਐਸੀ ਕੌਮ ਹੋਜਾਵੇ ਕਿ ਓਹ ਆਪਣੀ ਫੌਜ ਨੂੰ ਕਾਬੂ ਰਖ ਸਕੇ ਅਤੇ ਆਪਣੀ ਰੱਯਤ ਨੂੰ ਅਰਾਮ ਵਿਚਰਖਸਕੇ ਅਤੇ ਆਪਣੇ ਗੁਆਂਢੀਆਂ ਦੇ ਹੱਕਾਂ ਦਾ ਲਿਹਾਜ ਰਖ ਸਕੇ।ਮਹਾਰਾਜਾ ਰਨਜੀਤ ਸਿੰਘ ਦਾ ਜਿਹੜਾ ਦੋਸਤਾਨਾ ਤਰੀਕਾ ਗੌਰਮਿੰਟ ਇੰਗਲਸ਼ੀਆ ਨਾਲ ਸੀ ਓਸ ਨੂੰ ਸਲਾਹਿਆ ਅਤੇ ਅਗੋਂ ਵਾਸਤੇ ਓਸ ਦੇ ਨਮੂਨੇ ਦੇ ਮਗਰ ਚਲਣ ਦੀ ਹਦਾਇਤ ਕੀਤੀ ਅਤੇ ਕਰਾਰਾਂ ਦੀ ਸਚਾਈ ਅਤੇ ਦਨਾਈ ਨਾਲ ਪੂਰੇ ਹੋਣ ਲਈ ਚਾਹ ਪਰਗਟ ਕੀਤੀ ਓਨਾਂ ਨੇ ਦਸਿਆ ਕਿ ਗੌਰਮਿੰਟ ਨਹੀਂ ਚਾਹੁੰਦੀ ਕਿ ਦੁਸ਼ਮਨੀ ਵੈਰ ਅਤੇ ਲੜਾਈ ਝਗੜਿਆਂ ਨਾਲ ਆਪਣੇ ਰਾਜ ਨੂੰ ਵਡਾ ਕਰੇ ਅਤੇ ਓਹ ਕਿਸੇਤਰਾਂ ਨਹੀਂ ਚਾਹੁੰਦੀ ਕਿ ਦਰਬਾਰ ਦੇ ਅੰਦਰੂਨੀ ਕੰਮਾਂ ਵਿਚ ਦਖਲ ਦੇਵੇ ਦਰਬਾਰ ਨੇ ਜਿਹੜੀ ਬੜੇ ਸ਼ੌਕ ਨਾਲ ਦਰਖਾਸਤ ਕੀਤੀ ਸੀ ਕਿ ਜਿਨਾਂ ਚਿਰ ਸਿਖ ਫੌਜ ਦਾ ਨਵੇਂ ਸਿਰੇ ਇੰਤਜ਼ਾਮ ਨਹੀਂ ਹੁੰਦਾ ਅੰਗ੍ਰੇਜ਼ੀ ਫੌਜ ਲਹੌਰ ਵਿਚ ਛਡੀ ਜਾਵੇ ਇਸ ਨੂੰ ਮੈਂ ਮਨਜ਼ੂਰ ਕੀਤਾ ਪਰ ਯਕੀਨ ਹੈ ਕਿ ਫੌਜ ਸਾਲ ਦੇ ਖਤਮ ਹੋਣ ਦੇ ਪਿਛੋਂ ਲਹੌਰ ਵਿਚ ਨਹੀਂ ਰੈਹ ਸਕਦੀ ਫੇਰ ਓਸਨੇ ਕਿਹਾ ਕਿ ਦੋਸਤਾਨਾ ਮੱਦਦ ਜਿਹੜੀ ਗੌਰਮਿੰਟ ਨੇ ਕੀਤੀ ਹੈ ਦਰਬਾਰ ਓਸ ਨੂੰ ਅਕਲ ਮੰਦਾਨਾ ਅਤੇ ਸਾਰੀਆਂ ਕੋਸ਼ਸ਼ਾਂ ਨਾਲ ਪੈਰਵੀ ਕਰੇ ਤਾਂ ਰਿਆਸਤ ਖੁਸ਼ਹਾਲ ਹੋਜਾਊਗੀ ਅਤੇ ਮੈਂ ਵੀ ਓਸ ਦੇ ਨਾਲੋਂ ਕੰਮ ਕਰਨ ਵਿਚ ਨਾਂਹ ਨਿਮ ਨਹੀਂ ਕਰੂੰਗਾ ਪਰ ਜੇ ਓਨ੍ਹਾਂ ਨੇ ਏਸ ਵਿਚ ਗਫਲਤ ਕੀਤੀਤਾਂ ਗੌਰਮਿੰਟਓਸਦੀ ਮਦਦਨਹੀਂ ਕਰੂਗੀ॥

ਰਾਜ਼ੀ ਨਾਵੇਂ ਦੀਆਂ ਸ਼ਰਤਾਂ

ਅਹਿਦਨਾਮਾ ਜਿੰਹੜਾ ੯ ਮਾਰਚ ਨੂੰ ਤਸਦੀਕ ਹੋਇਆ ਓਸ ਵਿਚ ਰਾਜ਼ੀ ਨਾਵੇਂ ਦੀਆਂ ਸ਼ਰਤਾਂ ਹੇਠਲੀਆਂ ਦਫਆਂ ਵਿਚ ਬਿਆਨ ਕੀਤੀਆਂ ਜਾਂਦੀਆਂ ਹਨ॥

ਦਫ਼ਾ ਪਹਿਲੀ-ਬ੍ਰਿਟਸ਼ ਗੌਰਮਿੰਟ ਅਤੇ ਮਹਾਰਾਜਾ ਦਲੀਪ ਸਿੰਘ ਅਤੇ ਓਸ ਦੇ ਵਾਰਸਾਂ ਦੇ ਵਿਚ ਹਮੇਸ਼ਾ ਬਿਹਤ੍ਰੀ ਅਤੇ ਦੋਸਤੀ ਰਹੂਗੀ॥

ਦਫ਼ਾ ਦੂਜੀ-ਮਹਾਰਾਜਾ ਦਲੀਪ ਸਿੰਘ ਆਪਣੇ ਅਤੇ ਆਪਣੇ ਵਾਰਸਾਂ ਦੇ ਸਾਰੇ ਦਾਵਿਆਂ ਤਅੱਲਕਾਂ ਤੋਂ ਹਥ ਉਠਾ ਲਵੇ ਜਿਹੜੇ ਓਸ ਦੇ ਓਸ ਮੁਲਕ ਵਿਚ ਹਨ ਜਿਹੜਾ ਸਤਲੁਜ ਦੇ ਦਖਣ ਵਿਚ ਹੈ ਅਤੇ ਅਹਿਦ ਕਰਦੇ ਹਨ ਕਿ ਇਸ ਮੁਲਕ ਨਾਲ ਅਤੇ ਇਸ ਮੁਲਕ ਦੇ ਲੌਕਾਂ ਨਾਲ ਕੋਈ ਤਅੱਲਕ ਨਹੀਂ ਰਖਣ ਗੇ॥

ਦਫ਼ਾ ਤੀਜੀ–ਮਹਾਰਾਜਾ ਹਮੇਸ਼ਾਂ ਵਾਸਤੇ ਮਦਾਨੀ ਅਤੇ ਪਹਾੜੀ ਮੁਲਕ ਨੂੰ ਜੇਹੜਾ ਬਿਆਸ ਅਤੇ ਸਤਲੁਜ ਦੇ ਵਿਚ ਹੈ ਅਤੇ ਏਸ ਦੁਆਬੇ ਦਿਆਂ ਸਾਰਿਆਂ ਕਿਲਿਆਂ ਅਤੇ ਮੁਲਕਾਂ ਦੀ ਹਕੂਮਤ ਅਤੇ ਹਕਾਂ ਨੂੰ ਔਨਰੇਬਲ ਕੰਪਨੀ ਨੂੰ ਹਵਾਲੇ ਕਰਦੇ ਹਨ ॥

ਦਫ਼ਾ ਚੌਥੀ–ਇਨ੍ਹਾਂ ਮੁਲਕਾਂ ਦੇ ਹਵਾਲੇ ਕਰਨ ਦੇ ਸਿਵਾ ਬ੍ਰਿਟਸ਼ ਗੌਰਮਿੰਟ ਲਹੌਰ ਦੀ ਰਿਆਸਤ ਥੋਂ ਲੜਾਈ ਦੇ ਖਰਚ ਦਾ ਬਦਲਾ ਡੇਢ ਕਰੋੜ ਰੁਪਯਾ ਮੰਗਦੀ ਹੈ ਏਸ ਸੂਰਤ ਵਿਚ ਕਿ ਓਹ ਰੁਪਈਆ ਅਦਾ ਨ ਕਰ ਸਕੇਗੀ ਯਾ ਅਦਾ ਕਰਨ ਦੀ ਕੋਈ ਜ਼ਮਾਨਤ ਨ ਦੇ ਸਕੇਗੀ ਜਿਸ ਉਤੇ ਬ੍ਰਿਟਸ਼ ਗੌਰਮਿੰਟ ਨੂੰ ਇਤਬਾਰ ਹੋਵੇ ਤਾਂ ਮਹਾਰਾਜਾ ਓਸ ਦੇ ਬਦਲੇ ਇਕ ਕਰੋੜ ਰੁਪਯਾ ਮੁਲਕ ਦਾ ਰਾਜ ਹਮੇਸ਼ਾਂ ਲਈ ਔਨਰੇਬਲ ਕੰਪਣੀ ਨੂੰ ਦੇਊਗਾ ਅਤੇ ਇਹ ਪਹਾੜੀ ਮੁਲਕ ਦਰਿਆ ਬਿਆਸ ਅਤੇ ਸਿੰਧ ਦੇ ਵਿਚਕਾਰ ਹੈ ਜਿਸ ਵਿਚ ਕਸ਼ਮੀਰ ਅਤੇ ਹਜਾਰਾ ਦਾਖਲ ਹੋਊਗਾ ਓਸ ਦੇ ਕਿਲੇ ਮੁਲਕ ਹਕੂਕ ਸਭ ਹਵਾਲੇ ਕੀਤੇ ਜਾਣ ਗੇ ॥

ਦਫ਼ਾ ਪੰਜਵੀਂ–ਇਸ ਵੇਲੇ ਇਸ ਅਹਿਦ ਨਾਵੇਂ ਦੀ ਤਸਦੀਕ ਤੋਂ ਪਹਿਲਾ ਪੰਜ ਲਖ ਰੁਪਯਾ ਮਹਾਰਾਜ ਦੇਵੇ ॥

ਦਫ਼ਾ ਛੇਵੀਂ–ਮਹਾਰਾਜ ਮੁਆਹਦਾ ਕਰਦਾ ਹੈ ਕਿ ਲਾਹੌਰ ਦੀ ਆਕੀ (ਸਰਕਸ਼) ਫੌਜ ਤੋਂ ਹਥਿਆਰ ਲੈਕੇ ਮੌਕੂਫ ਕਰੂਗਾ ਅਤੇ ਮਹਾਰਾਜ ਇਹ ਵੀ ਕਰਾਰ ਕਰਦਾ ਹੈਕਿ ਮਹਾਰਾਜਾ ਰਣਜੀਤਸਿੰਘਦੇਜਮਾਨੇਵਿਚ ਪੈਦਲਾਂ ਦੀ ਰਜਮਟਾਂ ਦਾ ਜਿਹੜਾ ਇੰਤਜ਼ਾਮ ਸੀ ਅਤੇ ਜੇਹੜੀਆਂ ਤਨਖਾਹਾਂ ਓਨ੍ਹਾਂ ਨੂੰ ਮਿਲਦੀਆਂ ਸਨ ਅਤੇ ਜੇਹੜੇ ਹੋਰ ਕੈਦੇ ਸਨ ਓਨ੍ਹਾਂ ਦਾ ਪਾਬੰਦ ਹੋਉਗਾ ਅਤੇ ਇਹ ਭੀ ਕਰਾਰ ਕਰਦਾਹੈਕਿ ਜਿਨਾਂ ਸਿਪਾਹੀਆਂ ਨੂੰ ਉਤਲੀ ਸ਼ਰਤ ਦੇ ਮੁਤਾਬਕ ਮੌਕੂਫ ਕਰੂਗਾ ਓਨ੍ਹਾਂ ਦੀ ਚੜ੍ਹੀ ਹੋਈ ਤਨਖਾਹ ਦੇਊਗਾ ਹੁਣ ਤੋਂ ਲਹੌਰ ਦੀ ਰਿਆਸਤ ਦੀ ਫੌਜ ਦੀ ਗਿਣਤੀ ਇਹ ਹੋਵੇਗੀ ॥

ਦਫ਼ਾ ਸਤਵੀਂ–ਪਿਆਦਿਆਂ ਦੀਆਂ ੨੫ ਪਲਟਨਾ ਜਿਨ੍ਹਾਂ ਵਿਚੋਂ ਹਰ ਇਕ ਵਿਚ ੮ ਸੌ ਸਪਾਹੀ ਹੋਣ ਗੇ, ੧੨ ਹਜਾਰ ਇਸ ਗਿਣਤੀ ਬਿਨਾ ਮਨਜ਼ੂਰੀ ਬ੍ਰਿਟਸ਼ ਗੋਰਮਿੰਟ ਦੇ ਵਧ ਨਹੀਂ ਹੋਵੇਗੀ ਏਸ ਕਰਕੇ ਏਸ ਦੀ ਜਿਆਦਤੀ ਇਸ ਦੀ ਲੋੜ ਪਊਗੀ ਤਾਂ ਉਸ ਸੂਰਤ ਦੀ ਵਜ੍ਹਾ ਬ੍ਰਿਟਸ਼ ਗੌਰਮਿੰਟ ਦੇ ਸਾਹਮਣੇ ਦਸਣੀ ਪਊਗੀ ਜਦੋਂ ਖਾਸ ਲੋੜ ਪੂਰੀ ਹੋ ਜਾਊਗੀ ਤਾਂ ਵੀ ਓਸ ਦੀ ਗਿਣਤੀ ਘਟਾਉਣੀ ਪਊਗੀ ਜਿੰਨੀ ਉਤੇ ਦਸੀ ਹੈ ॥

ਦਫ਼ਾ ਅਠਵੀਂ–ਮਹਾਰਾਜਾ ਬ੍ਰਿਟਸ਼ ਗੌਰਮਿੰਟ ਨੂੰ ੩੬ ਤੋਪਾਂ ਦੇਊਗਾ ਜਿਹੜੀਆਂ ਅੰਗ੍ਰੇਜ਼ੀ ਫੌਜ ਤੇ ਚਲਾਈਆਂ ਗਈਆਂ ਸਨ, ਸਤਲੁਜ ਦੇ ਸਜੇ ਬੰਨੇ ਲਾਈਆਂ ਗਈਆਂ ਸਨ ਅਤੇ ਸਭਰਾਵਾਂ ਦੀ ਲੜਾਈ ਵਿਚ ਖੋਹੀਆਂ ਜਾਣ ਤੋਂ ਬਚ ਰਹੀਆਂ ਸਨ ॥

ਦਫਾ ਨੌਵੀਂ–ਜਿਨ੍ਹਾਂ ਦਰਿਆਵਾਂ ਤੇ ਬ੍ਰਿਟਸ਼ ਗੌਰਮਿੰਟ ਦਾ ਕਬਜਾ ਰਹੂਗਾ ਓਨ੍ਹਾਂ ਦਾ ਮਸੂਲ ਓਹੋਹੀ ਲਊਗੀ ।ਤਫਸੀਲ ਦਰਿਆ–ਸਤਲੁੱਜ, ਬਿਆਸ ਜਿਹੜਾ ਅਗੇ ਵਧਕੇ ਘਾਰਾ ਅਤੇ ਪੰਜ ਨਦ ਅਖ-ਵਾਂਦਾ ਹੈ ਅਤੇ ਮਿਠਨ ਕੋਟ ਤੇ ਸਿੰਧ ਨਾਲ ਮਿਲਦਾ ਹੈ ਅਤੇ ਜਿਹੜੀਆਂ ਬੇੜੀਆਂ ਲਾਹੌਰ ਦੀਆਂ ਸੁਦਾਗਰੀ ਜਾਂਦੀਆਂ ਰਹਿੰਦੀਆਂ ਹੋਣਗੀਆਂ ਗੌਰਮਿੰਟ ਓਨ੍ਹਾਂ ਨੂੰ ਨਹੀਂ ਰੋਕੂਗੀ।

ਦਫਾ ਦੱਸਵੀਂ–ਜੇਕਰ ਗੌਰਮਿੰਟ ਅੰਗ੍ਰੇਜ਼ੀ ਕਿਸੇ ਵੇਲੇ ਚਾਹੇ ਕਿ ਆਪਣੀ ਫੌਜ ਨੂੰ ਮਹਾਰਾਜੇ ਦੇ ਰਾਜ ਵਿਚ ਦੀ ਆਪਣੀ ਹੱਦ ਦੀ ਰਾਖੀ ਲਈ ਜਾਂ ਕਿਸੇ ਦੋਸਤ ਦੀ ਮੱਦਦ ਵਾਸਤੇ ਲੈਜਾਵੇ ਤਾਂ ਓਸ ਦੀ ਉਚੇਚੀ ਖਬਰ ਦੇਣ ਨਾਲ ਓਹ ਲਾਹੌਰ ਦੇ ਰਾਜ ਵਿਚੋਂ ਦੀ ਲੰਘ ਜਾਵੇਗੀਐਸੇਵੇਲੇਅਫਸਰਾਂਦਾ ਇਹਕੰਮ ਹੋਵੇਗਾ ਕਿਓਸਦੇਵਾਸਤੇ ਸਾਮਾਨ ਰਸਦ ਦਰਿਆਵਾਂ ਦੇਲੰਘਣ ਲਈ ਬੇੜੀ ਹਾਜਰ ਕਰਨ ਬ੍ਰਿਟਸ਼ ਗੌਰਮਿੰਟ ਓਨ੍ਹਾਂ ਬੇੜੀਆਂ ਅਤੇ ਸਾਮਾਨ ਦਾ ਮੁਲ ਦੇਊਗੀ, ਜਿਨ੍ਹਾਂ ਲੋਕਾਂ ਦਾ ਨੁਕਸਾਨ ਏਸ ਫੌਜ ਦੇ ਲੰਘਣ ਨਾਲ ਹੋਊਗਾ ਓਸਦਾ ਬਦਲਾ ਦੇਵੇਗੀ ਅਤੇ ਜਿਨ੍ਹਾਂ ਜਿਨ੍ਹਾਂ ਥਾਵਾਂ ਵਿਚ ਦੀ ਫੌਜ ਲੰਘੇਗੀ ਓਨ੍ਹਾਂ ਦੇ ਲੋਕਾਂ ਦੇ ਮਜ਼ਬ ਦਾ ਐਨਾ ਲਿਹਾਜ ਰਖੂਗੀ ਕਿ ਓਨ੍ਹਾਂ ਦਾ ਜੀ ਨਾ ਦੁਖੇ।

ਦਫਾ ਯਾਰ੍ਹਵੀਂ–ਮਹਾਰਾਜਾ ਕਰਾਰ ਕਰਦਾ ਹੈ ਕਿ ਬ੍ਰਿਟਸ਼ ਗੌਰਮਿੰਟ ਦੀ ਮਨਜੂਰੀ ਬਿਨਾਂ ਕਿਸੇ ਬ੍ਰਿਟਸ਼ ਰਿਆਇਆ ਨੂੰ ਜਾਂ ਅਮ੍ਰੀਕਾ ਅੰਫ੍ਰੀਕਾ ਦੇ ਕਿਸੇ ਆਦਮੀ ਨੂੰ ਨੌਕਰ ਨਹੀਂ ਰਖੂਗਾ।

ਦਫਾ ਬਾਰ੍ਹਵੀਂ–ਮਹਾਰਾਜਾ ਗੁਲਾਬ ਸਿੰਘ ਜੰਮੂ ਨੇਲਾਹੌਰ ਰਿਆਸਤ ਦੀ ਖਿਦਮਤ ਕੀਤੀ ਹੈ ਜਿਸ ਨਾਲ ਗੌਰਮਿੰਟ ਪੰਜਾਬ ਅਤੇ ਗੌਰਮਿੰਟ ਅੰਗ੍ਰੇਜ਼ੀ ਵਿਚ ਮੇਲ ਮਲ਼ਾਪ ਹੋਇਆ, ਮਹਾਰਾਜਾ ਕਬੂਲ ਕਰਦਾ ਹੈ ਕਿ ਪਹਾੜਾਂ ਦਿਆਂ ਉਨ੍ਹਾਂ ਜਿਲਿਆਂ ਵਿਚ ਓਹ ਆਪਣਾ ਅਜ਼ਾਦ ਰਾਜ ਰਖੇ ਜਿਨ੍ਹਾਂ ਨੂੰ ਬ੍ਰਿਟਸ਼ ਗੌਰਮਿੰਟ ਨੇ ਅਬ ਰਾਜੀ ਨਾਵੇਂ ਦੇ ਮੁਤਾਬਕ ਜਿਹੜਾ ਉਸਦੇ ਅਤੇ ਗੌਰਮਿੰਟ ਅੰਗ੍ਰੇਜ਼ੀ ਦੇ ਵਿਚ ਹੋਇਆ ਹੈ ਦਿਤਾ ਹੈ। ਮੁਲਕ ਰਾਜੇ ਦੇ ਕਬਜੇ ਵਿਚ ਖੜਕ ਸਿੰਘ ਦੇ ਜਮਾਨੇ ਤੋਂ ਸੀ ਅਤੇ ਬ੍ਰਿਟਸ਼ ਗੌਰਮਿੰਟ

ਵੀ ਗੁਲਾਬ ਸਿੰਘ ਦੀਆਂ ਖਿਦਮਤਾਂ ਦੇ ਬਦਲੇ ਵਿਚ ਜਿਹੜੀਆਂ ਉਸਨੇ ਬ੍ਰਿਟਸ਼ ਗੌਰਮਿੰਟ ਦੀਆਂਕੀਤੀਆਂ ਹਨ ਏਸ ਮੁਲਕ ਵਿਚ ਉਸਦੇ ਅਜ਼ਾਦਾਨਾ ਰਾਜ ਨੂੰ ਮਨਜ਼ੂਰ ਕਰਦੀ ਹੈ ਅਤੇ ਏਸ ਰਾਜੀਨਾਵੇਂ ਤੋਂ ਜਿਹੜਾ ਬ੍ਰਿਟਸ਼ ਗੌਰਮਿੰਟ ਨਾਲ ਹੋਇਆ ਹੈ ਉਸਨੂੰ ਫੈਦਾ ਉਠੌਣ ਦਿੰਦੀ ਹੈ।

ਦਫਾ ਤੇਰ੍ਹਵੀਂ–ਜੇਕਰ ਲਾਹੌਰ ਰਿਆਸਤ ਦੇ ਰਾਜੇ ਦਾ ਗੁਲਾਬ ਸਿੰਘ ਨਾਲ ਫਸਾਦ ਖੜਾ ਹੋਇਆ ਤਾਂ ਓਹ ਫੈਸਲੇ ਵਾਸਤੇ ਬ੍ਰਿਟਸ਼ ਗੌਰਮਿੰਟ ਦੇ ਹਵਾਲੇ ਕੀਤਾ ਜਾਵੇਗਾ ਓਹ ਜੋ ਫੈਸਲਾ ਕਰੂਗੀ ਮਹਾਰਾਜਾ ਉਸਦੇ ਮੰਨਣ ਦਾ ਕਰਾਰ ਕਰਦਾ ਹੈ।

ਦਫਾ ਚੌਧਵੀਂ–ਗੌਰਮਿੰਟ ਅੰਗ੍ਰੇਜ਼ੀ ਨਾਲ ਸਲਾਹ ਦੇ ਬਿਨਾਂ ਲਹੌਰ ਦੇ ਰਾਜ ਦੀਆਂ ਹੱਦਾਂ ਨਹੀਂ ਬਣਨਗੀਆਂ।

ਦਫਾ ਪੰਦ੍ਰਵੀਂ–ਲਹੌਰ ਰਿਆਸਤ ਦੇ ਅੰਦਰੂਨੀ ਇੰਤਜ਼ਾਮਾਂ ਵਿਚ ਬ੍ਰਿਟਸ਼ ਗੌਰ-ਮਿੰਟ ਕੋਈ ਦਖਲ ਨਹੀਂ ਦੇਊਗੀ ਪਰ ਉਨ੍ਹਾਂ ਹਾਲਤਾਂ ਦੇ ਵਿਚ ਬ੍ਰਿਟਸ਼ ਗੌਰਮਿੰਟ ਵਲ ਰਜੂਹ ਕੀਤੀ ਜਾਊਗੀ ਤਾਂ ਗਵਰਨਰ ਜਨਰਲ ਸਲਾਹ ਨਾਲ ਮਦਤ ਕਰੂਗਾ ਅਤੇ ਲਾਹੌਰ ਗੌਰਮਿੰਟ ਦਿਆਂ ਨਫਿਆਂ ਨੂੰ ਵਧੌਣ ਵਿਚ ਨੇਕ ਸਲਾਹ ਦੇਊਗਾ।

ਦਫਾ ਸੋਲ੍ਹਵੀਂ–ਹਰ ਇਕ ਰਾਜ ਦੀ ਰੱਯਤ ਇਕ ਦੂਜੇ ਮੁਲਕ ਵਿਚ ਜਾਏ ਤੇ ਮਲੂਮ ਹੋਵੇ ਕਿ ਓਹ ਦੋਸਤ ਕੌਮ ਦੀ ਰੱਯਤ ਹੈ ਇਹ ਅਹਿਦ ਨਾਮਾ ੯ ਮਾਰਚ ੧੮੪੬ ਈ: ਮੁਤਾਬਕ੧੦ ਰਬੀਅਉਲਸਾਨੀ ੧੨੬੨ ਹਿਜਰੀ ਨੂੰ ਤਸਦੀਕ ਹੋਇਆ।

੧੧ ਮਾਰਚ ੧੮੪੬ ਈ: ਨੂੰ ਲਹੌਰ ਗੌਰਮਿੰਟ ਨੇ ਗਵਰਨਰ ਜਨਰਲ ਪਾਸ ਦਰਖਾਸਤ ਕੀਤੀ ਕਿ ਮਹਾਰਾਜ ਅਤੇ ਰਾਜਧਾਨੀ ਦੀ ਰਾਖੀ ਲਈ ਜਿਨ੍ਹਾਂ ਚਿਰ ਫੌਜ ਦਾ ਦੂਜਾ ਇੰਤਜ਼ਾਮ ਨਾ ਕੀਤਾ ਜਾਵੇਗਾ ਅੰਗ੍ਰੇਜ਼ੀ ਫੌਜ ਦਾ ਮਕਰਰ ਕਰਨਾ ਜਰੂਰੀ ਹੈ ਇਸਦੇ ਅਹਿਦ ਨਾਵੇਂ ਵਿਚ ੧੧ ਮਾਰਚ ਨੂੰ ੮ ਦਫਾ ਹੋਰ ਵਧਾਈਆਂ ਗਈਆਂ।

ਦਫਾ ਪਹਿਲੀ–ਬ੍ਰਿਟਸ਼ ਗੌਰਮਿੰਟ ਲਾਹੌਰ ਵਿਚ ਏਨੀ ਫੌਜ ਮੁਕਰਰ ਰਖੂਗੀ ਜਿੰਨੀ ਜਿੰਨੀ ਗਵਰਨਰ ਜਨਰਲ ਦੇ ਨੇੜੇ ਰਾਜੇ ਅਤੇ ਸ਼ਹਿਰ ਦੇ ਲੋਕਾਂ ਦੀ ਰਾਖੀ ਲਈ ਓਸ ਚਿਰ ਲਈ ਕਾਫੀ ਹੋਊਗੀ ਜਿਨੇ ਚਿਰ ਵਿਚ ਸਿਖ ਫੌਜ ਦਾ ਨਵੇਂ ਸਿਰੇ ਬੰਦੋ ਬਸਤ ਨਹੀਂ ਕੀਤਾ ਜਾਵੇਗਾ। ਏਸ ਫੌਜਦਾ ਏਹ ਮਤਲਬ ਹੈ ਜੇਕਰ ਦਰਬਾਰਦੀ ਰਾਏ

ਦੇ ਮੁਤਾਬਕ ਪੂਰਾ ਹੋਗਿਆ ਤਾਂ ਸਾਲ ਖਤਮ ਹੋਣ ਤੋਂ ਪਹਿਲੋਂ ਇਹ ਫੌਜ ਓਸੇ ਵੇਲੇ ਵਾਪਸ ਬੁਲਾਈ ਜਾਊਗੀ ਜਿਸ ਵਿਚ ਓਸ ਨੂੰ ਦੁਖ ਨ ਹੋਵੇ ਪਰ ਸਾਲ ਖਤਮ ਹੋਣ ਦੇ ਪਿਛੋਂ ਓਹ ਕਿਸੇ ਸੂਰਤ ਵਿਚ ਲਹੌਰ ਨਹੀਂ ਰੈਹ ਸਕਦੀ।

ਦਫਾ ਦੂਜੀ–ਲਹੌਰ ਗੌਰਮਿੰਟ ਨੇ ਇਹ ਮਨਜ਼ੂਰ ਕਰ ਲਿਆ ਹੈ ਕਿ ਲਹੌਰ ਵਿਚ ਅੰਗ੍ਰੇਜ਼ੀ ਫ਼ੌਜ ਜਿਹੜੀ ਓਨਾਂ ਕੰਮਾਂ ਲਈ ਆਈ ਸੀ ਜਿਹੜੇ ਉਪਰਲੀ ਦਫਾ ਵਿਚ ਦਸੇ ਹਨ ਮੁਕੱਰਰ ਹੋਈ ਹੈ, ਓਹ ਕਿਲੇ ਅਤੇ ਸ਼ਹਿਰ ਲਹੌਰ ਉਤੇ ਬਿਲਕੁਲ ਕਬਜਾ ਰਖੂਗੀ ਅਤੇ ਸ਼ਹਿਰ ਦੇ ਵਿਚੋਂ ਸਿਖਾਂ ਦੀ ਫੌਜ ਕਢ ਦਿਤੀ ਜਾਊਗੀ ਲਹੌਰ ਗੌਰਮਿੰਟ ਕਰਾਰ ਕਰਦੀ ਹੈ ਕਿ ਓਸ ਫੌਜ ਦੇ ਸਪਾਹੀਆਂ ਅਤੇ ਅਫਸਰਾਂ ਲਈ ਅਰਾਮ ਦੇ ਮਕਾਨ ਤਜਵੀਜ਼ ਕਰੂਗੀ ਜੇਕਰ ਇਹ ਫੌਜ ਆਪਣੀ ਛੌਣੀਆਂ ਤੋਂ ਕਿਸੇ ਹੋਰ ਕੰਮ ਜਾਂ ਗੈਰ ਰਿਆਸਤਾਂ ਵਿਚ ਘਲੀ ਜਾਊਗੀ ਤਾਂ ਓਸ ਦਾ ਮਾਮੂਲੀ ਖਰਚ ਬ੍ਰਿਟਸ਼ ਗੌਰਮਿੰਟ ਦਾ ਹੋਊਗਾ ਅਤੇ ਓਸ ਨੂੰ ਓਹ ਦਿਤਾ ਜਾਊਗਾ।

ਦਫਾ ਤੀਜੀ–ਲਹੌਰ ਗੌਰਮਿੰਟ ਕਰਾਰ ਕਰਦੀ ਹੈ ਕਿ ਓਹ ਆਪਣੀ ਫੌਜ ਦਾ ਨਵੇਂ ਸਿਰੇ ਬੰਦੋਬਸਤ ਅਹਿਦਨਾਮੇ ਦੀਆਂ ਸ਼ਰਤਾਂ ਦੇ ਮੁਤਾਬਕ ਬੜੇ ਸ਼ੌਕ ਨਾਲ ਲਗੀ ਰਹੂਗੀ ਓਸ ਵਿਚ ਜਿੰਨੀ ਤ੍ਰੱਕੀ ਹੁੰਦੀ ਜਾਊਗੀ ਅਤੇ ਫੌਜ ਦੇ ਰਹਿਣ ਲਈ ਜਿਹੜੇ ਮਕਾਨ ਤਜਵੀਜ਼ ਹੋਣਗੇ ਉਨ੍ਹਾਂ ਦੀ ਖਬਰ ਅੰਗ੍ਰੇਜ਼ੀ ਹਾਕਮਾਂ ਨੂੰ ਕਰਦੀ ਰਿਹਾ ਕਰੂਗੀ ਜਿਹੜੇ ਲਹੌਰ ਵਿਚ ਮੁਕਰਰ ਕੀਤੇ ਗਏ ਹਨ।

ਦਫਾ ਚੌਥੀ–ਜੇਕਰ ਪਿਛਲੀਆਂ ਦਫਾਂ ਦੇ ਪੂਰਾ ਕਰਨ ਵਿਚ ਗਫਲਤ ਕਰੂਗੀ ਤਾਂ ਬ੍ਰਿਟਸ਼ ਗੌਰਮਿੰਟ ਨੂੰ ਅਖਤਿਆਰ ਹੈ ਕਿ ਆਪਣੀ ਫੌਜ ਨੂੰ ਜਦੋਂ ਚਾਹੇ ਲਹੌਰ ਸਦ ਲਵੇ। ਬਿਨਾਂ ਇਸਦੇ ਕਿ ਸਾਲ ਜੇਹੜਾ ਪਹਿਲੀ ਦਫਾ ਵਿਚ ਦਸਿਆ ਹੈ ਪੂਰਾ ਨਾ ਹੋਵੇ।

ਦਫਾ ਪੰਜਵੀਂ–ਜੇਹੜਾ ਮੁਲਕ ਦਫਆਤ ੩, ੪ ਰਾਜੀ ਨਾਵਾਂ ਲਹੌਰ ੯ ਮਾਰਚ ਨੂੰ ਸਰਕਾਰ ਅੰਗ੍ਰੇਜ਼ੀ ਨੂੰ ਦਿਤੇ ਗਏ ਹਨ ਉਨ੍ਹਾਂ ਵਿਚ ਜੋ ਮਹਾਰਾਜਾ ਰਣਜੀਤਸਿੰਘ ਸ਼ੇਰਸਿੰਘ ਖੜਕ ਸਿੰਘਦੇ ਸਾਕ ਜਗੀਰ ਦਾਰ ਹਨ ਓਨ੍ਹਾਂ ਦੇ ਅਸਲੀ ਹੱਕਾਂ ਦਾ ਲਿਹਾਜ਼ ਕਰਨ ਨੂੰ ਸਰਕਾਰ ਮੰਨਦੀ ਹੈ, ਸਾਰੀ ਉਮਰ ਓਨ੍ਹਾਂ ਤੇ ਉਨ੍ਹਾਂ ਦਾ ਕਬਜ਼ਾ ਰਹੂਗਾ।

ਦਫਾ ਛੇਵੀਂ–ਦਫਾ ੩, ੪ ਅਹਿਦਨਾਮਾ ਲਾਹੌਰ ਦੇ ਮੁਤਾਬਕ ਜਿਹੜਾ ਮੁਲਕ

ਸਰਕਾਰ ਅੰਗ੍ਰੇਜ਼ੀ ਨੂੰ ਦਿਤਾ ਗਿਆ ਹੈ ਉਸਦੇ ਮਾਮਲੇ ਦੀਆਂ ਬਾਕੀਆਂ ਜਿਹੜੀਆਂ ਕਾਰਦਾਰਾਂ ਅਤੇ ਨਾਜਮਾਂ ਦੇ ਜ਼ੁਮੇ ਹਨ ਉਸਦੇ ਵਸੂਲ ਕਰੌਣ ਵਿਚ ਸਰਕਾਰੀ ਹਾਕਮ ਸੰਮਤ ੧੯੦੨ ਬਿ: ਦੀ ਫਸਲ ਅਖੀਰ ਤੀਕ ਮੱਦਦ ਕਰਨਗੇ।

ਦਫਾ ਸੱਤਵੀਂ–ਲਹੌਰ ਗੌਰਮਿੰਟ ਨੂੰ ਅਖਤਿਆਰ ਹੈ ਕਿ ਉਤੇ ਦਸਿਆਂ ਮੁਲਕਾਂ ਵਿਚੋਂ ਸਾਰੇ ਖਜਾਨੇ ਸਬਾਬ ਮਾਲ ਤੋਪਾਂ ਦੇ ਸਿਵਾ ਲੈਜਾਵੇ, ਜੇਕਰ ਅਸਬਾਬ ਦੇ ਕਿਸੇ ਹਿੱਸੇ ਨੂੰ ਸਰਕਾਰ ਅੰਗ੍ਰੇਜ਼ੀ ਰਖਨਾ ਚਾਹੇ ਤਾਂ ਉਸਨੂੰ ਅਖਤਿਆਰ ਹੈ ਕਿ ਉਸਨੂੰ ਰਖ ਲਵੇ ਪਰ ਉਸਦਾ ਮੁਲ ਦੇ ਦੇਵੇ। ਸਰਕਾਰ ਅੰਗ੍ਰੇਜ਼ੀ ਦੇ ਅਫਸਰ ਲਹੌਰ ਗੌਰਮਿੰਟ ਦੀ ਅਮਾਨਤ ਅਸਬਾਬ ਦੇ ਉਸ ਹਿਸੇ ਦੇ ਵੇਚਣ ਵਿਚ ਕਰਨਗੇ ਜਿਸਨੂੰ ਲਹੌਰ ਗੌਰਮਿੰਟ ਲੈਜਾਣਾ ਨਹੀਂ ਚਹੁੰਦੀ ਅਤੇ ਸਰਕਾਰ ਅੰਗ੍ਰੇਜ਼ੀ ਉਸਨੂੰ ਰਖਣਾ ਨਹੀਂ ਚਹੁੰਦੀ।

ਦਫਾ ਅੱਠਵੀਂ–ਅਹਿਦਨਾਮਾ ਲਹੌਰ ਗੌਰਮਿੰਟ ਦਾ ੯ ਤ੍ਰੀਕ ਮਹੀਨਾ ਮਾਰਚ ਦੇ ਅਨੁਸਾਰ ਸਰਕਾਰ ਅੰਗ੍ਰੇਜ਼ੀ ਅਤੇ ਸਰਕਾਰ ਲਹੌਰ ਦਿਆਂ ਮੁਲਕਾਂ ਵਿਚ ਹੱਦ ਮੁਕਰਰ ਕਰਨ ਲਈ ਦੋਹਾਂ ਪਾਸਿਆਂ ਤੋਂ ਕਮਿਸ਼ਨਰ ਮੁਕਰਰ ਹੋਣਗੇ।

ਗੁਲਾਬ ਸਿੰਘ ਦੇ ਮੁਆਮਲਾਤ

ਅੰਮ੍ਰਿਤਸਰ ਵਿਚ ੧੫ ਮਾਰਚ ੧੮੪੬ ਨੂੰ ਗਵਰਨਰ ਜਨਰਲਨੇ ਆਕੇ ਗੁਲਾਬ ਸਿੰਘ ਨੂੰ ਮਹਾਰਾਜ ਦਾ ਖਤਾਬ ਦਿੱਤਾ। ਇਸ ਸ਼ੁਕਰੀਏ ਵਿਚ ਮਹਾਰਾਜ ਨੇ ਹੱਥ ਜੋੜਕੇ ਬੜੀ ਗਰਮਜੋਸ਼ੀ ਨਾਲ ਆਖਿਆ ਕਿ ਹਜੂਰ ਦੀਆਂ ਇਨਾਂ ਇਨਾਇਤ ਕੀਤੀਆਂ ਹੋਈਆਂ ਅਤੇ ਇਹਸਾਨ ਦੇ ਸਬੱਬ ਮੈਂ ਆਪਦਾ ਜਰਖਰੀਦ ਗੁਲਾਮ ਹੋਗਿਆ ਹਾਂ ਅਤੇ ੧੬ ਮਾਰਚ ਨੂੰ ਮਹਾਰਾਜ ਗੁਲਾਬ ਸਿੰਘ ਅਤੇ ਸਰਕਾਰ ਅੰਗ੍ਰੇਜ਼ੀ ਵਿਚ ਇਹ ਕਰਾਰਨਾਮਾ ਹੋਇਆ।

ਦਫਾ ਪਹਿਲੀ–ਮਹਾਰਾਜ ਗੁਲਾਬ ਸਿੰਘ ਅਤੇ ਉਸਦੇ ਵਾਰਸਾਂ ਨੂੰ ਹਮੇਸ਼ਾਂ ਲਈ ਖੁੱਲਾ ਫੈਸਲਾ ਉਸ ਸਾਰੇ ਪਹਾੜੀ ਮੁਲਕ ਦਾ ਸਣੇ ਉਸਦੇ ਤਾਬਿਆ ਦੇ ਬਿਟਸ਼ ਗੌਰਮਿੰਟ ਹਵਾਲੇ ਕਰਦੀ ਹੈ ਜੇਹੜੀ ਦਰਿਆ ਸਿੰਧ ਦੇ ਚੜ੍ਹਦੇ ਅਤੇ ਰਾਵੀ ਲੈਂਦੇ ਵਲ ਹੈ ਇਸ ਵਿਚ ਚੰਬਾ ਦਾਖਲ ਹੈ ਅਤੇ ਲਧੋਲ ਖਾਰਜ ਹੈ ਅਤੇ ਓਹ ਉਸ ਮੁਲਕ ਦਾ ਇਕ ਹਿੱਸਾ ਹੈ ਜਿਹੜਾ ਸਰਕਾਰ ਲਹੌਰ ਨੇ ਬ੍ਰਿਟਸ਼ ਗੌਰਮਿੰਟ ਨੂੰ ਅਹਿਦਨਾਮੇ ਲਹੌਰ ਨੰ: ੪ ਦੇ ਮੁਤਾਬਕ ਦਿਤਾ ਹੈ।

ਦਫ਼ਾ ਦੂਜੀ—ਚੜ੍ਹਦੇ ਦੀ ਹੱਦ ਇਸ ਹਿੱਸੇ ਦੀ ਜਿਹੜਾ ਪਿਛਲੀ ਦਫ਼ਾ ਦੇ ਮੁਤਾਬਕ ਮਹਾਰਾਜਾ ਗੁਲਾਬ ਸਿੰਘ ਨੂੰ ਦਿੱਤਾ ਗਿਆ ਹੈ ਓਹ ਕਮਿਸ਼ਨਰ ਮੁਕੱਰਰ ਕਰਨ ਗੇ ਜੇਹੜੇ ਏਸ ਕੰਮ ਲਈ ਸਰਕਾਰ ਅੰਗ੍ਰੇਜ਼ੀ ਅਤੇ ਮਹਾਰਾਜਾ ਗੁਲਾਬ ਸਿੰਘ ਮੁਕੱਰਰ ਕਰਨਗੇ ਅਤੇ ਮਿਣਤੀਦੇ ਪਿਛੋਂ ਏਸਦੀ ਨਿਸਬਤ ਜੁਦਾ ਇਕਰਾਰ ਨਾਮਾ ਹੋਊਗਾ ॥

ਦਫ਼ਾ ਤੀਜੀ—ਮਹਾਰਾਜਾ ਅਤੇ ਓਸਦੇ ਵਾਰਸਾਂ ਨੂੰ ਜਿਹੜਾ ਮੁਲ ਪਿਛਲੀ ਦਫ਼ਾ ਦੇ ਮੁਤਾਬਕ ਦਿਤਾ ਸੀ ਓਸਦੇ ਬਦਲੇ ਮਹਾਰਾਜਾ ਗੁਲਾਬ ਸਿੰਘ ੭੫ ਲਖ ਰੁਪਯਾ ਨਾਨਕ ਸ਼ਾਹੀ ਦੇਣਗੇ ਅਤੇ ੨੫ ਲਖ ਅਹਿਦਨਾਮੇ ਦੀ ਤਸਦੀਕ ਦੇ ਪਿਛੋਂ ਪਹਿਲੀ ਅਕਤੂਬਰ ੧੮੪੬ ਈਃ ਤੋਂ ਪਹਿਲੋਂ ਦੇਣਗੇ ॥

ਦਫ਼ਾ ਚੌਥੀ—ਕਿਸੇ ਵੇਲੇ ਮਹਾਰਾਜਾ ਗੁਲਾਬ ਸਿੰਘ ਦੇ ਮੁਲਕ ਦੀਆਂ ਹੱਦਾਂ ਸਰਕਾਰ ਅੰਗ੍ਰੇਜ਼ੀ ਦੀ ਮਨਜ਼ੂਰੀ ਬਿਨਾਂ ਨਹੀਂ ਬਦਲਣ ਗੀਆਂ॥

ਦਫ਼ਾ ਪੰਜਵੀਂ—ਜੇਕਰ ਗੌਰਮਿੰਟ ਲਹੌਰ ਅਤੇ ਮਹਾਰਾਜਾ ਦੇ ਵਿਚ ਕੋਈ ਝਗੜਾ ਖੜਾ ਹੋਇਆ ਜਾਂ ਕੰਮ ਪਿਆ ਜਾਂ ਕਿਸੇ ਹੋਰ ਗੁਆਂਢੀ ਰਿਆਸਤ ਨਾਲ ਲੜਾਈ ਹੋਈ ਤਾਂ ਓਸ ਦਾ ਫੈਸਲਾ ਬ੍ਰਿਟਸ਼ ਗੌਰਮਿੰਟ ਦੇ ਅਖਤਿਆਰ ਵਿਚ ਹੋਊਗਾ ॥

ਦਫ਼ਾ ਛੇਵੀਂ—ਮਹਾਰਾਜਾ ਗੁਲਾਬ ਸਿੰਘ ਅਹਿਦਨਾਮਾ ਕਰਦਾ ਹੈ ਕਿ ਓਹ ਅਤੇ ਓਸ ਦੇ ਵਾਰਸ ਆਪਣੀ ਸਾਰੀ ਜੰਗੀ ਫੌਜ ਨੂੰ ਅੰਗ੍ਰੇਜ਼ੀ ਫੌਜ ਨਾਲ ਓਸ ਹਾਲਤ ਵਿਚ ਸ਼ਾਮਲ ਕਰਨ ਗੇ ਕਿ ਓਹ ਪਹਾੜਾਂ ਵਿਚ ਜਾਂ ਓਸ ਦੇ ਬਰਾਬਰ ਮੁਲਕ ਵਿਚ ਲੜਾਈ (ਕਾਰਜ਼ਾਰ) ਵਿਚ ਹੋਵੇ ॥

ਦਫ਼ਾ ਸੱਤਵੀਂ—ਮਹਾਰਾਜਾ ਗੁਲਾਬ ਸਿੰਘ ਮੁਆਹਦਾ ਕਰਦਾ ਹੈ ਕਿ ਓਹ ਬ੍ਰਿਟਸ਼ ਗੌਰਮਿੰਟ ਦੀ ਮਨਜ਼ੂਰੀ ਬਿਨਾ ਓਹ ਆਪਣੀ ਖਿਦਮਤ ਵਿਚ ਨ ਬ੍ਰਿਟਸ਼ ਰੱਯਤ ਨੂੰ ਨ ਯੂਰਪ ਅਮਰੀਕਾ ਦੀ ਰੱਯਤ ਨੂੰ ਨੌਕਰ ਰਖੇਗਾ ॥

ਦਫ਼ਾ ਅੱਠਵੀਂ—ਮਹਾਰਾਜਾ ਗੁਲਾਬ ਸਿੰਘ ਮੁਆਹਦਾ ਕਰਦਾ ਹੈ ਕਿ ਜਿਹੜਾ ਮੁਲਕ ਓਸ ਨੂੰ ਦਿੱਤਾ ਗਿਆ ਹੈ ਓਸ ਵਿਚ ਓਹ ਦਫ਼ਆਤ ੫, ੬, ੭ ਨੂੰ ਜਿਹੜੀਆਂ ਅੱਡ ਅਹਿਦਨਾਮੇ ਵਿਚ ਜਿਹੜਾ ਲਹੌਰ ਅਤੇ ਸਰਕਾਰ ਅੰਗ੍ਰੇਜ਼ੀ ਵਿਚ ਲਿਖਿਆ ਗਿਆ ਹੈ ਧਿਆਨ ਰਖੂ ਗਾ ॥

ਦਫ਼ਾ ਨੌਵੀਂ—ਜੇਕਰ ਮਹਾਰਾਜਾ ਗੁਲਾਬ ਸਿੰਘ ਦੇ ਮੁਲਕ ਉਤੇ ਕੋਈ ਬਾਹਰੋਂ

ਹਮਲਾ ਹੋਊਗਾ ਤਾਂ ਸਰਕਾਰ ਅੰਗ੍ਰੇਜ਼ੀ ਉਸ ਦੀ ਮੱਦਦ ਕਰੂਗੀ॥

ਦਫ਼ਾ ਦਸਵੀਂ–ਰਾਜਾ ਗੁਲਾਬ ਸਿੰਘ ਨੇ ਬ੍ਰਿਟਸ਼ ਗੌਰਮਿੰਟ ਨੂੰ ਵਡਾ ਮੰਨ ਲਿਆ ਹੈ, ਬੱਸ ਏਸ ਦੇ ਮੰਨਣ ਦੀ ਨਸ਼ਾਨੀ ਬ੍ਰਿਟਸ਼ ਗੌਰਮਿੰਟ ਨੂੰ ਨਜਰਾਨੇ ਵਿਚ ਇਹ ਚੀਜਾਂ ਦਿਆ ਕਰੂਗਾ।ਇਕ ਘੋੜਾ,੧੨ਚੰਗੀ ਨਸਲ ਦੀਆਂ ਸ਼ਾਲੀ ਭੇਡਾਂ,ਛੇ ਨਰ,ਛੇ ਮਦੀਨ,੩ ਜੋੜੇ ਕਸ਼ਮੀਰੀ ਦੁਸ਼ਾਲਿਆਂ ਦੇ ॥

ਤੋਪਾਂ ਦਾ ਕਲਕੱਤੇ ਘਲਣਾਂ

ਸਾਰੇ ਹਿੰਦੁਸਤਾਨ ਵਿਚ ਹਿੰਦੁਸਤਾਨੀਆਂ ਦਿਆਂ ਦਿਲਾਂ ਨੂੰ ਯਕੀਨ ਦੁਔਣ ਵਾਸਤੇ ਕਿ ਮਹਾਰਾਜਾ ਰਣਜੀਤਸਿੰਘਦੇ ਰਾਜਨੇ ਆਪਣਾ ਸਿਰ ਗੌਰਮਿੰਟ ਅੰਗ੍ਰੇਜ਼ਾਂ ਅੱਗੇ ਨਿਵਾ ਦਿਤਾ ਹੈ ਗਵਰਨਰ ਜਨਰਲ ਨੇ ਇਹ ਹੁਕਮ ਦਿਤਾ ਕਿ ਢਾਈ ਸੌ ਤੋਪਾਂ ਜਿਹੜੀਆਂ ਸਿਖਾਂ ਤੋਂ ਹਥ ਲਗੀਆਂ ਹਨ ਬੜੀ ਧੂਮ ਧਾਮ ਨਾਲ ਲਹੌਰੋਂ ਕਲਕਤੇ ਜਾਣ ਕਿ ਉਨ੍ਹਾਂ ਤੋਂ ਜਿੱਤ ਦੀ ਸ਼ਾਨ ਸ਼ੌਕਤ ਦਿਸੇ। ਫੀਰੋਜ਼ਪੁਰੋਂ ਜਿਹੜੀ ਛੌਣੀ ਰਾਹ ਵਿਚ ਆਵੇ ਓਥੇ ਫੌਜੀ ਪ੍ਰੇਟ ਹੋਵੇ। ਜਦੋਂ ਇਹ ਤੋਪਾਂ ਕਲਕਤੇ ਔਣ ਡਿਪਟੀ ਗਵਰਨਰ ਜਨਰਲ ਦੇ ਮੁਲਾਹਜ਼ੇ ਵਿਚ ਔਣ ਫੋਰਟ ਵਿਲੀਅਮ ਤੋਂ ਬਾਰਕ ਪੁਰ ਤੀਕ ਫੌਜ ਦੀਆਂ ਕਤਾਰਾਂ ਬਨਾਣ॥

ਖਤਾਬਾਂ ਦਾ ਮਿਲਨਾ

ਜਦੋਂ ਇੰਗਲੈਂਡ ਵਿਚ ਇਹ ਖੁਸ਼ਖਬਰੀ ਅਪੜੀ ਏਸ ਇਹਸਾਨ ਮੰਦ ਮੁਲਕ ਨੇ ਇਨ੍ਹਾਂ ਲੜਾਈਆਂ ਵਿਚ ਜਿਨ੍ਹਾਂ ਅਫਸਰਾਂ ਨੇ ਚੰਗੇ ਕੰਮ ਕੀਤੇ ਓਨ੍ਹਾਂਦੀ ਬੜੀ ਇੱਜਤ ਵਡਿਆਈਕੀਤੀ।ਸਰ ਰੌਬਰਟ ਪੇਲਨੇ ਕਾਮਨਹਊਸ ਵਿਚ ਚੰਗੀ ਤਰਾਂ ਤਕਰੀਰ ਵਿਚ ਓਸ ਬਹਾਦਰ ਫੌਜ ਦਾ ਜਿਸ ਨੇ ਸਰ ਹਿਊਗਾਫ ਹਿਨਰੀ ਹਾਰ-ਡਿੰਗ ਅਤੇ ਸਰਹਿਨਰੀ ਸਮਿਥ ਦੇ ਮਤਾਹਿਤ ਵਡੇ ਵਡੇ ਕੰਮ ਡਰ ਵਾਲੇ ਦੁਸ਼ਮਨ ਦੇ ਸਾਹਮਣੇ ਕੀਤੇ ਸਨ ਸ਼ੁਕਰੀਆ ਅਦਾ ਕੀਤਾ। ਓਨ੍ਹਾਂ ਦੇ ਨਾਲ ਮੈਂਬਰ ਵਜ਼ੀਰ ਨੇ ਜਿਹੜੀ ਗਵਰਨਰ ਜਨਰਲ ਦੀ ਵਡਿਆਈ ਕੀਤੀ ਓਹ ਓਸਦਾ ਹਕ ਦਾਰਸੀ, ਅਪਰ ਹਊਸਵਿਚ ਲਾਰਡ ਰਿਪਨਦੀਆਂਸਪੀਚਾਂ ਦੀ ਡਿਊਕ ਵਲਿੰਗਟਨ ਨੇ ਤਾਈਦ ਕੀਤੀ ਅਤੇ ਗਵਰਨਰ ਜਨਰਲ ਅਤੇ ਕਮਾਂਡਰ-ਇਨਚੀਫ ਰੌਪਿਰਕਾ ਅਤੇ ਹਿਨਰੀ ਸਮਿਥ ਅਲਾਵਾਲ ਕੋ ਬੇਰੋਨਟਕਾ ਅਤੇ ਜਨਰਲ ਰਾਬਰਟ ਕੋ ਨਾਈਟ ਦਾ ਖਤਾਬ ਮਿਲਿਆ।ਜ਼ਿਨੇ ਸਪਾਹੀ ਲੜਾਈ ਵਿਚ ਸ਼ਰੀਕਹੋਏ ਓਨ੍ਹਾਂ ਵਿਚੋਂ ਹਰ ਇਕ ਨੂੰ ਇਕ ਮੈਡਲ (ਤਮਗਾ) ਮਿਲਿਆ ਅਤੇ ੧੨ ਮਹੀਨੇ ਦਾ ਪੂਰਾ ਭਤਾ ਮਿਲਿਆ॥

ਲਹੌਰ ਦਾ ਇੰਤਜ਼ਾਮ

ਸਰ ਜਾਨ ਲਟਟਲਰ ਲਹੌਰਦੀ ਫੌਜ ਦਾ ਸਿਪਾਹਸਾਲਾਰ ਬਣਿਆਂ ਓਹ

ਬੜਾ ਬਹਾਦਰਸੀ ਓਸ ਕੰਮ ਲਈ ਹਰ ਤਰਾਂ ਲਾਇਕ ਸੀ।ਲਹੌਰ ਵਿਚ ਰੈਜ਼ੀਡੈਂਟ ਕਰਨੈਲ ਹਿਨਰੀ ਲਾਰੰਸ ਨੂੰ ਗਵਰਨਰ ਜਨਰਲ ਨੇ ਮੁਕਰਰ ਕੀਤਾ। ਹੋਰ ਆਦਮੀ ਏਨ੍ਹਾਂ ਤੋਂ ਚੰਗਾ ਨਹੀਂ ਸੀ ਓਹ ਬੜੇ ਬਹਾਦਰ ਸਪਾਹੀ ਸਨ ਬੜੇ ਅਕਲ ਵਾਲੇ ਅਤੇ ਬੜੇ ਦਿਮਾਗ ਵਾਲੇ ਦੂਰਅੰਦੇਸ਼ ਸਿਆਣੇ ਸਨ। ਡਿਪਲੋਮੈਟਕ ਕੰਮਾਂ ਵਿਚ ਬੜੇ ਕਾਮਲ ਉਸਤਾਦ ਸਨ, ਅਫਗਾਨਸਤਾਨ ਦੀ ਲੜਾਈ ਅਤੇ ਨੈਪਾਲ ਦੀ (ਰੈਜ਼ੀਡੈਂਟੀ) ਵਿਚ ਬੜੇ ਬੜੇ ਕੰਮ ਕਰ ਚੁਕੇ ਸਨ ਅਤੇ ਅਗੋਂ ਫੇਰ ਓਨ੍ਹਾਂ ਨੇ ਆਪਣੀ ਲਿਆਕਤ ਅਤੇ ਅਕਲ ਦੇ ਜ਼ੋਰ ਪਹਿਲੋ ਤੋਂ ਵੀ ਜਾਦਾ ਕੰਮ ਵਖਾਏ ਸਨ ਜਦੋਂ ਓਹ ਪੰਜਾਬ ਵਿਚ ਆਏ ਤਾਂ ਓਨ੍ਹਾਂ ਨੇ ਕਰਾਰ ਨਾਮੇ ਦੇ ਤਿਆਰ ਕਰਨ ਵਿੱਚ ਦਨਾਈ ਨਾਲ ਕੋਸ਼ਸ਼ ਕੀਤੀ, ਓਹ ਲਾਰਡ ਹਾਰਡਿੰਗ ਨਾਲ ਇਕ ਖਿਆਲ ਸਨ ਅਤੇ ਸਿਖਾਂ ਨਾਲ ਹਮਦਰਦ ਸਨ ਇਸ ਲਈ ਓਹ ਸਿਖ ਗੌਰਮਿੰਟ ਅਤੇ ਬ੍ਰਿਟਸ਼ ਗੌਰਮਿੰਟ ਦੇ ਵਿਚ ਤਿਜਾ ਤਿਹਾਕ ਬਣਿਆ ਅਤੇ ਇਹ ਬੜੇ ਠੀਕ ਮੁਨਾਸਬ ਸਨ ਰਾਣੀ ਜਿੰਦਾਂ ਮਹਾਰਾਜਾ ਦੀ ਮਾਂ ਨਾਇਬ-ਉਲ-ਸਲਤਨਤ ਸੀ ਅਤੇ ਲਾਲ ਸਿੰਘ ਵਜ਼ੀਰ ਆਜ਼ਮ ਸੀ ਜਿਹੜਾ ਵਜ਼ੀਰ ਅਤੇ ਖੁਸ਼ ਵਜ੍ਹਾ ਜੀ ਪਰ ਬਿਲਕੁਲ ਨਲੈਕ ਸੀ। ਸਿਖਾਂ ਦੇ ਐਸੇ ਸਰ ਪ੍ਰਸਤਾਂ ਦੇ ਹੋਣ ਨਾਲ ਗਵਰਨਰ ਜਨਰਲ ਦੇ ਦਿਲ ਵਿਚ ਇਹ ਉਮੇਦ ਨਹੀਂ ਸੀ ਰਹੀ ਕਿ ਦੋਸਤਾਨਾ ਸੁਲਹ ਸਫਾਈ ਸਿਖਾਂ ਦੀ ਗੌਰਮਿੰਟ ਨਾਲ ਜਾਰੀ ਰਹੂਗੀ॥

ਕਸ਼ਮੀਰ ਦਾ ਫਸਾਦ

ਸ਼ੇਖ ਅਮਾਮ ਦੀਨ ਨੂੰ ਜਿਹੜਾ ਦਰਬਾਰ ਵਲੋਂ ਕਸ਼ਮੀਰ ਦਾ ਹਾਕਮ ਸੀ ਇਹ ਹੁਕਮ ਘਲਿਆ ਗਿਆ ਕਿ ਏਸ ਸੂਬੇ ਦਾ ਕਬਜਾ ਅਤੇ ਦਖਲ ਰਾਜਾ ਗੁਲਾਬ ਸਿੰਘ ਨੂੰ ਜਦੋਂ ਓਹ ਚਾਹੇ ਦੇ ਦੇਵੇ, ਪਰ ਓਸਨੇ ਰਾਣੀ ਅਤੇ ਲਾਲ ਸਿੰਘ ਦੀ ਸਲਾਹ ਨਾਲ ਪਹਿਲ੍ਹਾਂ ਤਾਂ ਕੰਮ ਅਗਾਂਹ ਟਾਲ ਛਡਿਆ ਫੇਰ ਦੇਣ ਤੋਂ ਇਨ-ਕਾਰ ਕੀਤਾ। ਕਈ ਪਹਾੜੀ ਸਰਦਾਰ ਜਿਹੜੇ ਆਪਣੇ ਨਵੇਂ ਹਾਕਮ ਨੂੰ ਪਸੰਦ ਨਹੀਂ ਕਰਦੇ ਸਨ ਅਮਾਮ ਦੀਨ ਦੇ ਨਾਲ ਹੋਗਏ। ਰਾਜਾ ਗੁਲਾਬ ਸਿੰਘ ਦੇ ਜੁੱਲੇ ਹੇਠ ਨ ਔਣ ਵਿਚ ਆਪਣਾ ਫੈਦਾ ਸਮਝੰਦੇ ਸਨ ਇਹ ਹੁਕਮ ਅਦੂਲੀਐਨੀ ਵਧ ਗਈ ਕਿ ਏਸਦੇ ਹਟੌਣ ਵਿਚ ਬ੍ਰਿਟਸ਼ ਗੌਰਮਿੰਟ ਦੀ ਮੱਦਦ ਦੀ ਲੋੜ ਪਈ। ਲਹੌਰ ਦੀ ਅੰਗ੍ਰੇਜ਼ੀ ਫੌਜ ਜੰਮੂ ਦੀ ਰਾਖੀ ਲਈ ਰਵਾਨਾ ਹੋਈ ਥੋੜ੍ਹੇ ਹੀ ਚਿਰ ਵਿਚ ਹਿਨਰੀ ਲਾਰੰਸ ਓਸ ਨਰਾਜ ਫੌਜ ਦਾ ਸਿਪਾਹ ਸਾਲਾਰ ਬਣ ਗਿਆ ਜਿਹੜੀ ਲੜਾਈ ਵਿਚ ਅੰਗ੍ਰੇਜ਼ਾਂ ਨਾਲ ਲੜਦੀ ਸੀ ਓਸ ਨੂੰ ਕਸ਼ਮੀਰ ਵਿਚ ਆਪਣੇ ਨਾਲ ਲੈ ਗਿਆ।ਲਾਰੰਸ ਸਾਹਿਬ ਦਸਦੇ ਹਨ ਕਿ ਅੱਧੀਦਰਜਣ ਅੰਗ੍ਰੇਜ਼ੀ ਅਫਸਰ, ਆਪਣੀ ਆਗਿਆ ਵਿਚ ਕੀਤੀ ਹੋਈ ਫੌਜ ਨੂੰ ਦੁਨੀਆਂ ਦੇ ਔਖੇ ਲੰਘਣ ਵਾਲੇ ਮੁਲਕ ਵਿਚ ਲੈ ਗਿਆ ਜਿਥੋਂ ਲੰਘਣਾ ਕੱਠਨ ਸੀ।ਐਸੇ ਸਰਦਾਰ

ਲਈ ਜਿਹੜਾ ਪਹਿਲਾ ਹਾਕਮ ਸੀ ਹੁਣ ਲੋਕ ਓਸ ਨੂੰ ਦਿਲੋਂ ਆਕੀ ਜਾਣਦੇ ਸੀ, ਏਸ ਜ਼ਮੀਨ ਦੇ ਕਬਜਾ ਦੁਔਣ ਲਈ ਜਿਹੜਾ ਉਨਾਂ ਦੇ ਮੁਲਕ ਦਾ ਬੜਾ ਸੋਹਿਣਾ ਹਿੱਸਾ ਹੈ ਲੈ ਜਾਣਾ ਇਕ ਅਜੀਬ ਤਮਾਸ਼ਾ ਹੈ ਜਦੋਂ ਅਮਾਮ ਦੀਨ ਨੇ ਆਪਣੇ ਦੁਸ਼ਮਨ ਦੀ ਜੋਰ ਵਾਲੀਮੱਦਦ ਨੂੰਵੇਖਿਆ ਓਹ ਡਰਦਾ ਮਾਰਿਆ ਆਪ ਲਾਰੰਸ ਸਾਹਿਬ ਦੇ ਕੋਲ ਆਗਿਆ ਜਿਸਤੇ ਲਾਰਡ ਹਾਰਡਿੰਗ ਨੇ ਫੁਰਮਾਇਆ ਕਿ ਓਹੀ ਸਰਦਾਰਾਂ ਦੀ ਫੌਜ਼ ਜਿਹੜੀ ਕਲ ਸਾਡੇ ਮੁਲਕ ਤੇ ਹਮਲਾ ਕਰਦੀ ਸੀ ਅਜ ਅੰਗ੍ਰੇਜ਼ੀ ਅਫਸਰਾਂ ਦੀ ਮੱਦਦ ਨਾਲ ਕਰਾਰ ਨਾਮੇ ਦੀ ਏਸ ਸ਼ਰਤ ਨੂੰ ਪੂਰਾ ਕਰਨ ਵਿਚ ਸਲੋਹਤ ਦੇ ਲੈਕ ਕੰਮ ਕਰ ਰਹੀ ਹੈ ਜਿਹੜੀ ਓਨਾਂ ਨੂੰ ਸਭ ਤੋਂ ਬੁਰੀ ਸਭਰਾਵਾਂ ਦੇ ੧੮ ਮਹੀਨੇ ਦੇ ਅੰਦਰ ਹੀ ਓਨਾਂ ਸਿਖ ਸਪਾਹੀਆਂ ਤੇ ਦੋ ਤਿੰਨ ਅੰਗ੍ਰੇਜ਼ੀ ਅਫਸਰਾਂ ਦੀ ਮਤਾਹਿਤੀ ਵਿਚ ਓਸ ਸਰਦਾਰ ਨੂੰ ਜਿਸ ਤੋਂ ਓਨਾਂ ਨੂੰ ਦਿਲੀ ਨਫਰਤ ਅਤੇ ਨਰਾਜ਼ਗੀ ਸੀ ਆਪਣੇ ਮੁਲਕ ਦਾ ਸਭਤੋਂ ਬਹੁਤ ਪੈਦਾ ਕਰਨ ਵਾਲਾ ਸੂਬਾ ਦੁਆਂ ਦੇਣ ਵਿਚ ਕੰਮ ਪੂਰਾ ਕੀਤਾਗੁਲਾਬ ਸਿੰਘ ਦਾ ਆਪਣੇ ਮੁਲਕ ਤੇ ਪੂਰਾ ਕਬਜਾ ਹੋ ਗਿਆ ਤਾਂ ਹਿਨਰੀ ਲਾਰੰਸ ਸਾਹਿਬ ਲਾਹੌਰ ਆਏ ਅਮਾਮ ਦੀਨ ਨੇ ਉਸਨੂੰ ਤਿੰਨ ਪਰਵਾਨੇ ਦਿਤੇ ਸਨ ਜਿਨਾਂ ਵਿਚ ਲਾਲ ਸਿੰਘ ਨੇ ਅਮਾਮ ਦੀਨ ਨੂੰ ਇਹ ਹਦੈਤਾਂ ਲਿਖੀਆਂ ਸਨ ਕਿ ਗੁਲਾਬ ਸਿੰਘ ਦਾ ਮੁਕਾਬਲਾ ਕਰੇ ਅਤੇ ਕਸ਼ਮੀਰ ਦੇ ਸਿਪਾਹੀਆਂ ਨੂੰ ਲਿਖਿਆ ਸੀ ਕਿ ਅਮਾਮ ਦੀਨ ਦਾ ਹੁਕਮ ਮੰਨਣ। ਲਾਰਡ ਹਾਰਡਿੰਗ ਦੇ ਹੁਕਮ ਨਾਲ ਲਾਲਸਿੰਘ ਦੇ ਜੁਰਮ ਦੀ ਤਹਕੀਕਾਤ ਲਈ ਇਕ ਕਮਿਸ਼ਨ ਜਿਸ ਵਿਚ ਪੰਜ ਅੰਗ੍ਰੇਜ਼ੀ ਅਫਸਰ ਸਨ ਮਿਸਟਰ ਫਰੈਡਰਕ ਸਰਫੋਰੀਨ ਸੈਕ੍ਰੇਟਰੀ ਏਸਦੇ ਅੰਤ੍ਰੰਗ ਸਭਾ ਦੇ ਮੈਂਬਰ ਸਨ ਅਤੇ ੬੫ ਸਿੱਖ ਅਫਸਰ ਸਨ ਏਸ ਕਮੀਸ਼ਨ ਦੇ ਰੂਬਰੂ ਜੇਹੜੇ ਲਾਲ ਸਿੰਘ ਨੂੰ ਇਲਜ਼ਾਮ ਲਾਏ ਗਏ ਸਨ ਓਹ ਪੂਰੀ ਤਰਾਂ ਸਾਬਤ ਹੋਏ ਅਤੇ ਓਹ ਆਪਣੇ ਵਜੀਰੀ ਦੇ ਓਹਦੇ ਤੋਂ ਹਟਾਇਆ ਗਿਆ ਅਤੇ ਦੋ ਹਜਾਰ ਰੁਪਯਾ ਮਾਹਵਾਰੀ ਪਿਨਸ਼ਨ ਤੇ ਮਿਠੇ ਦਰਿਆ ਨੂੰ ਪਾਰ ਕਰਕੇ ਬਨਾਰਸ ਵਿਚ ਦੇਸ ਨਕਾਲਾ ਮਿਲਿਆ ਏਸ ਸਜ਼ਾ ਤੇ ਵਜੀਰ ਬੁਢੀਆਂ ਵਾਂਙ ਰੋਇਆ।

ਇੰਤਜ਼ਾਮ ਗੌਰਮਿੰਟ ਲਾਹੌਰ

ਹੁਣ ਇਹ ਸਵਾਲ ਜਰੂਰੀ ਪੇਸ਼ ਹੋਇਆ ਕਿ ਪੰਜਾਬ ਦੀ ਗੌਰਮਿੰਟ ਦਾ ਕੰਮ ਕਿਸਤਰਾਂ ਜਾਰੀ ਕੀਤਾ ਜਾਵੇ। ਇਕ ਜੇਹੜਾ ਵਡਾ ਤਜਰਬਾ, ਕੀਤਾ ਗਿਆ ਹੈ ਓਸ ਵਿਚ ਕੁਛ ਮਹੀਨਿਆਂ ਪਿਛੋਂ ਬੁਰੀ ਖਰਾਬੀ ਨਿਕਲੀ ਹੈ ਹੁਣ ਇਕ ਦੂਜੇ ਦੇ ਤਜਰਬੇ ਦੀ ਅਜ਼ਮੈਸ਼ ਹੋਣੀ ਚਾਹੀਏ । ਲਾਰਡ ਹਾਰਡਿੰਗ ਦੀ ਇਹ ਉਮੈਦ ਬਾਕੀ ਨਹੀਂ ਰਹੀ ਸੀ ਕਿ ਪੰਜਾਬ ਵਿਚ ਹਿੰਦੁਸਤਾਨੀ ਕੰਮ ਜੋ ਹਕੂਮਤ ਦੀ ਕਮਜ਼ੋਰੀ ਨੂੰ ਪੂਰਾ ਕਰੇ। ਮਹਾਰਾਜਾ ਦੀ ਉਮਰ ਨਵਾਂ ਸਾਲਾਂ ਦੀ ਸੀ ਗਵਰਨ

ਜਨਰਲ ਰਾਜ ਨੂੰ ਖੁਦ ਸਰ ਮਹਾਰਾਜਿਆਂ ਅਤੇ ਖਰਾਬ ਜਾਂ ਨਲੈਕ ਅਫਸਰਾਂ ਤੋਂ ਬਚੌਣਾ ਚਾਹੁੰਦਾ ਸੀ ਓਸ ਨੇ ਸਿਖਾਂ ਦੇ ਸਿਖ ਸਰਦਾਰਾਂ ਨੂੰ ਸਦਿਆ ਕਿ ਓਹ ਓਨਾਂ ਸ਼ਰਤਾਂ ਨੂੰ ਸੋਚਣ ਜਿਨਾਂਦੇ ਮੁਤਾਬਕ ਬ੍ਰਿਟਸ਼ ਫੌਜ ਦੀ ਰਾਖੀ ਬ੍ਰਿਟਸ਼ ਰੈਜ਼ੀ-ਡੈਂਟ ਨੂੰ ਸਲਾਹ ਮਸ਼ਵਰਾ ਦਿਤਾਜਾਵੇ।੧੬ ਦਸੰਬਰ ਨੂੰ ੫੨ ਸਿਖ ਇਕ ਜ਼ਰੂਰੀ ਮਜਲਸ ਵਿਚ ਏਸ ਲਈ ਸ਼ਾਮਲ ਹੋਏ ਕਿ ਮਿਸਟਰ ਫਟੈਡਰਕ ਗ੍ਰੇ ਅਤੇ ਕਰਨਲ ਲਾਰੰਸ ਨਾਲ ਏਸ ਅਹਿਦਨਾਮੇ ਦੀਆਂ ਸ਼ਰਤਾਂ ਉਤੇ ਬਹਿਸ ਕਰਨ ਜਿਹੜਾ ਮਾਰਚ ਦੇ ਪਿਛਲੇ ਅਹਦਨਾਮੇ ਨਾਲੋਂ ਚੰਗਾ ਹੋਊਗਾ। ਏਹੋ ਜਿਹਾ ਇਤ-ਫਾਕ ਕਦੇ ਕਦੇ ਹੀ ਹੋਇਆ ਕਰਦਾ ਹੈ ਜੇਹੋ ਜਿਹਾ ਕਿ ਏਸ ਗਲ ਤੇ ਹੋਇਆ। ਓਹ ਕੌਂਸਲ ਔਫ ਰੀਜੈਨਸੀ ਕਾਇਮ ਕੀਤੀ ਜਾਵੇ,ਮੀਰ ਮਜਲਸ ਕੰਮਾਂਦਾ ਇੰਤ-ਜ਼ਾਮਕਰਨ ਅਤੇ ਓਸ ਦਾ ਰਾਹ ਦਸਣ ਵਲ ਬ੍ਰਿਟਸ਼ ਰੈਜ਼ੀਡੈਂਟ ਹੋਵੇ ਅਤੇ ਸਾਰਿਆਂ ਤੇ ਓਸਦਾ ਦਬਾ ਹੋਵੇ,ਬਜਾਏ ਏਸਦੇ ਕਿ ਨਲੈਕ ਰਾਣੀ ਨੈਬ ਉਲਸਲਤਨਤ ਹੋਵੇ ਅਤੇ ਆਪਣੇ ਪਸਿੰਦ ਕੀਤੇ ਹੋਏ ਵਜੀਰ ਤੋਂ ਸਲਾਹ ਲਵੇ ਏਸ ਨਵੀਂ ਕੌਂਸਲ ਵਿਚ ੮ ਸਰਦਾਰ ਹੋਣਗੇ ਜਿਨਾਂ ਦਾ ਹਟੌਣਾ ਗਵਰਨਰ ਜਨਰਲਦੇ ਅਖਤਿਆਰ ਹੋਊਗਾ। ਮਹਾਰਾਜਾ ਦਲੀਪ ਸਿੰਘ ਦੀ ਨਬਾਲਗੀ ਵਿਚ ਰਾਜ ਦਿਆਂ ਕੰਮਾਂ ਨੂੰ ਰੈਜ਼ੀਡੈਂਟ ਦੀ ਨਿਗਰਾਨੀ ਵਿਚ ਪੂਰਾ ਕਰਨ ਅਤੇ ਰੈਜ਼ੀਡੈਂਟ ਹਰ ਕਾਰਖਾਨੇ ਹਰ ਡੀਪਾਰਟਮੈਂਟ ਅਤੇ ਸਰਿਸ਼ਤੇ ਮੁਆਮਲੇ ਮੁਕੱਦਮੇ ਵਿਚ ਵਡਿਆਂ ਅਖ-ਤਿਆਰਾਂ ਵਾਲਾ ਹੋਵੇ ਅਤੇ ਮਜਲਸ ਵਾਲਿਆਂ ਸਿਖਾਂ ਨੇ ਇਹ ਭੀ ਮਨਜ਼ੂਰ ਕਰ ਲਿਆ ਕਿ ਜਿਹੜੀ ਅੰਗ੍ਰੇਜ਼ੀ ਫੌਜ ਲਹੌਰ ਵਿਚ ਰਹੂਗੀ ਓਸ ਦੇ ਖਰਚ ਲਈ ੨੨ ਲਖ ਰੁਪਯਾ ਸਾਲਾਨਾ ਖਜਾਨਾ ਲਹੌਰ ਵਿਚੋਂ ਮਿਲੂਗਾ। ਏਸ ਇੰਤਜ਼ਾਮ ਵਿਚ ਸਿਖ ਸਰਦਾਰਾਂ ਨੇ ਏਸ ਗਲਨੂੰ ਬਹੁਤਾ ਪਸਿੰਦ ਕੀਤਾ ਕਿ ਨੈਬਉਲਸਲਤ-ਨਤ ਰਾਣੀ ਦੇ ਕੁਲ ਅਖਤਿਆਰ ਕਰਨੈਲ ਲਾਰੰਸ ਨੂੰ ਦਿਤੇ ਜਾਣ ਉਨਾਂ ਨੇ ਆਪ ਦਰਖਾਸ਼ਤ ਕੀਤੀ ਕਿ ਰਾਣੀ ਨੂੰ ਏਸ ਦਰਜੇ ਤੋਂ ਮੌਕੂਫ ਕਰਕੇ ਡੇਢ ਲਖ ਰੁਪਯਾ ਸਾਲਾਨਾ ਓਸ ਦੀ ਪਿਨਸ਼ਨ ਮੁਕਰਰ ਕੀਤੀ ਜਾਵੇ ਇਸ ਪਿਨਸ਼ਨ ਨੂੰ ਓਹ ਆਪਣੀ ਮਰਜ਼ੀ ਦੇ ਮੁਤਾਬਕ ਖਰਚ ਕਰੇ। ਗਵਰਨਰ ਜਨਰਲ ਦੇ ਹੁਕਮ ਨਾਲ ਕਰਨੈਲ ਲਾਰੰਸ ਪੰਜਾਬ ਦਾ ਖੁਦ ਮੁਖਤਾਰ ਹਾਕਮ ਬਣ ਗਿਆ ਜਿਸ ਨੂੰ ਐਡੇ ਖੁਲੇ ਅਖਤਿਆਰ ਦਿਤੇ ਗਏ ਕਿ ਓਹ ਜੋ ਚਾਹੇ ਹੁਣ ਅੰਦਰਲੇ ਬਾਹਰਲੇ ਕੰਮ ਕਰੇ। ੨੬ ਦਸੰਬਰ ਨੂੰ ਭਰੋਵਾਲ ਵਿਚ ਕਰਾਰ ਨਾਮੇ ਤੇ ਜਿਹੜਾ ਮਹਾਰਾਜਾ ਦਲੀਪ ਸਿੰਘ ਅਤੇ ਗਵਰਨਰ ਜਨਰਲ ਦੇ ਵਿਚ ਹੋਇਆ ਤੋਪਾਂ ਦੀ ਸਲਾਮੀ ਹੋਈ। ਕਈ ਸੁਣਨ ਵਾਲੇ ਇਹ ਜਾਣਦੇ ਸਨ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਮਰਨ ਤੇ ਮਾਤਮੀ ਤੋਪਾਂ ਇਕ ਇਕ ਮਿੰਟ ਪਿਛੋਂ ਛੁਟ ਰਹੀਆਂ ਸਨ।

ਭੈਰੋ ਵਾਲ ਦੇ ਕਰਾਰਨਾਮੇ ਦੀਆਂ ਸ਼ਰਤਾਂ

ਦਫ਼ਾ ਪਹਿਲੀ--ਬ੍ਰਿਟਸ਼ ਗੌਰਮਿੰਟ ਅਤੇ ਲਹੌਰ ਰਿਆਸਤ ਦੇ ਵਿਚ ਇਹ ਅਹਿਦ ਨਾਮਾ ੯ ਮਾਰਚ ੧੮੪੬ ਨੂੰ ਲਿਖਿਆ ਗਿਆ ਸੀ ਓਸੇ ਤਰਾਂ ਕੈਮ ਰਹੂਗਾ ਦਫਾ ੧੫ ਦਾ ਕੁਛ ਦਿਨਾਂ ਲਈ ਇਕ ਫਿਕਰਾ ਬਦਲੇਗਾ।

ਦਫ਼ਾ ਦੂਜੀ--ਇਕ ਅੰਗ੍ਰੇਜ਼ ਅਫਸਰ ਅਤੇ ਓਸ ਦੇ ਅਸਿਸਟੰਟਾਂ ਨੂੰ ਗਵਰਨਰ ਜਨਰਲ ਮੁਕਰਰ ਕਰੇਗਾ ਓਹ ਲਹੌਰ ਵਿਚ ਰਹਿਣਗੇ ਅਤੇ ਰਿਆਸਤ ਦੇ ਹਰ ਕਾਰਖਾਨੇ ਅਤੇ ਸਰਿਸ਼ਤੇ ਦੇ ਕੁਲ ਕੰਮਾਂ ਵਿਚ ਆਪਣਾ ਹੁਕਮ ਅਤੇ ਦਬਾ ਰਖਣਗੇ।

ਦਫ਼ਾ ਤੀਜੀ--ਬਹੁਤੀ ਤਵਜਹ ਇਸ ਗਲ ਤੇ ਕੀਤੀ ਜਾਵੇਗੀ ਕਿ ਇੰਤਜ਼ਾਮ ਇਸ ਤਰਾਂ ਕੀਤਾ ਜਾਵੇ ਕਿ ਰੱਯਤ ਦੇ ਦਿਲ ਨ ਦੁਖਣ, ਕੌਮੀ ਕਾਨੂਨ ਦਸਤੂਰ ਅਤੇ ਰਸਮਾ ਸਭ ਜਮਾਇਤਾਂ ਦੇ ਹਕ ਬਰਾਬਰ ਰਹਿਣ।

ਦਫ਼ਾ ਚੌਥੀ--ਇੰਤਜ਼ਾਮ ਦਿਆਂ ਤ੍ਰੀਕਿਆਂ ਅਤੇ ਛੋਟੀਆਂ ੨ ਗੱਲਾਂਵਿਚਤਬਦੀਲੀ ਨਹੀਂ ਹੋਵੇਗੀ ਪਰ ਜਦੋਂ ਲਹੌਰ ਦਿਆਂ ਵਾਜਬ-ਉਲ ਅਦਾ ਕੰਮਾਂ ਲਈ ਏਨਾਂ ਦੀ ਲੋੜਪਊਗੀ ਹਿੰਦੁਸਤਾਨੀ ਅਫਸਰ ਜਜ਼ੀ-ਆਤਦਾ ਇੰਤਜ਼ਾਮ ਕਰਨਗੇ ਜੋ ਬਿਲਫਿਲ ਕੌਂਸਲ ਔਫ ਰੀਜੈਂਸੀ ਮੁਕਰਰ ਕਰੂਗੀ ਜਿਸ ਵਿਚ ਅਮੀਰ ਅਤੇ ਸਰਦਾਰ ਮਿੰਬਰ ਹਨ ਜਿਹੜੇ ਬ੍ਰਿਟਸ਼ ਰੈਜ਼ੀਡੈਂਟ ਦੇ ਹੁਕਮ ਵਿਚ ਕੰਮ ਕਰਦੇ ਹਨ।

ਦਫ਼ਾ ਪੰਜਵੀਂ--ਕੌਂਸਲ ਰੀਜੈਨਸੀ ਦੇ ਮਿੰਬਰ ਇਹ ਹੋਣਗੇ:-ਸਰਦਾਰ ਤੇਜਸਿੰਘ, ਸਰਦਾਰ ਸ਼ੇਰ ਸਿੰਘ ਅਟਾਰੀ ਵਾਲਾ, ਦੀਵਾਨ ਦੀਨਾ ਨਾਥ, ਫਕੀਰ ਨੂਰ ਦੀਨ, ਸਰਦਾਰ ਰਨਜੀਤ ਸਿੰਘ ਕਲੋ ਵਾਲਾ, ਸਰ-ਦਾਰ ਰਣਜੋਧ ਸਿੰਘ ਮਜੀਠੀਆ, ਭਾਈ ਬਧਾਨ ਸਿੰਘ, ਸਰਦਾਰ ਅਤਰ ਸਿੰਘ, ਸਰਦਾਰ ਸ਼ਮਸ਼ੇਰ ਸਿੰਘ ਸੰਧਾਂ ਵਾਲੀਆ, ਏਨ੍ਹਾਂ ਦੀ ਬਦਲੀ ਬ੍ਰਿਟਸ਼ ਰੈਜ਼ੀਡੈਂਟ ਦੇ ਹੁਕਮ ਨਾਲ ਹੋਊਗੀ ਜਿਹੜਾ ਗਵਰਨਰ ਜਨਰਲ ਦੇ ਹੁਕਮ ਨਾਲ ਕੰਮ ਕਰੂਗਾ।

ਦਫ਼ਾ ਛੇਵੀਂ--ਕੌਂਸਲ ਰੀਜੈਨਸੀ ਏਸਤ੍ਰਾਂ ਇੰਤਜ਼ਾਮ ਕਰੂਗੀ ਕਿ ਓਹ ਬ੍ਰਿਟਸ਼ ਰੈਜ਼ੀਡੈਂਟ ਦੀ ਸਲਾਹ ਨਾਲ ਫੈਸਲਾ ਕਰਨਗੇ ਰੈਜ਼ੀਡੈਂਟ ਨੂੰ ਕੁਲ ਅਖਤਿਆਰ ਹਾਸਲ ਹਨ ਕਿ ਹਰ ਕਾਰਖਾਨੇ ਸਰਿਸ਼ਤੇ ਵਿਚ ਜੋ ਚਾਹੇ ਹੁਕਮ ਕਰੇ ਅਤੇ ਆਪਣਾ ਦਬਾ ਰਖੇ।

ਦਫ਼ਾ ਸੱਤਵੀਂ--ਮਹਾਰਾਜ ਦੀ ਹਿਫਾਜ਼ਤ ਅਤੇ ਮੁਲਕ ਦੇ ਚੈਨ ਲਈ ਜਿਨੀ ਫੌ

ਜ਼ੋਰ ਅਤੇ ਗਿਣਤੀ ਦੇ ਮੁਤਾਬਕ ਗਵਰਨਰ ਜਨਰਲ ਨੂੰ ਮਨਜੂਰ ਹੋਊ ਲਹੌਰ ਵਿਚ ਰਖੀ ਜਾਊਗੀ।

ਦਫ਼ਾ ਅੱਠਵੀਂ–ਗਵਰਨਰ ਜਨਰਲ ਨੂੰ ਅਖਤਿਆਰ ਹੈ ਕਿ ਲਹੌਰ ਦੇ ਰਾਜ ਵਿਚ ਜਿਸ ਕਿਲੇ ਅਤੇ ਜੰਗੀ ਮੁਕਾਮ ਵਿਚ ਚਾਹੇ ਅੰਗ੍ਰੇਜ਼ੀ ਫੌਜ ਨੂੰ ਜਿਸ ਦੇ ਰਖਣ ਦੀ ਲੋੜ ਰਾਜਧਾਨੀ ਦੀ ਸਲਾਮਤੀ ਅਤੇ ਮੁਲਕ ਦੇ ਅਮਨ ਚੈਨ ਲਈ ਪਵੇ।

ਦਫ਼ਾ ਨੌਵੀਂ–ਬ੍ਰਿਟਸ਼ ਗੌਰਮਿੰਟ ਨੂੰ ਲਹੌਰ ਰਿਆਸਤ ੨੨ ਲਖ ਨਾਨਕ ਸ਼ਾਹੀ ਰੁਪਯੇ ਸਾਲਾਨਾ ਅਦਾ ਕਰੇ, ਓਹ ਏਸਤਰਾਂ ਦੋਂਹ ਕਿਸ਼ਤਾਂ ਵਿਚ ਹਰ ਸਾਲ ਦਿਤਾ ਜਾਵੇ ੧੩ ਲਖ ੨੦ ਹਜਾਰ ਰੁਪਯਾ ਮਈ ਜਾਂ ਜੂਨ ਵਿਚ ਅਤੇ ੮ ਲਖ ੮੦ ਹਜਾਰ ਨਵੰਬਰ ਜਾਂ ਦਸੰਬਰ ਵਿਚ।

ਦਫ਼ਾ ਦੱਸਵੀਂ–ਮਹਾਰਾਨੀ ਮਹਾਰਾਜਾ ਦਲੀਪ ਸਿੰਘ ਦੀ ਮਾਂ ਨੂੰ ਓਸ ਦੇ ਆਪਣੇ ਖਰਚਾਂ ਲਈ ਡੇਢ ਲਖ ਰੁਪਯਾ ਸਾਲਾਨਾ ਦਿਤਾ ਜਾਵੇਗਾ ਓਸ ਨੂੰ ਅਖਤਿਆਰ ਹੈ ਜਿਥੇ ਮਰਜੀ ਖਰਚ ਕਰੇ।

ਦਫ਼ਾ ਯਾਰਵੀਂ–ਏਸ ਕਰਾਰ ਦੀਆਂ ਸਾਰੀਆਂ ਦਫਾਂ ਤੇ ਅਮਲ ਮਹਾਰਾਜਾ ਦੀ ਨਾਬਾਲਗੀ ਵਿਚ ਹੋਊਗਾ ਜਦੋਂ ਮਹਾਰਾਜਾ ਦੀ ਉਮਰ ੧੬ ਸਾਲ ਦੀ ਸਤੰਬਰ ੧੮੫੪ ਈ: ਵਿਚ ਹੋ ਜਾਊਗੀ ਤਾਂ ਇਹ ਕਰਾਰ ਖਤਮ ਹੋ ਜਾਊਗਾ ਅਤੇ ਦਰਬਾਰ ਅਤੇ ਬ੍ਰਿਟਸ਼ ਗੌਰਮਿੰਟ ਨੂੰ ਕਰਾਰ ਹੋ ਜਾਊਗਾ ਕਿ ਮਹਾਰਾਜਾ ਦੀ ਗੌਰਮਿੰਟ ਦੇ ਸੰਭਾਲਨ ਦੀ ਓਸ ਨੂੰ ਲੋੜ ਨਹੀਂ।

[ਮੁਲਤਾਨ ਦਾ ਫਸਾਦ]

ਲਾਲ ਸਿੰਘ ਅਤੇ ਜਿੰਦ ਕੌਰ ਦੋਵੇਂ ਦੇਸੋਂ ਕੱਢ ਅੰਗ੍ਰੇਜ਼ਾਂ ਬਹਾ ਦਿੱਤੇ
ਏਸ ਗੱਲ ਨੇ ਦਿਲ ਪੰਜਾਬੀਆਂ ਦੇ ਮੁੜਕੇ ਫੇਰ ਨੇ ਆ ਭੜਕਾ ਦਿੱਤੇ
*ਮੂਲ ਰਾਜ ਨੇ ਅੱਕ ਕੇ ਓਸੇ ਵੇਲੇ ਕੌਂਸਲ ਹੱਥ ਅਸਤੀਫੇ ਫੜਾ ਦਿੱਤੇ
ਕਾਨ ਸਿੰਘ ਨੂੰ ਓਸਦੀ ਥਾਂ ਸੂਬਾ ਕਰਕੇ ਕੌਂਸਲ ਨੇ ਹੁਕਮ ਸੁਣਾ ਦਿੱਤੇ
ਕੁਛ ਫੌਜ ਅੰਗ੍ਰੇਜ਼ ਤੇ ਸਾਹਿਬ ਅੰਗਨੂੰ ਆਦਿ ਵੱਲ ਮੁਲਤਾਨ ਪਠਾ ਦਿੱਤੇ
ਮੂਲ ਰਾਜ ਨੇ ਔਂਦਿਆਂ ਸਾਰਿਆਂ ਦੇ ਆਦਰ ਬਹੁਤ ਕਰ ਡੇਰੇ ਲਵਾ ਦਿੱਤੇ
ਦੇਕੇ ਕੁੰਜੀਆਂ ਸੱਭੋ ਕੁਛ ਸੌਂਪ ਦਿਤੇ ਅਤੇ ਮਾਲ ਖਜਾਨੇ ਦਿਖਾ ਦਿੱਤੇ
ਹੋਣ ਹਾਰ ਇਹ ਭਾਵੀ ਬਲਵਾਨ ਭਾਰੀ ਇਸਨੇ ਹੋਰ ਹੀ ਰੰਗ ਚੜ੍ਹਾ ਦਿੱਤੇ
ਸਭ ਕੁਛ ਵੇਖ ਜਾਂ ਮੁੜੇ ਦਰਵਾਜੇ ਵੰਨੀ ਬੂਹੇ ਪਾਸ ਦੀਦਾਰ ਨੇ ਆ ਦਿੱਤੇ

*ਮੂਲ ਰਾਜ ਮੁਲਤਾਨ ਤੋਂ ਕੌਂਸਲ ਨੇ ੩੦ ਲਖ ਰੁਪੱਯਾ ਬਾਕੀ ਮੰਗਿਆ ਨਾਲੇ ਕੌਂਸਲ ਓਸਦੇ ਕੰਮਾਂ ਵਿਚ ਆਪ ਦਖਲ ਦੇਣ ਲਗ ਪਈ।

ਅੰਗਨੂੰ ਸਾਹਿਬ ਦੇ ਘੋੜੇ ਦੁਲੱਤੇ ਹਿਲਕੇ ਅਮੀਰ ਚੰਦ ਨੂੰ ਹੈਣ ਚਿਲਾ ਦਿੱਤੇ
ਉਸ ਸਪਾਹੀ ਨੇ ਮਾਰਕੇ ਤੁਰਤ ਬਰਛੀ ਸਾਹਿਬ ਘੋੜੇ ਤੋਂ ਥੱਲੇ ਲਿਟਾ ਦਿੱਤੇ
*ਐਂਡਰੈਸਨ ਨੇ ਓਸਨੂੰ ਗਾਲ ਕੱਢੀ ਵਾਰ ਵਾਸਤੇ ਹੱਥ ਉਠਾ ਦਿੱਤੇ
ਉਸਨੂੰ ਦੂਜੇ ਸਪਾਹੀ ਤਲਵਾਰ ਮਾਰੀ ਅੱਚਣਚੇਤ ਇਹ ਭਾਣੇ ਵਰਤਾ ਦਿੱਤੇ
ਮੂਲ ਰਾਜ ਇਹ ਦੇਖਕੇ ਬੁਰਾ ਭਾਣਾ ਦੌੜ ਕਿਧਰੇ ਨੇ ਮੂੰਹ ਲੁਕਾ ਦਿੱਤੇ
ਕਾਨ ਸਿੰਘ ਨੇ ਹਾਥੀ ਤੇ ਪਾ ਕਰਕੇ ਅੰਗਨੂੰ ਸਾਹਿਬ ਆ ਡੇਰੇ ਉਤਰਾ ਦਿੱਤੇ
ਸਾਰੀ ਫੌਜ ਤੇ ਸ਼ਹਿਰ ਵਿਚ ਪਿਆ ਰੌਲਾ ਸਭਨਾ ਬਾਗੀ ਹੋ ਰੰਗ ਪਲਟਾ ਦਿੱਤੇ
ਕਾਨ ਸਿੰਘ ਤੇ ਸਭਨਾਂ ਅੰਗ੍ਰੇਜ਼ਾਂ ਮਿਲਕੇ ਅੰਗਨੂੰਸਾਹਿਬ ਦੇ ਜ਼ਖਮ ਬੰਧਵਾ ਦਿੱਤੇ
ਲਾਟ ਸਾਹਿਬ ਨੂੰ ਤੇ ਰੈਜ਼ੀਡੰਟ ਤਾਂਈ ਸਾਰੇ ਲਿਖਕੇ ਹਾਲ ਅਲਾ ਦਿੱਤੇ
ਮੇਰੀ ਫੌਜ ਹੋਗਈ ਹੈ ਸਭ ਬਾਗੀ ਮੂਲ ਰਾਜ ਦੇ ਹਾਲ ਬਤਾ ਦਿੱਤੇ
ਮੂਲ ਰਾਜ ਨੇ ਪੁਛਿਆ ਮਾਈ ਕੋਲੋਂ ਅਗੋਂ ਮਾਈ ਨੇ ਜੋਸ਼ ਚੜ੍ਹਾ •ਦਿੱਤੇ
ਮੇਰਾ ਦੁਧ ਪੀਤਾ ਧਰਮ ਛੱਤ੍ਰੀਆਂ ਦਾ ਸਫਲ ਕਰਲੈ ਰੱਬ ਨੇ ਦਾ ਦਿੱਤੇ
ਏਧਰ ਸ਼ਹਿਰ ਵਿਚ ਸਾਰਿਆਂ ਸ਼ਹਿਰੀਆਂ ਨੇ ਥਾਂ ਥਾਂ ਤੇ ਸ਼ੋਰ ਮਚਾ ਦਿੱਤੇ
ਮੁਸਲਮਾਨ ਤੇ ਹਿੰਦੂ ਸਭ ਸੌਂਹ ਖਾਕੇ ਰੰਗ ਜੰਗ ਦੇ ਹੈਣ ਬਣਾ ਦਿੱਤੇ
ਮੂਲ ਰਾਜ ਨੂੰ ਕੰਗਣਾਂ ਬੰਨ ਦਿਤਾ ਸਾਰੇ ਸ਼ੈਹਿਰ ਵਿਚ ਢੋਲ ਫਿਰਾ ਦਿੱਤੇ
ਕੱਠੇ ਹੋਇ ਨੇ ਆ ਤਮਾਮ ਲੋਕੀ ਝੰਡੇ ਧਰਮ ਦੇ ਖੜੇ ਕਰਾ ਦਿੱਤੇ
ਕਾਨ ਸਿੰਘ ਦੇ ਸਾਥੀ ਵੀ ਬਹੁਤ ਸਾਰੇ ਅੰਦਰ ਵਾਲਿਆਂ ਸਿਖਾਂ ਵਿਗੜਾ ਦਿੱਤੇ
ਦਸ ਵਿਸਾਖ ਨੂੰ ਦੋ ਸੌ ਮਜ਼੍ਹਬੀਆਂ ਨੇ ਸਤ ਸ੍ਰੀ ਅਕਾਲ ਗਜਾ ਦਿੱਤੇ
ਅਪਣੇ ਸਾਥੀ ਪੰਜਾਹ ਕੁ ਨਾਲ ਲੈਕੇ ਜਿੱਥੇ ਕਾਨ ਸਿੰਘ ਡੇਰੇ ਲਗਾ ਦਿੱਤੇ
ਨਾਲੇ ਜ਼ਖਮੀ ਅੰਗ੍ਰੇਜ਼ ਸੀ ਪਏ ਦੋਵੇਂ ਓਥੇ ਮਜ਼੍ਹਬੀਆਂ ਦਰਸ ਨੇ ਜਾ ਦਿੱਤੇ
ਅੰਗਨੂੰ ਸਾਹਿਬ ਦੇ ਲਈ ਸਰਦਾਰ ਹੋਰਾਂ ਹੱਥ ਜੋੜ ਕੇ ਵਾਸਤੇ ਪਾ ਦਿੱਤੇ
ਜਦੋਂ ਇਕ ਨ ਮੰਨੀ ਹੈ ਮਜ਼੍ਹਬੀਆਂ ਨੇ ਅੰਗਨੂੰ ਸਾਹਿਬ ਨੇ ਹੱਥ ਹਿਲਾ ਦਿੱਤੇ
ਕਾਨ ਸਿੰਘ ਜੀ ਕੁਛ ਪਰਵਾਹ ਨਾਹੀਂ ਰੱਬ ਅੰਗ੍ਰੇਜ਼ ਤਾਂ ਨਹੀਂ ਮੁਕਾ ਦਿੱਤੇ
ਸਾਡੇ ਦੋਂ ਦੇ ਮਰਨ ਦੇ ਨਾਲ ਏਥੇ ਮੁਕ ਚਲੇ ਅੰਗ੍ਰੇਜ਼ ਲਾ ਫਾਹ ਦਿੱਤੇ
ਆਇ ਜਾਣੋ ਬੇਅੰਤ ਅੰਗ੍ਰੇਜ਼ ਏਥੇ ਇਹਨਾਂ ਐਵੇਂ ਹੀ ਵੈਰ ਵਧਾ ਦਿੱਤੇ
ਮੂਲ ਰਾਜ ਨੂੰ ਮਜ਼ਾ ਚਖਾਉਣ ਚੰਗਾ ਜਿਸਨੇ ਐਵੇਂ ਅੰਗ੍ਰੇਜ਼ ਦੁਖਾ ਦਿੱਤੇ
ਐਸੀ ਕਰਨ ਆ ਦੇਖ ਜਹਾਨ ਕੰਬੇ, ਓਧਰ ਮਜ਼੍ਹਬੀਆਂ ਹੱਲੇ ਬੁਲਾ ਦਿੱਤੇ
ਕਾਨ ਸਿੰਘ ਸਰਦਾਰ ਨੂੰ ਕੈਦ ਕੀਤਾ ਅਤੇ ਸਾਰੇ ਸਪਾਹੀ ਨਠਾ ਦਿੱਤੇ
ਹੱਲਾ ਕਰਕੇ ਮਜ਼੍ਹਬੀ ਗੁੱਦੜ ਸਿੰਘ ਨੇ ਬੱਸ ਦੋਵੇਂ ਅੰਗ੍ਰੇਜ਼ ਫਟਕਾ ਦਿੱਤੇ
ਸਿਰ ਦੋਹਾਂ ਅੰਗ੍ਰੇਜ਼ਾਂ ਦੇ ਗੁੱਦੜ ਸਿੰਘ ਨੇ ਮੂਲਰਾਜ ਦੇ ਅਗੇ ਟਿਕਾ ਦਿੱਤੇ
ਇਕ ਘੋੜਾ ਤੇ ਹਾਥੀ ਇਨਾਮ ਦੇਕੇ ਪੰਜ ਸੌ ਇਨਾਮ ਫੜਾ ਦਿੱਤੇ

*ਦੂਜਾ ਅੰਗ੍ਰੇਜ਼ ।

ਜਰ ਜੋਰੂ ਜਮੀਨ ਨੇ ਬਿਸ਼ਨ ਸਿੰਘਾ ਸਾਰੇ ਜਗਤ ਦੇ ਲੋਕ ਲੜਾ ਦਿੱਤੇ

[ਮੁਲਤਾਨ ਉਤੇ ਚੜ੍ਹਾਈ]

ਰੈਜ਼ੀਡੈਂਟ ਇਹ ਹਾਲ ਸੁਣ ਲਾਲ ਹੋਯਾ ਸਭ ਅੰਗ੍ਰੇਜ਼ਾਂ ਨੂੰ ਗੁਸੇ ਅਪਾਰ ਚੜ੍ਹ ਪਏ
ਬਸ ਕੌਂਸਲ ਦੀ ਝਟ ਸਲਾਹ ਲੈਕੇ ਵਲ ਮੁਲਤਾਨ ਦੇ ਬੜੇ ਬਲਕਾਰ ਚੜ੍ਹ ਪ
ਰਾਜਾ ਸ਼ੇਰ ਸਿੰਘ ਆਪ ਅਟਾਰੀ ਵਾਲਾ ਸ਼ੇਖ ਦੀਨ ਅਮਾਮ ਲਲਕਾਰ ਚੜ੍ਹ ਪਏ
ਸੰਧਾਂ ਵਾਲੀਆਂ ਤੀਜਾ ਸ਼ਮਸ਼ੇਰੁਸਿੰਘ ਜੀ ਸੂਰ ਬੀਰ ਸ਼ਮਸ਼ੇਰ ਭਬਕਾਰ ਚੜ੍ਹ ਪਏ
ਅਤਰ ਸਿੰਘ ਸਰਦਾਰ ਵੀ ਕਾਲਿਆਂ ਵਾਲਾ ਏਹੋ ਜਹੇ ਅਨੇਕ ਸਰਦਾਰ ਚੜ੍ਹ ਪਏ
ਐਡਵਰਡ ਅੰਗ੍ਰੇਜ਼ ਵੀ ਬੰਨੂੰ ਵੱਲੋਂ ਲੈਕੇ ਗੋਰਿਆਂ ਨੂੰ ਮਾਰੋ ਮਾਰ ਚੜ੍ਹ ਪਏ
ਛੇ ਹਾੜ ਤੇ ਉੱਨੀ ਸੌ ਪੰਜ ਬਿਕ੍ਰਮ ਫਤੇ ਕਰਨ ਮੁਲਤਾਨ ਸਵਾਰ ਚੜ੍ਹ ਪਏ
ਚਾਉ ਜੰਗ ਦਾ ਜਿਨਾ ਨੂੰ ਬਿਸ਼ਨ ਸਿੰਘਾ ਮੂੰਹ ਓਨਾਂਦੇ ਰੰਗ ਬਿਸੀਆਰ ਚੜ੍ਹ ਪਏ

[ਝਨਾਉਂ ਕਿਨਾਰੇ ਖੇੜ੍ਹੀ ਪਿੰਡ ਪਾਸ ਜੰਗ]

ਕੋਰੜਾ ਛੰਦ

ਰੰਗਾ ਰਾਮ ਹੋਰੀ ਓਧਰੋਂ ਢੁੱਕੇ ਆਣ ਜੀ। ਮੂਲ ਰਾਜਵਾਲੀ ਫੌਜ ਲੈਕੇ ਜਾਣ ਜੀ
ਹੋਯਾ ਘਮਸਾਨ ਓਥੇ ਬੜਾ ਮਾਨ ਜੀ । ਸੂਰ ਬੀਰਾਂ ਸੰਦੇ ਲੱਥ ਗਏ ਘਾਣ ਜੀ
ਫੌਜ ਲੈ ਸੁਜਾਨ ਖਾਨ ਵਾਲੀ ਗੱਜਿਆ। ਐਡਵਰਡ ਆਪ ਕਪਤਾਨ ਸੱਜਿਆ
ਸੂਰਜ ਮੁਖੀ ਰੱਜਮੰਟ ਲੱਕ ਕੱਸਿਆ । ਕਾਰਟਲੇਂਡਟ ਵਾਲੀ ਜ਼ੋਰ ਦੱਸਿਆ
ਫੌਜ ਨਾਲੇ ਨਵੀਂ ਭਰਤੀ ਵਾਲੀ ਆਗਈ। ਆਣਕੇ ਬਹੋਲ ਪੁਰੋਂ ਡੇਰਾ ਲਾ ਗਈ
ਦਸਕ ਹਜ਼ਾਰ ਹੈ ਸਪਾਹ ਹੋ ਗਈ । ਮਰਨ ਤੇ ਮਾਰਨ ਨੂੰ ਆ ਖਲੋ ਗਈ
ਦੋਹਾਂ ਧਿਰਾਂ ਸੰਦਾ ਹੋਯਾ ਜੰਗ ਆਣ ਜੀ। ਸੂਰਿਆਂ ਦੇ ਓਥੇ ਲੱਥੇ ਆਣ ਘਾਣ ਜੀ
ਨੌ ਘੰਟੇ ਕੁਲ ਏਹ ਲੜਾਈ ਰਹੀ ਸੀ । ਰੰਗਾ ਰਾਮ ਤਾਈਂ ਤਦੋਂ ਭਾਂਜ ਪਈ ਸੀ
ਸ਼ਾਹ ਜਹਾਂ ਬਾਦ ਵਾਲਾ ਕਿਲਾ ਪਜਾਰਜਾ। ਅੱਠ ਹਾੜ ਆਣ ਅੰਗ੍ਰੇਜ਼ਾਂ ਮਾਰਿਆ
ਸੋਲਾਂ ਹਾੜ ਉੱਠ ਬਲ ਹੋਰ ਧਾਰਿਆ। ਸੂਰਜ ਗੜ ਪਾਸ ਦਲ ਹੈ ਉਤਾਰਿਆ
ਤਿੰਨ ਕੋਹ ਉਰੇ ਮੁਲਤਾਨੋ ਜਾਣ ਜੀ। ਸੂਰਿਆਂ ਦੇ ਓਥੇ ਲੱਥੇ ਆਣ ਘਾਣ ਜੀ
ਠਾਰਾਂ ਹਾੜ ਅੰਦਰ ਇਮਾਮ ਦੀਨ ਜੀ। ਚਾਰਕ ਹਜ਼ਾਰ ਫੌਜ ਸੋਹਣੀ ਬੀਨ ਜੀ
ਨਾਲ ਕਪਤਾਨ ਦੇ ਹੈ ਆਣ ਰੱਲਿਆ। ਉੱਨੀ ਹਾੜ ਆਕੇ ਮੁੜਕੇ ਜੰਗ ਹੱਲਿਆ
ਯਾਰਾਂਕੁ ਹਜ਼ਾਰ ਫੌਜ ਲੈਕੇ ਨਾਲ ਜੀ। ਮੂਲ ਰਾਜ ਆਯਾ ਹੋ ਗੁਲਾਲ ਲਾਲਜੀ
ਦਸਕੁ ਤੋਪਾਂ ਲੈਕੇ ਆਣ ਅੜਿਆ। ਮੱਦਾ ਸ਼ਾਹ ਵਾਲੇ ਹੈ ਮੈਦਾਨ ਵੜਿਆ
ਮੂਲ ਰਾਜ ਜ਼ੋਰ ਸ਼ੋਰ ਨਾਲ ਲੜਿਆ। ਦੁਸ਼ਮਣਾਂ ਦਾ ਮੂੰਹ ਖੱਟਾ ਬੁਰਾਕਰਿਆ
ਠਾਰਾਂਕੁ ਹਜ਼ਾਰ ਬਾਈ ਤੋਪਾਂ ਬੋਲ ਜੀ। ਭਾਵੇਂ ਇਹ ਸਮਾਜ ਅੰਗ੍ਰੇਜ਼ਾਂ ਕੋਲ ਜੀ
ਤਾਂ ਵੀ ਮੂਲਰਾਜ ਬੜਾ ਬਲੀਜਾਨ ਜੀ। ਜਾਨ ਤੋੜ ਫੌਜ ਇਹਦੀ ਲੜੀ ਮਾਨ ਜੀ
ਜਾਨਦਾਂ ਨਾ ਸਰਫਾ ਕੀਆ ਪਛਾਨ ਜੀ। ਸੂਰਿਆਂ ਦੇ ਓਥੇ ਲੱਥੇ ਆਣ ਘਾਣ ਜੀ
ਫੌਜ ਅੰਗ੍ਰੇਜ਼ੀ ਦੀਆਂ ਸੁੱਧਾਂ ਭੁੱਲੀਆਂ। ਮੁਰਦਿਆਂ ਦੇ ਅੰਗ ਰੁਲੇ ਵਾਂਗ ਗੁੱਲੀਆਂ

ਏਨੇ ਚਿਰ ਵਿਚ ਆਕੇ ਰਾਤ ਪੈਗਈ। ਥਾਂਓ ਥਾਂਈ ਜਾਕੇ ਫੌਜ ਸਾਰੀ ਬੈ ਗਈ
ਮੂਲਰਾਜ ਓਦੋਂ ਨਾ ਜੇ ਸ਼ਹਿਰ ਜਾਂਵਦਾ। ਜ਼ੋਰ ਨਾਲ ਜ਼ਰਾ ਜੋਰ ਹੋਰ ਲਾਂਵਦਾ
ਤਦੋਂ ਇਹ ਜਰੂਰ ਜਾਣੋਂ ਫਤੇ ਪਾਂਵਦਾ। ਐਪਰ ਸੱਚੇ ਰੱਬ ਤਾਈਂ ਏਵੇਂ ਭਾਂਵਦਾ
ਓਮੂਲ ਰਾਜ ਸੰਦੇ ਜੋ ਵਜ਼ੀਰ ਪਿਆਰਿਆ। ਸਾਹਬਾਜ ਆਦਿਕਾਂ ਨੇ ਏਨੂੰ ਮਾਰਿਆ
ਜੇਹੜੇ ਮਿਲੇ ਹੋਇ ਅੰਗ੍ਰੇਜ਼ਾਂ ਨਾਲ ਸੀ। ਮੂਲ ਰਾਜ ਸੰਦਾ ਓਨ੍ਹਾਂ ਕੀਤਾ ਕਾਲ ਜੀ
ਮਿਲ ਅੰਗ੍ਰੇਜ਼ਾਂ ਬੈਠ ਸੋਚ ਸਿਆਣਿਆਂ। ਕਿਲਾ ਮੁਲਤਾਨ ਦਾ ਅਟੁੱਟ ਜਾਣਿਆਂ
ਫੌਜਦੀ ਉਡੀਕ ਵਿਚ ਗਮ ਖਾਲਿਆ। ਛੱਡਕੇ ਲੜਾਈ ਡੇਰਾ ਦਿੱਲੀ ਲਾਲਿਆ
ਗਵਰਨਰ ਡਲਹੌਜ਼ੀਨੇ ਹੁਕਮਦਿਤਾ ਗਫ ਸਾਹਿਬ ਹਿੰਦੁਸਤਾਨ ਤੋਂ ਆਇਆ ਈ
ਬਾਈ ਭਾਦਰੋਂ ਤਦੋਂ ਕਰਾਚੀ ਵੱਲੋਂ ਫੌਜ ਚੀਫ ਕਮਾਂਡਰ ਲੈ ਧਾਇਆ ਈ
ਅੱਠ ਹਜ਼ਾਰ ਲੜਾਕੀ ਸਪਾਹੀ ਭਾਰੀ ਅਪਣੇ ਨਾਲਇਹ ਤੁਰਤਲਿਆਇਆ ਈ
ਕੱਠੀ ਬੱਤੀ ਹਜ਼ਾਰ ਹੈ ਫੌਜ ਹੋਈ ਛੱਬੀ ਭਾਦਰੋਂ-ਜੰਗ ਮਚਾਇਆ ਈ
ਮੂਲ ਰਾਜ ਵੀ ਚੌਦਾਂ ਹਜ਼ਾਰ ਲੈਕੇ ਬੀੜਾ ਜੰਗ ਦਾ ਤੁਰਤ ਉਠਾਇਆ ਈ
ਸੋਲਾਂ ਤੋਪਾਂ ਨੂੰ ਨਾਲ ਲੈ ਗੱਜਿਆ ਹੈ ਸਭ ਨੂੰ ਜੰਗ ਦਾ ਰੰਗ ਚੜ੍ਹਾਇਆ ਈ
ਰੋਜ ਤੋਪ ਬੰਦੂਕ ਹੈ ਰਹੀ ਚਲਦੀ ਕਿਸੇ ਜਿੱਤ ਨ ਹਾਰ ਨੂੰ ਪਾਇਆ ਈ
ਮੂਲ ਰਾਜ ਦਾ ਪੰਦ੍ਰਾਂ ਸੌ ਮਜ਼ਬੀ ਜੇਹੜਾ ਬੜਾ ਬਲਵਾਨ ਕਹਾਇਆ ਈ
ਜਿਧਰ ਪਏ ਸੋ ਜੈ ਬੁਲਾਇ ਆਵੇ ਬੁਰਾ ਹੱਥ ਅੰਗ੍ਰੇਜ਼ਾਂ ਨੂੰ ਲਾਇਆ ਈ
ਅੜਿਆ ਜੰਗ ਇਹ ਵਿਚੇ ਹੀ ਬਿਸ਼ਨ ਸਿੰਘਾ ਰੱਬ ਹੋਰ ਉਪੱਦ੍ਰ ਉਠਾਇਆ ਈ

{ ਸਰਦਾਰ ਚਤਰਸਿੰਘ ਅਟਾਰੀ ਵਾਲੇ ਨੇ ਅੰਗ੍ਰੇਜ਼ਾਂ ਦੇ ਵਿਰੁੱਧ ਹੋਣਾ ਅਤੇ ਮੁਲਤਾਨ ਫਤੇ ਹੋਣਾਂ }

ਸੂਬੇਦਾਰ ਹਜ਼ਾਰੇ ਦੇ ਮੁਲਕ ਸੰਦਾ ਚਤਰ ਸਿੰਘ ਸਰਦਾਰ ਉਭਾਰ ਪਿਆ
ਬਾਈ ਸਾਉਣ ਨੂੰ ਝੰਡੇ ਨੂੰ ਖੜਾ ਕਰਕੇ ਮਾਰੋ ਮਾਰ ਸਰਦਾਰ ਲਲਕਾਰ ਪਿਆ
ਕਤਲ ਕਰਕੇ ਕਨਵਰਾ ਸਾਹਿਬ ਤਾਈਂ ਅਟਕ ਵੰਨੀ ਹੈ ਚੜ ਸਰਦਾਰ ਪਿਆ
ਇਸ ਬਖੇੜੇ ਦੀ ਐਡੀ ਹੈ ਅੱਗ ਭੜਕੀ ਸਾਰੇ ਦੇਸ ਤੇ ਰੌਲਾ ਅਪਾਰ ਪਿਆ
ਰੈਜ਼ੀਡੰਟ ਦਾ ਦਲ ਸਭ ਵਿਗਾੜ ਕਰਕੇ ਚਤਰ ਸਿੰਘ ਦੀ ਸ਼ਰਨੰ ਵਿਚਾਰ ਪਿਆ
ਰਾਜ ਰੋਲਾ ਪੈਗਿਆ ਪੰਜਾਬ ਅੰਦਰ ਵਿਚ ਪਸ਼ੌਰ ਦੇ ਆਣ ਵਿਗਾੜ ਪਿਆ
ਸਭਨਾਂ ਸ਼ੈਹਰਾਂ ਦਾ ਦਲ ਹੁਣ ਵਿਗੜ ਕਰਕੇ ਮਿਲ ਨਾਲਸਰਦਾਰ ਭਬਕਾਰ ਪਿਆ
ਜਾਰਜ ਲਾਰੰਸ ਵਗੈਰਾ ਅੰਗ੍ਰੇਜ਼ ਸਾਰੇ ਕੈਦ ਕੀਤੇ ਸਰਦਾਰ ਬਲਕਾਰ ਪਿਆ
ਅਮੀਰ ਕਾਬਲ ਵੀ ਹੋ ਸਲਾਹੀ ਬੈਠਾ ਚਤਰ ਸਿੰਘ ਦਾ ਹੀ ਮੱਦਤਗੱਾਰ ਪਿਆ
ਢੋਲ ਵਜ ਗਿਆ ਸਭ ਪੰਜਾਬ ਅੰਦਰ ਥਾਂ ਥਾਂ ਇਹ ਹੁੰਦਾ ਜੈਕਾਰ ਪਿਆ
ਜੇਹੜਾ ਧਰਮ ਦੇ ਝੰਡੇ ਦਾ ਸਾਥੀ ਹੋਕੇ ਲੜੇ ਵਿੱਚ ਲੜਾਈ ਅੰਗ੍ਰੇਜ਼ਾਂ ਸਵਾਰ ਪਿਆ
ਓਹਨੂੰ ਮਿਲੇ ਸਵਰਗ ਦੀ ਬੜੀ ਪਦਵੀ ਓਹੋ ਸਮਝੋ ਖਾਂ ਪਾਰ ਸੰਸਾਰ ਪਿਆ
ਗਾਮ ਰੌਲੇ ਹੁਣ ਏਸਦੇ ਨਾਲ ਟੋਲਾ ਕੱਠਾ ਹੋ ਪੰਜਾਹ ਹਜ਼ਾਰ ਪਿਆ

ਚਤਰਸਿੰਘ ਦਾ ਪੁਤ੍ਰ ਜੋ ਸ਼ੇਰਸਿੰਘ ਜੀ ਲੜਦਾ ਵਿੱਚ ਮੁਲਤਾਨ ਇਕਸਾਰ ਪਿਆ
ਜੇਹੜਾ ਮੱਦਤ ਅੰਗ੍ਰੇਜ਼ਾਂ ਦੀ ਪਿਆ ਕਰਦਾ ਹੁਕਮ ਨਾਲ ਲਾਹੌਰ ਦਰਬਾਰ ਪਿਆ
ਮੂਲਰਾਜ ਨੂੰ ਮਾਰਨਾ ਚਾਹੁੰਦਾ ਸੀ ਇਹ ਹਾਲ ਸੁਣ ਓਹ ਵੀ ਵਿਸਾਰ ਪਿਆ
ਮੂਲਰਾਜ ਦੇ ਨਾਲ ਸੀ ਮਿਲਨ ਲੱਗਾ ਇਹ ਵੀ ਆਣ ਅੰਗ੍ਰੇਜ਼ਾਂ ਤੇ ਭਾਰ ਪਿਆ
ਐਪਰ ਨਹੀਂ ਅੰਗ੍ਰੇਜ਼ਾਂ ਨੇ ਮਿਲਨ ਦਿਤਾ ਐਸਾ ਦਾ ਅੰਗ੍ਰੇਜ਼ਾਂ ਦਾ ਯਾਰ ਪਿਆ
ਸ਼ੇਰ ਸਿੰਘ ਨੂੰ ਵੈਰੀ ਹੈ ਸਮਝ ਬੈਠਾ ਮੂਲ ਰਾਜ ਕੁਛ ਹੋਰ ਬਜ਼ਾਰ ਪਿਆ
ਓੜਕ ਸ਼ੇਰ ਸਿੰਘ ਚਤਰ ਸਿੰਘ ਵੱਲ ਆਯਾ ਵੱਟਾ ਖੱਤਰੀ ਪੈਰ ਤੇ ਮਾਰ ਪਿਆ
ਸ਼ੇਰ ਸਿੰਘ ਨੂੰ ਮੇਲ ਜੇ ਆਪ ਲੈਂਦਾ ਲੈਂਦਾ ਸਾਰੇ ਹੀ ਕੰਮ ਸਵਾਰ ਪਿਆ
ਆਪੇ ਛੱਡਕੇ ਦੇਸ ਨੂੰ ਨੱਸ ਜਾਂਦਾ ਦਲ ਦੁਸ਼ਮਣਾਂ ਦਾ ਸੀਗਾ ਹਾਰ ਪਿਆ
ਰੱਬ ਰੱਖਦਾ ਓਸ ਨੂੰ ਕੌਣ ਮਾਰੇ ਮੱਦਤ ਕਰਦਾ ਹੈ ਆਪ ਕਰਤਾਰ ਪਿਆ
ਓਸ ਸਮੇਂ ਹੀ ਬੰਨੂੰ ਦੇ• ਵਿਚ ਆਕੇ ਇਕ ਹੋਰ ਬੜਾ ਹਾ ਹਾ ਕਾਰ ਪਿਆ
ਹੋਮ ਸਾਹਿਬ ਤੇ ਫਤੇ ਖਾਂ ਮਾਰ ਦਿਤਾ ਸਭ ਦੇਸ ਤੇ ਸ਼ੋਰ ਬਿਸੀਆਰ ਪਿਆ
ਜਿਸਨੇ ਕੌਰ ਪਸ਼ੌਰਾ ਸਿੰਘ ਕਤਲ ਕੀਤਾ ਓਹੋ ਕੱਢਣ ਨੂੰ ਖਾਲਸਾ ਖਾਰ ਪਿਆ
ਨੌਂ ਅੱਸੂ ਨੂੰ ਬਰੇਗਡੀਅਰ ਸਾਹਿਬ ਫੌਜ ਬੰਬੇ ਦੀ ਲੈ ਦਬਕਾਰ ਪਿਆ
ਪੰਦ੍ਰਾਂ ਅੱਸੂ ਮੁਲਤਾਨ ਆ ਜ਼ੋਰ ਦੇਕੇ ਮਾਰੋ ਮਾਰ ਤੇ ਫੜ ਲੌ ਉਚਾਰ ਪਿਆ
ਬਾਗ ਸਾਉਣ ਦਾ ਮਕਬਰਾ ਸ਼ੱਮਸ ਸੰਦਾ ਮੱਲ ਦਲ ਹੈ ਡੇਰਾ ਉਤਾਰ ਪਿਆ
ਉਠ ਅੱਸੂ ਸਤਾਰਾਂ ਨੂੰ ਫੇਰ ਬੈਠਾ ਦਲ ਸਿੰਘਾਂ ਦਾ ਹੋ ਲਚਾਰ ਪਿਆ
ਨਿਕਲ਼ ਦਿੱਲੀ ਦਰਵਾਜਿਓਂ ਦਲ ਭਾਰਾ ਲੈਕੇ ਢਾਲ ਤਲਵਾਰ ਕਟਾਰ ਪਿਆ
ਬਹੁਤ ਮਾਰੀ ਸਪਾਹ ਹੈ ਦੁਸ਼ਮਣਾਂ ਦੀ ਦੰਦ ਖੱਟੇ ਕਰ ਦਲ ਨ ਹਾਰ ਪਿਆ
ਇੱਕੀ ਭਾਦਰੋਂ ਭੇਤ ਅੰਗ੍ਰੇਜ਼ਾਂ ਲੈਕੇ ਗੋਲਾ ਮਾਰਿਆ ਹੈ ਸੜਾ ਸਾੜ ਪਿਆ
ਮੇਗਜ਼ੀਨ ਸਭ ਅੰਦਰਲਾ ਫੂਕ ਦਿਤਾ ਗੋਲਾ ਰਾਲ ਦਾ ਹੈ ਕੜਾ ਕਾੜ ਪਿਆ
ਪੰਜ ਸੌ ਸਿਪਾਹੀ ਹੈ ਉੱਡ ਗਿਆ ਵਿਚ ਕਿਲੇ ਦੇ ਕਹਿਰ ਕਹਾਰ ਪਿਆ
ਭਾਵੇਂ ਉੱਡੇ ਹਿਰਾਸ ਗੜ ਵਾਲਿਆਂ ਦੇ ਐਪਰ ਹੌਸਲਾ ਕੋਈ ਨ ਹਾਰ ਪਿਆ
ਲੜਦਾ ਰਿਹਾ ਹੈ ਦਲ ਦੀਵਾਨ ਸੰਦਾ ਗੋਲਾ ਛਡਦਾ ਹੈ ਦੜਾ ਦਾੜ ਪਿਆ
ਉੱਨੀ ਕੱਤਕ ਨੂੰ ਦਿੱਲੀ ਦਰਵਾਜ਼ਾ ਸਾਰਾ ਦਿਸ ਰਿਹਾ ਹੈ ਖੁਲਾ ਉਘਾੜ ਪਿਆ
ਖੋਲ ਦਿਤਾ ਅੰਗ੍ਰੇਜ਼ਾਂ ਦੇ ਕਹੇ ਉਤੇ ਸ਼ੈਹਰ ਵਾਲਿਆਂ ਆਪਹੀ ਸਾਰ ਪਿਆ
ਖ਼ੂਨੀ ਬੁਰਜ ਤੋਂ ਕੋਟ ਨੂੰ ਭੰਨ ਕਰਕੇ ਸਭ ਖਾਲਸਾ ਪੈਰ ਪਸਾਰ ਪਿਆ
ਦਖਲ ਕਿਲੇ ਦੇ ਵਿਚ ਅੰਗ੍ਰੇਜ਼ਾਂ ਕੀਤਾ ਅਰ ਬੇੜਾ ਅੰਗ੍ਰੇਜ਼ਾਂ ਦਾ ਪਾਰ ਪਿਆ
ਓਸ ਦਿਨ ਹੈ ਐਤਨਾ ਜੰਗ ਹੋਯਾ ਉਤੇ ਮੁਰਦੇ ਦੇ ਮੁਰਦਾ ਅੰਬਾਰ ਪਿਆ
ਭਰ ਗਏ ਨੇ ਗਲੀਆਂ ਬਜ਼ਾਰ ਸਾਰੇ ਮੁਸ਼ਕ ਉੱਠਿਆ ਸ਼ੈਹਰ ਸਥਾਰ ਪਿਆ
ਹੋਈਆਂ ਲਹੂ ਲੁਹਾਨ ਸਭ ਮੋਰੀਆਂ ਨੇ ਧਰਤੀ ਗਲ ਸੁਹਾਗ ਦਾ ਹਾਰ ਪਿਆ
ਆਣ ਘੇਰਿਆ ਕਿਲੇ ਨੂੰ ਗੋਰਿਆਂ ਨੇ ਕੰਮ ਕੀਤਾ ਓਹ ਜੇਹੜਾ ਦਰਕਾਰ ਪਿਆ

ਰਸਦ ਅੰਦਰ ਨੂੰ ਜਾਵਣੀ ਬੰਦ ਕੀਤੀ ਫੌਜ ਅੰਦਰਲੀ ਤਾਈਂ ਅਜ਼ਾਰ ਪਿਆ
ਤਾਂ ਵੀ ਦੋ ਮਹੀਨੇ ਹੈ ਰਿਹਾ ਲੜਦਾ ਮੂਲਰਾਜ ਹੈ ਜਨਮ ਨੂੰ ਤਾਰ ਪਿਆ
ਓੜਕ ਫੌਜ ਜਾਂ ਭੁੱਖੀ ਹੈ ਮਰਨ ਲੱਗੀ ਸਾਰਾ ਦਲ ਹੀ ਆਣ ਬੇਜ਼ਾਰ ਪਿਆ
ਏਧਰੋਂ ਬਹੁਤ ਸੁਨੇਹੇ ਅੰਗ੍ਰੇਜ਼ਾਂ ਘੱਲੇ ਮਿਲ ਕਰ ਨ ਤੂੰ ਹੰਕਾਰ ਪਿਆ
ਜਾਨ ਮਾਲ ਸਭ ਦਿਆਂਗੇ ਬਖਸ਼ ਤੇਰੇ ਬੂਹੇ ਖੋਲਕੇ ਦੇਹ ਦੀਦਾਰ ਪਿਆ
ਮੂਲਰਾਜ ਨੇ ਹਾਰਕੇ ਅੰਤ ਬਾਕੀ ਕਰ ਚਰਨੀ ਅੰਗ੍ਰੇਜ਼ ਨਮਸਕਾਰ ਪਿਆ
ਯਾਰਾਂ ਮਾਘ ਤੇ ਉੱਨੀ ਸੌ ਪੰਜ ਬਿਕ੍ਰਮ ਹਾਰ ਸ਼ਰਨ ਅੰਗ੍ਰੇਜ਼ ਦੀ ਧਾਰ ਪਿਆ
ਅਪਣਾ ਆਪ ਅੰਗ੍ਰੇਜ਼ਾਂ ਨੂੰ ਸੌਂਪ ਕਰਕੇ ਹੋਣ ਲਗਾ ਹੈ ਹੁਣ ਖੁਆਰ ਪਿਆ
ਕਿਲੇ ਵਿਚ ਅੰਗ੍ਰੇਜ਼ਾਂ ਨੇ ਦਖਲ ਕੀਤਾ ਮੂਲਰਾਜ ਵੀ ਹੋ ਤਿਆਰ ਪਿਆ
ਹੋ ਲਾਹੌਰ ਤੋਂ ਗਿਆ ਹੈ ਕਾਲੇ ਪਾਣੀ ਓਥੇ ਜਾਇਕੇ ਆਪ ਬੀਮਾਰ ਪਿਆ
*ਲੰਮੇ ਵਤਨ ਨੂੰ ਕੂਚ ਕਰ ਬਿਸ਼ਨ ਸਿੰਘਾ ਛੱਡ ਗਿਆ ਸੰਸਾਰ ਉਜਾੜ ਪਿਆ

{ ੧੬ ਮੱਘਰ ਸੰ: ੧੯੦੫ ਬਿ: ਨੂੰ ਰਾਮ ਨਗਰ ਪਾਸ ਝਨਾਉਂ ਦੇ ਕਿਨਾਰੇ ਜੰਗ ਹੋਣਾ }

ਫਤੇ ਕਰ ਮੁਲਤਾਨ ਨੂੰ ਫੌਜ ਸਾਰੀ ਚਤਰ ਸਿੰਘ ਦੇ ਵਲ ਝੁਕਾਈਏ ਜੀ
ਇਸਤੋਂ ਪਹਿਲੇ ਗਫ ਸਾਹਿਬ ਝਨਾ ਕੰਢੇ ਨਾਲ ਸ਼ੇਰਸਿੰਘ ਕਰੀ ਲੜਾਈਏ ਜੀ
ਭਾਵੇਂ ਕਮਸਲ ਤੇ ਕਰਟਨ ਅੰਗ੍ਰੇਜ਼ਾਂ ਦੋਵੇਂ ਆਪਣੀ ਸੂਰਮਤਾ ਬੜੀ ਦਿਖਾਈਏ ਜੀ
ਫੌਜ ਵੀਹ ਹਜਾਰ ਲੈ ਤੋੜ ਜਾਨਾਂ ਲੜੇ ਬੜਾ ਲੜਾਈ ਮਚਾਈਏ ਜੀ
ਐਪਰ ਰੇਤਲੀ ਇਕ ਜ਼ਮੀਨ ਹੈਸੀ ਬੜੀ ਬਿਪਤਾ ਅੰਗ੍ਰੇਜ਼ਾਂ ਉਠਾਈਏ ਜੀ
ਤੋਪਾਂ ਫਿਰਨ ਨਾ ਬਹੁਤ ਨੁਕਸਾਨ ਹੋਯਾ ਫੌਜ ਸਿੰਘਾਂ ਦੀ ਅਗੇ ਵਧ ਆਈਏ ਜੀ
ਜਦੋਂ ਉਸਤੇ ਅੰਗ੍ਰੇਜ਼ਾਂ ਨੇ ਜੋਰ ਪਾਯਾ ਸਿੰਘਾਂ ਪਿਛਾਂ ਨੂੰ ਫੌਜ ਹਟਾਈਏ ਜੀ
ਫੌਜ ਗੋਰਿਆਂ ਦੀ ਚੜ੍ਹਦੀ ਗਈ ਮੋਢੀਂ ਸਿੰਘਾਂ ਮੌਕੇ ਪਰ ਕਰੀ ਸਫਾਈਏ ਜੀ
ਤੋਪਖਾਨੇ ਘੁੜਨੈਲ ਤੇ ਫੌਜ ਪੈਦਲ ਜਿਥੇ ਨੀਵੇਂ ਥਾਂ ਸਿੰਘਾਂ ਜਮਾਈਏ ਜੀ
ਬਸ ਓਸਥਾਂ ਜਾਇਕੇ ਖੜੇ ਹੋਏ ਸਿੰਘਾਂ ਦੱਬਕੇ ਛੂਟ ਕਰਾਈਏ ਜੀ
ਪੈਦਲ ਸਿੰਘਾਂ ਦੀ ਫੌਜ ਦੁਵਾਲੇ ਹੋਗਈ ਬਿਪਤਾ ਦੁਸ਼ਮਣਾਂ ਤੇ ਬੁਰੀ ਪਾਈਏ ਜੀ
ਘੋੜ ਚੜ੍ਹਿਆਂ ਵੀ ਦੌੜਕੇ ਅੱਚਨਚੇਤੀ ਉਤੇ ਕੀਤੀ ਅੰਗ੍ਰੇਜ਼ਾਂ ਦੇ ਧਾਈਏ ਜੀ
ਫਿਰਕੇ ਤੇਗ ਬੰਦੂਕ ਹੈ ਚੱਲੀ ਐਸੀ ਜਿਸਦੀ ਗੱਲ ਨਾ ਜਾਂਦੀ ਸੁਣਾਈਏ ਜੀ
ਅਜ ਤੀਕ ਵੀ ਸੁਣਿਆਂ ਜਾਂਵਦਾ ਹੈ ਜਿਸਦੀ ਢਾਡੀਆਂ ਨੇ ਵਾਰ ਗਾਈਏ ਜੀ
ਓਥੋਂ ਬਹੁਤ ਅੰਗ੍ਰੇਜ਼ਾਂ ਨੁਕਸਾਨ ਪਾਕੇ ਫੌਜ ਕਈ ਕੋਹ ਪਿਛਾਂਹ ਟਿਕਾਈਏ ਜੀ

---

*ਲਾਰਡ ਡਲਹੌਜ਼ੀ ਨੇ ਨਵਾਬ ਬਹਾਵਲ ਪੁਰੀਏ ਨੂੰ ਇਕ ਲੱਖ ਸਾਲ ਦੀ ਪਿਨਸ਼ਨ ਤੇ ਓਸਦੀ ਫੌਜ ਨੂੰ ਇਕ ਲੱਖ ਰੁਪਯਾ ਇਨਾਮ ਮੁਲਤਾਨ ਦੇ ਜੰਗ ਫਤੇ ਹੋਣ ਤੋਂ ਪਿਛੋਂ ਦਿਤਾ।

ਹੈਵਲਾਕ ਤੇ ਵਿਲੀਯਮ, ਕਰਟਨ ਆਦਿਕ ਬੜੇ ਬੜੇ ਅੰਗ੍ਰੇਜ਼ ਜੋ ਭਾਈਏ ਜੀ
ਬਹੁਤ ਫੌਜ ਸਮੇਤ ਸ਼ਹੀਦ ਹੋਏ ਕੁਝ ਗੱਲ ਨ ਜਾਂਦੀ ਬਤਾਈਏ ਜੀ
ਜੇਕਰ ਓਸ ਦਿਨ ਸਿੰਘ ਅੰਗ੍ਰੇਜ਼ਾਂ ਤਾਂਈ ਜਾਂਦੇ ਪਿਛਾਂਹ ਨੂੰ ਆਪ ਦਬਾਈਏ ਜੀ
ਤਾਂ ਫਿਰ ਦੇਕਰ ਲਾਹੌਰ ਅੰਗ੍ਰੇਜ਼ ਸਾਰੇ ਕਰਨ ਤਯਾਰ ਸੀ ਸੁਲਾਹ ਸਫਾਈਏ ਜੀ
ਮਾਖੇ ਖਾਂ ਮਹਿਮੂਦ ਖਾਂ ਮੁਸਲਮਾਨਾਂ ਬੇੜੀ ਸਿੰਘਾਂ ਦੀ ਓਥੇ ਡੁਬਾਈਏ ਜੀ
ਪੇਸ਼ ਜਾਣ ਨ ਦਿਤੀ ਹੈ ਖਾਲਸੇ ਦੀ ਕੁਝ ਹੋਰ ਹੀ ਵਿਓਂਤ ਬਣਾਈਏ ਜੀ
ਰਲੇ ਹੋਏ ਸੀ ਨਾਲ ਅੰਗ੍ਰੇਜ਼ਾਂ ਸਾਂਰੇ ਤੁਰਕਾਂ ਬੜੀ ਦਿਖਾਈ ਦਨਾਈਏ ਜੀ
ਵਧਣ ਦਿਤਾ ਨ ਸਿੰਘਾਂ ਨੂੰ ਮੂਲ ਅੱਗੇ ਲੋਭ ਲਹਿਰ ਨੇ ਮੱਤ ਭੁਲਾਈਏ ਜੀ
ਲੋਭ ਬੁਰੀ ਬਲਾ ਹੈ ਬਿਸ਼ਨ ਸਿੰਘਾ ਬੜਿਆਂ ਬੜਿਆਂ ਦੀ ਡੋਬੇ ਕਮਾਈਏ ਜੀ

[੨ ਦਸੰਬਰ ਨੂੰ ਦੂਜਾ ਜੰਗ ਮੋਗ ਰਸੂਲ ਦਾ]

ਲਾਰਡ ਗਫ਼ ਹੁਣ ਬਹੁਤ ਸਾ ਫੇਰ ਮੁੜਕੇ ਲਿਆਯਾ ਫੌਜਦਾ ਨਾਲ ਵਹੀਰ ਆਕੇ
ਇੱਕ ਆਪ ਹੁਣ ਸਿੰਘਾਂ ਤੈਂ ਸੱਜੇ ਹੱਥੋਂ ਬੁਰੀ ਪਾਈ ਸੋ ਭੀੜ ਤੇ ਭੀੜ ਆਕੇ
ਦੂਜੇ *ਠੇਕ ਦਲ ਅਠ ਹਜ਼ਾਰ ਲੈਕੇ ਲੜਿਆ ਲੰਘ ਝਨਾ ਤੋਂ ਬੀਰ ਆਕੇ
ਤਿਜਾ ਬਰੇਗਡੀਅਰ ਤੇ ਬਾਲੀ ਸਾਹਿਬ ਕੀਤਾ ਹੌਸਲਾ ਤੇ ਬੜੀ ਧੀਰ ਆਕੇ
ਉਤੇ ਉਤੇ ਝਨਾ ਤੋਂ ਪਾਰ ਹੋਕੇ ਲਿਆ ਸਿੰਘਾਂ ਨੂੰ ਦੱਬ ਅਖੀਰ ਆਕੇ
ਫੌਜ ਦਸ ਹਜਾਰ ਨੇ ਨਾਲ ਲਿਆਏ ਬੁਰੇ ਢੰਬੜੇ ਵਾਂਗ ਮਖੀਰ ਆਕੇ
ਚੌਥੇ ਵਾਲਰ ਸਰ ਫੌਜ ਅਸਵਾਰੀ ਲੈਕੇ ਕੰਢੇ ਕੰਢੇ ਦਰਿਆ ਬਲਬੀਰ ਆਕੇ
ਮਾਰੋ ਮਾਰ ਕਰ ਲੜੇ ਇਹ ਸਭ ਜੋਧੇ ਵਿੰਨੇ ਤੀਰਾਂ ਦੇ ਨਾਲ ਸਰੀਰ ਆਕੇ
ਰੰਗ ਢੰਗ ਨਿਰਾਲੇ ਇਸ ਜੰਗ ਸੰਦੇ ਕੀਤਾ ਸਿੰਘਾਂ ਨੂੰ ਤੰਗ ਅਸੀਰ ਆਕੇ
ਜਾਨਾਂ ਤੋੜਕੇ ਲੜੇ ਬਲਬੀਰ ਸਾਰੇ ਮੰਨੀ ਫੱਟਾਂ ਦੀ ਰਤਾ ਨ ਪੀੜ ਆਕੇ
ਦਿੱਤੀ ਬੰਬ ਬੁਲਾ ਹੈ ਖਾਲਸੇ ਦੀ ਹੋਗਏ ਨੇ ਸਭ ਅਧੀਰ ਆਕੇ
ਕਿਥੋਂ ਢੰਬੜੇ ਸਾਨੂੰ ਫਰੇਸ਼ਤੇ, ਇਹ ਕਹਿਣ ਵਾਹਿਗੁਰੂ ਵਾਹਿਗੁਰੂ ਵੀਰ ਆਕੇ
ਰੱਬਾ ਮੇਟ ਸਮੇਟ ਤੂੰ ਇਹਨਾਂ ਤਾਂਈ ਚੀਰ ਗਏ ਸਰੀਰ ਤੇ ਚੀਰ ਆਕੇ
ਰਾਮ ਨਗਰ ਦਾ ਮੋਰਚਾ ਸ਼ੇਰ ਸਿੰਘ ਤੋਂ ਲਿਆ ਖੋਹ ਹੈ ਨਾਲ ਤਦਬੀਰ ਆਕੇ
†ਲਾਲਸਿੰਘ‡ਜਵਾਹਰਸਿੰਘ§ਹਰਸਾਸਿੰਘਜੀ‖ਰਾਮਸਿੰਘਨੇ ਲਈਸ਼ਮਸ਼ੀਰ ਆਕੇ
ਲੜੇ ਮੋਗ ਰਸੂਲ ਦੇ ਪਾਸ ਭਾਰਾ ਖੋਲ ਦਿਤੇ ਨੇ ਦਿਲ ਜੰਜੀਰ ਆਕੇ
ਹਾਰ ਜਿੱਤ ਨ ਕਿਸੇ ਦੀ ਮੂਲ ਹੋਈ ਪੈਰ ਸਿੰਘਾਂ ਦੇ ਨਿਕਲੇ ਅਖੀਰ ਆਕੇ
ਸ਼ੇਰ ਸਿੰਘ ਪਰ, ਰਿਹਾ ਹੈ ਲੜਦਾ ਭਿੜਦਾਂ ਆਪ ਪਾਸ ਝਨਾ ਦੇ ਤੀਰ ਆਕੇ
ਰਾਤ ਬੜੀ ਕਰ ਫੌਜ ਹੈ ਹਟ ਬੈਠੀ ਰਹੀ ਜੰਗ ਦੀ ਅੜੀ ਲਕੀਰ ਆਕੇ
ਹੋਯਾ ਦੋਹਾਂ ਦਾ ਬਹੁਤ ਨੁਕਸਾਨ ਓਥੇ ਸਿਰ ਰੁਲੇ ਜਿਉਂ ਡੇਲੇ ਕਰੀਰ ਆਕੇ

[ਰਾਜੇ ਸ਼ੇਰ ਸਿੰਘ ਨੇ ਆਪਣੇ ਪਿਤਾ ਚਤਰ ਸਿੰਘ ਨਾਲ ਰਲ ਪੈਣਾਂ]

* ਅੰਗ੍ਰੇਜ਼ † ਮਰਾੜੀਆ ‡ ਨਲੂਆ § ਜਨਰਲ ‖ ਛਾਪਾ

ਸ਼ੇਰ ਸਿੰਘ ਨੇ ਓਧਰੋਂ ਕੂਚ ਕੀਤਾ ਚਤਰ ਸਿੰਘ ਦੇ ਰਲਾਂ ਮੈਂ ਨਾਲ ਪਜਾਰੇ
ਕੱਠੇ ਹੋਣ ਤੇ ਗਜ਼ਬ ਲਿਆਉਣ ਭਾਰਾ ਜਾਣ ਲਿਆ ਅੰਗ੍ਰੇਜ਼ਾਂ ਏ ਹਾਲ ਪਜਾਰੇ
ਰੋਕਣ ਵਾਸਤੇ ਸਿੰਘਾਂ ਨੂੰ ਗਾਫ ਸਾਹਿਬ ਹੋਗਿਆ ਹੈ ਲਾਲ ਗੁਲਾਲ ਪਜਾਰੇ
ਆਪਣੀ ਫੌਜ ਨੂੰ ਬੁਰਾ ਵੰਗਾਰਿਆ ਸੂ ਉੱਚੀ ਪਾਕੇ ਹਾਲ ਤੇ ਚਾਲ ਪਜਾਰੇ
ਰੋਕਣ ਵਾਸਤੇ ਕਸਰ ਨ ਰਤੀ ਛੱਡੀ ਲਾਯਾ ਕਿੱਲ ਕੇ ਜੋਰ ਕਮਾਲ ਪਜਾਰੇ
ਠੇਕਵੈਲ ਤੇ ਵਾਲਟਰ ਅੰਗ੍ਰੇਜ਼ਾਂ ਸਭਨਾਂ ਅਤੇ ਹੋਰ ਜਰਨੈਲ ਕਰਨਾਲ ਪਜਾਰੇ
ਮਿਲਕੇ ਜੋਰ ਦੇ ਹੱਲੇ ਨੇ ਬੜੇ ਕੀਤੇ ਜਤਨ ਕਰਕੇ ਹੋਇ ਬਿਹਾਲ ਪਜਾਰੇ
ਐਪਰ ਮੋਗ ਰਸੂਲ ਦੇ ਪਾਸ ਆਕੇ ਹੋਯਾ ਜੰਗ ਕਮਾਲ ਨਿਰਾਲ ਪਜਾਰੇ
ਉੱਛਲ ਉੱਛਲ ਕੇ ਲਹਿਰਾਂ ਸਮੁੰਦ੍ਰ ਵਾਂਗੂ ਗੋਰੇ ਗੱਜ ਕੇ ਪਏ ਉਤਾਲ ਪਜਾਰੇ
ਬੁਰਾ ਲੋਹੇ ਦਾ ਮੀਂਹ ਬਰਸਾਇਆ ਨੇ ਸਿੰਘਾਂ ਉਤੇ ਕਿਸਾਲ ਬਿਸਾਲ ਪਜਾਰੇ
ਹੋਰ ਚਾਲੇ ਵੀ ਆਪਣੇ ਬੜੇ ਕੀਤੇ ਸੋਚੇ ਬੜੇ ਕਮਾਲ ਖਿਆਲ ਪਜਾਰੇ
ਐਪਰ ਫੇਰ ਵੀ ਰੁਕੇ ਨਾ ਸਿੰਘ ਓਥੋਂ ਬੋਲ ਬੋਲ ਕੇ ਆਇ ਅਕਾਲ ਪਜਾਰੇ
ਸ਼ੇਰ ਸਿੰਘ ਵੀ ਲੜਨ ਦੇ ਬੜੇ ਭਾਰੇ ਦਾਉ ਘਾਉ ਸੀ ਜਾਣੇ ਕਰਾਲ ਪਜਾਰੇ
ਐਸੀ ਜਗਾ ਇਕ ਜੇਹਲਮ ਦੇ ਕੰਢੇ ਉਤੇ ਡੇਰਾ ਲਾਯਾ ਸੂ ਜਗਾ ਨੂੰ ਭਾਲ ਪਜਾਰੇ
ਜਿਥੋਂ ਪਰਲੋ ਤਕ ਕਦੀ ਨ ਉਠ ਸਕੇ ਮਾਨੋ ਟਿੱਬੀਆਂ ਦੀ ਕਿਲਾ ਢਾਲ ਪਜਾਰੇ
ਇਕ ਪਾਸੇ ਦਰਿਆ ਸੀ ਦੇ ਠਾਠੀਂ ਪਾਣੀ ਸੁੱਝ ਦਾ ਵਾਂਗ ਹੈ ਕਾਲ ਪਜਾਰੇ
ਦੂਜੇ ਪਾਸੇ ਹੈ ਦੂਰ ਤਕ ਬੜਾ ਜੰਗਲ ਐਣ ਸੰਘਣਾਂ ਪਿੰਡਾਂ ਦੀ ਪਾਲ ਪਜਾਰੇ
ਓਥੋਂ ਤਿੰਨ ਕੋਹ ਚੇਲੀਆਂ ਮੌਜੀਆਂ ਸਨ ਓਥੇ ਬੈਠ ਗਏ ਹੋ ਨਿਹਾਲ ਪਜਾਰੇ
ਜੰਗ ਚੇਲੀਆਂ ਮੌਜੀਆਂ ਬਿਸ਼ਨ ਸਿੰਘਾ ਦਸਾਂ ਖੋਲਕੇ ਅਗੇ ਹਵਾਲ ਪਜਾਰੇ

[ਤੀਸਰੀ ਲੜਾਈ ਚੇਲੀਆਂ ਮੌਜੀਆਂ ਦੀ]

ਠਾਰਾਂ ਸੌ ਅਠਤਾਲੀ ਦਸੰਬਰ ਤੇਰਾਂ ਇਸ ਤਾਰੀਖ ਤੋਂ ਜੰਗ ਹੈ ਆਨ ਹੋਯਾ
ਬਾਰਾਂ ਫਰਵਰੀ ਸੰਨ ਉਣੰਜਾ ਤੀਕਰ ਦੋ ਮਹੀਨੇ ਹੈ ਬੜਾ ਘਮਸਾਨ ਹੋਯਾ
ਏਨਾਂ ਜੰਗਾਂ ਦੇ ਵਿਚ ਫਿਰੰਗੀਆਂ ਦਾ ਬਹੁਤ ਵਾਰੀ ਹੈ ਬੜਾ ਨੁਕਸਾਨ ਹੋਯਾ
ਤੇਰਾਂ ਫਰਵਰੀ ਨੂੰ ਫੇਰ ਆਣ ਕਰਕੇ ਬੜਾ ਭਾਰਾ ਹੈ ਜੰਗ ਮਦਾਨ ਹੋਯਾ
ਕਟਾ ਕੁੱਟ ਹੈ ਆਣਕੇ ਬੜੀ ਮੱਚੀ ਓਥੇ ਜੋਧਿਆਂ ਦਾ ਬੜਾ ਘਾਣ ਹੋਯਾ
ਦੋਹਾਂ ਜੋਧਿਆਂ ਹਥ ਬਧੇਰੇ ਕੀਤੇ ਐਪਰ ਜੰਗ ਦਾ ਫਸਤਾ ਮਿਆਨ ਹੋਯਾ

["*ਕਨਿਗਹਮ ਸਾਹਿਬ ਅੱਖੀਂ ਦੇਖਿਆ ਹਾਲ ਲਿਖਦਾ ਹੈ"]

ਤ੍ਰੇਠ ਸਿੰਘ ਤਲਵਾਰਾਂ ਨੂੰ ਸਤ ਕਰਕੇ ਇਕੋ ਵਾਰ ਤਿਆਰ ਜਵਾਨ ਹੋ ਗਏ
ਮੂੰਹੋਂ ਕਾਲ ਅਕਾਲ ਗਜਾਂਵਦੇ ਹੀ ਦੁਵਾਲੇ ਗੋਰਿਆਂ ਦੇ ਝਟ ਆਂਨ ਹੋ ਗਏ

---

*ਮੈਂ ਓਸ ਦਿਨ ਦੇ ਜੰਗ ਦਾ ਇਕ ਨਮੂਨਾ ਖਲਵਾੜੇ ਵਿਚੋਂ ਮੁਠੀ ਭਰ ਕੇ ਦਿਖਾਊਂਦਾ ਹਾਂ ਜੋ ਓਸ ਦਿਨ ਸਿੰਘਾਂ ਨੇ ਇਕ ਬਹਾਦਰੀ ਕੀਤੀ ਹੈ।

ਚਾਰ ਸੌ ਉਨਾਠ ਸੀ ਖੜੇ ਗੋਰੇ ਦੇਖ ਸਿੰਘਾਂ ਨੂੰ ਦਿਲ ਮਿਆਨ ਹੋ ਗਏ
ਦਬਾ ਦਬ ਚਲਾ ਸੀ ਰਹੇ ਤੋਪਾਂ ਅੱਗੋਂ ਸਿੰਘ ਨੇ ਐਸੇ ਬਲਵਾਨ ਹੋ ਗਏ
ਰਤਾ ਤੋਪਾਂ ਦੀ ਨਹੀਂ ਪਰਵਾਹ ਕੀਤੀ ਦੁਆਲੇ ਗੋਰਿਆਂ ਦੇ ਸਭੇ ਆਨ ਹੋ ਗਏ
ਓਨਾਂ ਗੋਰਿਆਂ ਨੂੰ ਮਾਰ ਕੁਟ ਕਰਕੇ ਹੱਲਾ ਕਰਕੇ ਪੌਣ ਸਮਾਨ ਹੋ ਗਏ
ਖਿਦੋ ਵਾਂਗ ਛੇ ਤੋਪਾਂ ਨੇ ਰੇੜ ਲੈਗਏ ਦੇਖ ਸਭ ਅੰਗ੍ਰੇਜ਼ ਹੈਰਾਨ ਹੋ ਗਏ
ਜਿਨਾਂ ਚੀਨ ਮਚੀਨ ਸੀ ਫਤੇ ਕੀਤੀ ਹੱਕੇ ਬੱਕੇ ਹਰਾਨ ਪਰੇਸ਼ਾਨ ਹੋ ਗਏ
ਕੈਂਬਲ, ਵਾਲਟਰ, ਗੁਲਬਰਗ ਅੰਗ੍ਰੇਜ਼ ਸਾਰੇ ਵਾਹ ੨ ਪਰ ਬੰਦ ਜੁਬਾਨ ਹੋ ਗਏ
ਵਾਹ ਧੰਨ ਕਮਾਈਆਂ ਬਿਸ਼ਨ ਸਿੰਘਾ ਐਸੇ ਸਿੰਘ ਨੇ ਏਸ ਜਹਾਨ ਹੋ ਗਏ

[ਪ੍ਰਿਥੀਸਿੰਘ, ਸੁਲਤਾਨ ਮਹਮੂਦ, ਖੈਰਦੀਨ ਤੇ ਗੁਲਾਬ ਸਿੰਘ ਦੀਆਂ ਬਹਾਦਰੀਆਂ]

ਫੇਰ ਹਾਥੀਆਂ ਵਾਲੀਆਂ ਲੈ ਤੋਪਾਂ ਅਗੇ ਜੰਗ ਦੇ ਵਿਚ ਲਿਆਂਵਦੇ ਨੇ
ਜੋਰੋ ਸ਼ੋਰ ਦਾ ਗੋਲ਼ਿਆਂ ਨਾਲ ਡਾਢਾ ਅੱਧੀ ਰਾਤ ਤਕ ਮੀਂਹ ਬਰਸਾਂਵਦੇ ਨੇ
ਜਾਨਾਂ ਹੀਲਕੇ ਲੜੇ ਨੇ ਬੜੇ ਆਕੇ ਐਪਰ ਫਤੇ ਨੂੰ ਕੋਈ ਨ ਪਾਂਵਦੇ ਨੇ
ਓਦਣ ਐਸੇ ਨਿਸ਼ਾਨੇ ਨੇ ਮਾਰੇ ਸਿੰਘਾਂ ਵੈਸੇ ਲਿਖਣ ਦੇ ਵਿਚ ਨ ਆਂਵਦੇ ਨੇ
ਮੂੰਹ ਤੋਪਾਂ ਅੰਗ੍ਰੇਜ਼ਾਂ ਦੇ ਬੰਦ ਹੋਗਏ ਤਖਤੋਂ ਲਾਹ ਕਚੀਚੀਆਂ ਖਾਂਵਦੇ ਨੇ
ਪ੍ਰਿਥੀ ਸਿੰਘ ਮਹਿਮੂਦ ਇਹ ਤੋਪਾਂ ਵਾਲੇ ਓਸ ਵਕਤ ਸਫਾਈ ਦਿਖਾਂਵਦੇ ਨੇ
ਅੱਧੀ ਰਾਤ ਨੂੰ ਚਮਕਦੇ ਹੋਇ ਗੋਲੇ ਜੇਹੜੇ ਦੁਸ਼ਮਣਾਂ ਦੇ ਵਲੋਂ ਆਂਵਦੇ ਨੇ
ਅਗੋਂ ਮਾਰਕੇ ਓਨਾਂ ਨੂੰ ਆਪ ਗੋਲੇ ਝਟ ਪਿਛਾਂ ਹਟਾਈ ਹੀ ਜਾਂਵਦੇ ਨੇ
ਵਾਹ ਧੰਨ ਸਫਾਈ ਕਮਾਈ ਪਜਾਰੇ ਕੈਸੀ ਚਾਤਰਤਾ ਆਪ ਵਿਖਾਂਵਦੇ ਨੇ
ਮੁੜਕੇ ਚੁਟਕੀ ਦੇ ਫੇਰ ਦੇ ਨਾਲ ਫੜਕੇ ਐਸੇ ਸੰਘਣੇ ਗੋਲੇ ਵਰਾਂਵਦੇ ਨੇ
ਬੜੇ ਬੜਿਆਂ ਅੰਗ੍ਰੇਜ਼ਾਂ ਤੋਪਚੀਆਂ ਦੇ ਝਟ ਪਟ ਹੰਕਾਰ ਉਡਾਂਵਦੇ ਨੇ
ਦੋਵੇਂ ਸੂਰਮੇ ਸਿੰਘਾਂ ਦੇ ਵਿਚ ਏਹੋ ਐਸੇ ਆਪਣਾ ਆਪ ਬਚਾਂਵਦੇ ਨੇ
ਖੈਰ ਦੀਨ ਗੁਲਾਬ ਸਿੰਘ ਭਾਗੋ ਵਾਲੀ ਐਸੇ ਕਾਰੀਗਰ ਇਹ ਕਹਾਂਵਦੇ ਨੇ
ਐਸੇ ਐਸੇ ਨੇ ਜਿਨਾਂ ਨੇ ਕੰਮ ਕੀਤੇ ਤੋਪਾਂ ਚਮੜਿਆਂ ਦੀਆਂ ਬਣਾਂਵਦੇ ਨੇ
ਕੋਹਕ ਬਾਣ ਤੇ ਗੋਲੇ ਗਰਾਫ ਚੰਗ੍ਰੇ ਪਲੋ ਪਲੀ ਤਿਆਰ ਕਰਾਂਵਦੇ ਨੇ
ਨਵੇਂ ਨਵੇਂ ਸਮਾਨ ਇਹ ਜੰਗ ਸੰਦੇ ਝਟ ਤਿਆਰ ਕਰ ਪਾਸ ਰਖਾਂਵਦੇ ਨੇ
ਐਸੇ ਕੰਮ ਨ ਕਿਸੇ ਨੇ ਫੇਰ ਕੀਤੇ ਵਡੇ ਵਡੇ ਸਿਆਣੇ ਸੁਣਾਂਵਦੇ ਨੇ
*ਵੈਸਾ ਕੋਈ ਨਾ ਜੰਮਿਆਂ ਬਿਸ਼ਨ ਸਿੰਘਾ ਅਜ ਤਕ ਲੋਕ ਜਹਾਨ ਤੇ ਗਾਂਵਦੇ ਨੇ

---

*ਏਸ ਜੰਗ ਵਿਚ ਬੜੇ ਬੜੇ ਬਹਾਦਰ ਸਿੰਘ ਸਰਦਾਰ ਮਸ਼ਹੂਰ ਸੂਰਮੇ ਬਹੁਤ ਸ਼ਹੀਦ ਹੋਏ। ਓਧਰ ੬੦੨ ਫਿਰੰਗੀ ਮਰੇ ੧੯੫੧ ਜ਼ਖਮੀ ਹੋਏ ਅੰਗ੍ਰੇਜ਼ੀ ਤਿੰਨ ਰਜਮਟਾਂ ਦਾ ਕਿਤੇ ਪਤਾ ਨਹੀਂ ਲੱਗਾ ਸਿੰਘਾਂ ਨੇ ਮਾਰਕੇ ਦਰਿਆ ਵਿਚ ਰੋੜ ਛੱਡੀਆਂ ਸਿੰਘ ਜਿਸ ਨੂੰ ਮਰਿਆ ਦੇਖਦੇ ਸੇ ਗੁਰ ਦਰਿਆ ਦੀ ਭੇਟਾ [illegible]

[ਏਸ ਜੰਗ ਦੀ ਬਾਬਤ ਮੁਹੰਮਦ ਲਤੀਫ ਦੀ ਗਵਾਹੀ]

ਏਸ ਜੰਗ ਦੀ ਬਾਬਤ ਲਤੀਫ ਜੀ ਨੇ ਖੁਲੇ ਦਿਲ ਹੋ ਗੱਲ ਉਚਾਰੀ ਸੀ ਜੀ
ਇਹ ਇਕ ਲੜਾਈ ਲਹੂ ਪਾਣੀ ਹੋਕੇ ਪਜਾਰੇ ਖਾਲਸਾ ਨੇ ਜੀਕੂੰ ਮਾਰੀ ਸੀ ਜੀ
ਇਕ ਵਾਰ ਜੇ ਇਸਤਰਾਂ ਫੇਰ ਕਰਦੇ ਰਤਾ ਕਰਦੇ ਨ ਜਾਨ ਪਿਆਰੀ ਸੀ ਜੀ
ਤਾਂ ਫਿਰ ਫਤੇ ਜ਼ਰੂਰ ਹੀ ਪਾ ਲੈਂਦੇ ਐਪਰ ਭਾਵੀ ਕਰਤਾਰ ਦੀ ਭਾਰੀ ਸੀ ਜੀ
ਏਸ ਜੰਗ ਤੋਂ ਇਕ ਮਹੀਨਾ ਪਹਿਲਾਂ ਬੜੀ ਜਾਲੀ ਸਰਕਾਰ ਪਸਾਰੀ ਸੀ ਜੀ
ਦਾਉ ਘਾਉ ਅੰਗ੍ਰੇਜ਼ਾਂ ਬੇਅੰਤ ਕੀਤੇ ਪੇਸ਼ ਗਈ ਨ ਹੋਈ ਲਾਚਾਰੀ ਸੀ ਜੀ
ਚੰਗਾ ਜਾਣਿਆਂ ਜੰਗ ਦੇ ਵਿਚ ਮਰਣਾ ਸਿੰਘਾਂ ਸਿਰਤੋਂ ਨਾ ਮੌਤ ਵਿਸਾਰੀ ਸੀ ਜੀ
ਮੰਨੀ ਇਕ ਨਾ ਸਿੰਘਾਂ ਫਰੰਗੀਆਂ ਦੀ ਭਾਵੇਂ ਬਹੁਤ ਹੀ ਅਰਜ਼ ਗੁਜ਼ਾਰੀ ਸੀ ਜੀ
ਸਾਗ ਪੱਤ ਖਾ ਜੰਗਲੋਂ ਤੋੜ ਕਰਕੇ ਸਿੰਘ ਲੜਦੇ ਵਿਚਾਰੇ ਬਲਕਾਰੀ ਸੀ ਜੀ
ਧਰਮ ਜੁੱਧ ਮਚਾਵਣਾ ਮੁਖ ਸਮਝਾ ਭਾਵੇਂ ਪਈ ਅਨੇਕ ਖੁਆਰੀ ਸੀ ਜੀ
ਸਿੰਘ ਨਾਮ ਦੀ ਲੱਜਿਆ ਪਾਲਣੀ ਹੀ ਓਥੇ ਚਾਹੁੰਦੇ ਸਿੰਘ ਅਪਾਰੀ ਸੀ ਜੀ
ਲੱਗੇ ਸਿੰਘੀ ਨੂੰ ਲਾਜ ਨਾ ਬਿਸ਼ਨ ਸਿੰਘਾ ਏਹੋ ਖਾਲਸੇ ਨੇ ਗਲ ਧਾਰੀ ਸੀ ਜੀ

[ਏਸ ਜੰਗ ਦੇ ਬਹਾਦਰਾਂ ਸਿੰਘਾਂ ਦੇ ਨਾਮ]

ਜ਼ਾਹਰ ਸਿੰਘ ਨਲੂਆ ਰਾਮ ਸਿੰਘ ਛਾਪਾ ਜੋਧ ਸਿੰਘ ਵੀ ਛਾਪਾ ਸਰਦਾਰ ਭਾਈ
ਰੰਗੜ ਨੰਗਲੀਆ ਅਰਜਨ ਸਿੰਘ ਸੂਰਮਾ ਸੀ ਸ਼ੇਰਸਿੰਘ ਬਹਾਦਰ ਬਲਕਾਰ ਭਾਈ
ਚਤਰ ਸਿੰਘ ਜਰਨੈਲ ਤੇ ਹਰਸਾ ਸਿੰਘ ਜੀ ਬੁਧ ਸਿੰਘ ਬਲਕਾਰ ਅਪਾਰ ਭਾਈ
ਮੇਵਾ ਸਿੰਘ ਤੇ ਲਾਲਸਿੰਘ ਰੂਪਸਿੰਘ ਜੀ ਹਰਦਿਤਸਿੰਘ ਪਧਾਣੀਆਂ ਯਾਰ ਭਾਈ
ਹਾਕਮ ਰਾਇ ਵੀ ਜਾਣ ਸਲਕੋਟ ਵਾਲਾ ਜੋਧ ਸਿੰਘ ਜੀ ਮਾਨ ਨਿਹਾਰ ਭਾਈ
ਛੀਨਾ ਸੁਧ ਸਿੰਘ ਦੂਸਰਾ ਸ਼ੇਰ ਸਿੰਘ ਜੀ ਬੂਟਾ ਸਿੰਘ ਸੀ ਕਮਲੇ ਉਧਾਰ ਭਾਈ
ਜ੍ਵਾਲਾ ਸਿੰਘ ਤੇ ਜਾਨ ਫੌਜਦਾਰ ਸਿੰਘ ਜੀ ਪੰਜ ਹੱਥੇ ਵਿਚਾਰ ਉਚਾਰ ਭਾਈ
ਬਦਨਸਿੰਘ ਠੇਠਰ, ਬਚਨਸਿੰਘ ਤਹਿਤੜ, ਮਾੜੀ ਵਾਲਾ ਸ਼ੰਮਸ਼ੇਰਸਿੰਘਧਾਰ ਭਾਈ
ਗੱਜਾ ਸਿੰਘ ਚਸ਼ਮਾ ਗੰਡਾ ਸਿੰਘ ਮੱਟੂ ਲੰਬਾ ਸਿੰਘ ਨਿਹਾਲ ਵਿਚਾਰ ਭਾਈ
ਕਰਮ ਸਿੰਘ ਉਪੱਦਰੀ ਫਤੇ ਸਿੰਘ ਜੀ ਮੀਰ ਪੁਰੀਆ ਮਾਂਹ ਸਿੰਘ ਸਰਦਾਰ ਭਾਈ
ਬੁੱਧ ਸਿੰਘ ਤੇ ਸੁੱਧ ਸਿੰਘ ਦੂਦੀਏ ਨੇ ਸੂਰਤ ਸਿੰਘ ਮਜੀਠੀਆ ਚਾਰ ਭਾਈ
...ਾਲ ਸਿੰਘ ਮਰਾੜੀ, ਗੁਰਦਿਤ ਸਿੰਘ ਜੀ ਖਾਸ ਜਾਨ ਚਮਾਰੀ ਚਮਾਰ ਭਾਈ
...ਧੀਆ ਨੰਦ ਸਿੰਘ ਸੂਰਮਾ ਸੀ. ਚੰਦਾ ਸਿੰਘ ਸਰਦਾਰ ਸਵਾਰ ਭਾਈ

...ਨਲ ਵਿਲਯਮ ਜਰਨਲ ਹੈਵਲਾਕ, ਜਰਨਲ ਕਰਟਨ,
...ਨਲ ਨਿਕਲਸ ਆਦਿਕ ਬਹੁਤ ਬੜੇ ਬੜੇ ਔਹਦੇਦਾਰ
ਅੰਗ੍ਰੇਜ਼ ਸਹੀਦ ਹੋਕੇ ਜੰਗ ਦੀ ਭੇਟਾ ਹੋਇਏਸੇ ਵਾਸਤੇ ਚੇਲੀਆਂ
ਮਸ਼ਹੂਰ ਹੈ ਓਥੇ ਅੰਗ੍ਰੇਜ਼ਾਂ ਦਾ ਕਤਲ ਗੜ ਬਣਿਆਂ ਹੋਯਾ ਹੈ।

ਗੁਰਦਿਤ ਸਿੰਘ ਵੀ ਸੀ ਕਲਾਲ ਵਾਲੋਂ ਕਾਨ ਸਿੰਘ ਪਧਾਣੀਆਂ ਸਾਰ ਭਾਈ
ਅਤੇ ਫਤੇ ਸਿੰਘ ਜਾਣੀਏਂ ਥੇਹ ਪੁਰੀਆ ਬੇਲਾ ਸਿੰਘ ਮੱਕਲ ਉਧਾਰ ਭਾਈ
ਏਹੋ ਜਹੇ ਅਨੇਕ ਹੀ ਵੱਡੇ ਵੱਡੇ ਬੜੇ ਬਲੀ ਸਰਦਾਰ ਹਜਾਰ ਭਾਈ
ਧਰਮ ਜੁੱਧ ਦੇ ਵਿੱਚ ਇਹ ਬੜੇ ਭਾਰੇ ਸੂਤ ਸੂਤ ਸੀ ਪੈਂਦੇ ਤਲਵਾਰ ਭਾਈ
ਸਭਤੋਂ ਵਧਕੇ ਅਗੇ ਸੀ ਲੜਨ ਸਾਰੇ ਮਾਰੋ ਮਾਰ ਪੁਕਾਰ ਪੁਕਾਰ ਭਾਈ
ਹੋ ਰਹੇ ਸੀ ਲਹੂ ਲੁਹਾਨ ਸਾਰੇ ਲਾਇ ਲਾਇਕੇ ਜ਼ੋਰ ਇਕਸਾਰ ਭਾਈ
ਸਿਰੋਂ ਪਰੇ ਹੋ ਸ਼ਸਤ੍ਰ ਚਲਾਂਵਦੇ ਸੀ ਹਥ ਰੱਬਦੇ ਜਿੱਤ ਤੇ ਹਾਰ ਭਾਈ
ਐਪਰ ਸਿੰਘਾਂ ਨੇ ਕਸਰ ਨ ਰਤਾ ਛੱਡੀ ਦਿਲ ਖੋਲਕੇ ਲੜੇ ਕਰਾਰ ਭਾਈ
ਏਸ ਜੰਗਦੇ ਬੜੇ ਪ੍ਰਸੰਗ ਭਾਰੇ ਲਿਖੇ ਆਪ ਅੰਗ੍ਰੇਜ਼ਾਂ ਬਿਸੀਆਰ ਭਾਈ
ਓਨਾਂ ਵਿਚ ਬਹਾਦਰੀ ਸਿੰਘਾਂ ਸੰਦੀ ਲਿਖੀ ਬੜੀ ਹੈ ਲਵੋ ਵਿਚਾਰ ਭਾਈ
ਦਿਤੀ ਪਿੱਠ ਨ ਜੰਗ ਨੂੰ ਬਿਸ਼ਨ ਸਿੰਘਾ ਨਾਮ ਓਸਦਾ ਰਿਹਾ ਸੰਸਾਰ ਭਾਈ

ਤਿੰਨ ਹਜਾਰ ਪਠਾਣ ਨਾਲ ਲੈਕੇ ਚਤਰ ਸਿੰਘ ਨੇ ਪਸ਼ੌਰ ਵੱਲੋਂ ਆਉਨਾਂ ਤੇ ਗੁਜਰਾਤ ਪਾਸ ਜੰਗ ਹੋਣਾ

ਚਤਰ ਸਿੰਘ ਪਸ਼ੌਰ ਤੋਂ ਨਾਲ ਅਪਣੇ ਤਿੰਨ ਹਜ਼ਾਰ ਪਠਾਣ ਲਿਆਇਆ ਹੈ
ਕਾਬਲ ਵਾਲੇ ਮੁਹੰਮਦ ਖਾਂ ਦੋਸਤੇ ਦਾ ਨਾਲ ਉਮਰ ਖ਼ਾਂ ਬੇਟਾ ਵੀ ਆਇਆ ਹੈ
ਬਸ ਪਾਸ ਗੁਜਰਾਤ ਦੇ ਜੰਗ ਕਰੀਏ ਸਭਨਾਂ ਮਿਲਕੇ ਮਤਾ ਪਕਾਇਆ ਹੈ
ਤੀਹ ਹਜ਼ਾਰ ਸਿਪਾਹ ਸੀ ਚਤਰ ਸਿੰਘ ਦੀ ਡੇਰਾ ਪਾਸ ਗੁਜਰਾਤ ਦੇ ਲਾਇਆ ਹੈ
ਫੌਜ ਦੇਖ ਪਠਾਣਾਂ ਦੀ ਸਿੰਘਾਂ ਸਭਨਾ ਬੁਰਾ ਬੁਰਾ ਹੀ ਮੂੰਹੋਂ ਸੁਣਾਇਆ ਹੈ
ਮੁਸਲਮਾਨ ਪਠਾਣ ਕਿਉਂ ਨਾਲ ਆਂਦੇ ਸਭਨਾ ਸਿਖਾਂ ਸਰਦਾਰਾਂ ਅਲਾਇਆ ਹੈ
ਇਹ ਸਿਖਾਂ ਦਾ ਭਲਾ ਨ ਕਦੇ ਚਾਹੁੰਦੇ ਚਤਰ ਸਿੰਘ ਤੂੰ ਕੀ ਬਣਾਇਆ ਹੈ
ਦਗਾ ਦੇਣਗੇ ਅੰਤ ਨੂੰ ਇਹ ਸਾਨੂੰ ਸਭਨਾਂ ਸਿਖਾਂ ਨੇ ਸੱਚ ਬਤਾਇਆ ਹੈ
ਚਤਰ ਸਿੰਘ ਨੇ ਅੱਗੋਂ ਨ ਇਕ ਮੰਨੀ ਜੋ ਕੁਝ ਹੋਯਾ ਸੋ ਠੀਕ ਸਮਝਾਇਆ ਹੈ
ਫਤੇ ਕਰ ਮੁਲਤਾਨ ਨੂੰ ਵਹਿਸ ਸਾਹਿਬ ਓਧਰੋਂ ਫੌਜ ਸਮੇਤ ਹੁਣ ਧਾਇਆ ਹੈ
ਗਾਫ ਸਾਹਿਬ ਦੇ ਨਾਲ ਹੈ ਆਣ ਮਿਲਿਆ ਦੋਹਾਂ ਦਲਾਂ ਨੂੰ ਕੱਠਾ ਕਰਾਇਆ ਹੈ
ਹੋਯਾ ਚਾਲੀ ਹਜਾਰ ਹੈ ਦਲ ਕੱਠਾ ਪੱਕਾ ਕਰਕੇ ਡੇਰਾ ਜਮਾਇਆ ਹੈ
ਦੋ ਸੋ ਤੋਪ ਮਦਾਨ ਦੇ ਵਿਚ ਆਂਦੀ ਲਾਟਾਂ ਫੌਜ ਨੂੰ ਜੋਸ਼ ਚੜ੍ਹਾਇਆ ਹੈ
ਠਾਰਾਂ ਸੌ ਉਣੰਜਾ ਸਤਾਰਾਂ ਫਰਵਰਿ ਯਾਰਾਂ ਵਜੇ ਚਾ ਹੱਲਾ ਬੁਲਾਇਆ ਹੈ
ਪਏ ਕੁੱਦਕੇ ਗੋਰੇ ਨੇ ਖਾਲਸੇ ਤੇ ਓਧਰੋਂ ਸਿੰਘਾਂ ਅਕਾਲ ਗਜਾਇਆ ਹੈ
ਫੌਜ ਕੱਠੀ ਪੰਜਾਹ ਹਜਾਰ ਕਰਕੇ ਦਲ ਖਾਲਸੇ ਦਾ ਉਮਡਾਇਆ ਹੈ
ਨੌ ਵਜੇ ਤਕ ਰਾਤ ਦੇ ਬੜਾ ਭਾਰਾ ਜੰਗ ਪਾਸ ਗੁਜਰਾਤ ਮਚਾਇਆ ਹੈ
ਓਸ ਜੰਗ ਦੇ ਵਿਚ ਫਰੰਗੀਆਂ ਨੇ ਬੜਾ ਭਾਰਾ ਨੁਕਸਾਨ ਉਠਾਇਆ ਹੈ
ਪਈ ਰਾਤ ਹੈ ਅੰਤ ਨੂੰ ਬਿਸ਼ਨ ਸਿੰਘਾ ਸਭ ਨੂੰ ਨੀਂਦ ਨੇ ਆ ਦਬਾਇਆ ਹੈ

ਦੋਹਰਾ
ਅੱਠ ਫਗਣ ਨੂੰ ਉੱਠਕੇ ਤੜਕੇ ਹੀ ਦਾ ਲਾਇ।
ਜ਼ੋਰ ਸ਼ੋਰ ਦਾ ਦੋਹਾਂ ਨੇ ਦਿੱਤਾ ਜੰਗ ਮਚਾਇ॥
ਤੋਪਾਂ ਦੋਹਾਂ ਦੁਪਹਿਰ ਤਕ ਦਿਤੀਆਂ ਬਹੁਤ ਚਲਾਇ।
ਹੇਠਲੀ ਉਤੇ ਦੋਹਾਂ ਨੇ ਦਿੱਤੀ ਬੁਰੀ ਲਿਆਇ॥

[ਕੋਰੜਾ]

ਇੱਕ ਵਜੇ ਖਾਲਸੇ ਅਕਾਲ ਬੋਲਕੇ। ਚੰਗੇ ਲੜੇ ਦਿਲ ਦੇ ਗੁਬਾਰ ਖੋਲਕੇ
ਐਸੀ ਪਟ ਮੇਲੀ ਦੇ ਹਲੇ ਬੁਲਾ ਲਏ। ਸੂਤ ਤਲਵਾਰਾਂ ਸਾਰੇ ਕੁੱਦ ਜਾ ਪਏ
ਪਿੱਛੇ ਪਿੱਛੇ ਦੁਸ਼ਮਣਾਂ ਦੇ ਬੁਰਾ ਪੈਗਏ। ਚਾਰ ਮੀਲ ਤੱਕ ਫੌਜ ਧੱਕ ਲੈ ਗਏ
ਇਕ ਵਾਰ ਹੱਥ ਹੈ ਚੰਗਾ ਵਿਖਾ ਲਿਆ। ਓਥੇ ਸਿੰਘਾਂ ਸਿੰਘ ਨਾਮ ਨੂੰ ਹੈ ਪਾ ਲਿਆ
ਪੂਰਬੀਆਂ ਓਸ ਦਿਨ ਵਰਤ ਰੱਖਿਆ। ਚੰਗਾ ਹੈ ਸਵਾਦ ਜੰਗ ਵਿਚੋਂ ਚੱਖਿਆ
ਮਹਾਂਬੀਰ ਬੋਲ ਬੜਾ ਜੋਰ ਲਾਇਕੇ। ਸਿੰਘਾਂ ਸੰਦੇ ਹੱਲੇ ਰੋਕੇ ਬੜੇ ਧਾਇਕੇ
ਐਪਰਸਿੰਘਾਂ ਦਿਤੀ ਨਾਹੀਂ ਪੇਸ਼ ਜਾਣ ਹੋ। ਸ਼ੇਰਸਿੰਘ ਵਰਗੇ ਸਿੰਘ ਬੜੇ ਜਵਾਨ ਹੋ
ਫੌਜ ਨੂੰ ਵੰਗਾਰ ਕੇ ਮਦਾਨ ਆ ਗਏ। ਖਿੱਚ ਤਲਵਾਰਾਂ ਬੜਾ ਜ਼ੋਰ ਪਾ ਗਏ
ਦਬਾ ਦਬ ਪੈਰ ਹੈ ਅਗੇ ਉਛਾਲਿਆ। ਓਥੇ ਸਿੰਘਾਂ ਸਿੰਘ ਨਾਮ ਨੂੰ ਹੈ ਪਾ ਲਿਆ
ਪੂਰਬੀਆਂ ਸੰਦੀ ਬੰਬ ਹੈ ਬੁਲਾਈ ਜੀ। ਸਾਰੀ ਹੀ ਕੁਵੈਦ ਓਥੇ ਚਾ ਭੁਲਾਈ ਜੀ
ਐਥੋਂ ਤਕ ਓਨਾਂ ਦੀ ਮੁਲਾਈ ਮੱਤ ਜੀ। ਮਹਾਂਬੀਰ ਬੋਲ ਬੋਲ ਚੁਕੀ ਅਤ ਜੀ
ਜੈ ਮਹਾਂਬੀਰ ਦੀ ਜੇਹੜੇ ਬੁਲਾਂਵਦੇ। ਸ਼ੇਰ ਸਿੰਘ ਵਾਲੀ ਜੈ ਓਥੇ ਗਾਂਵਦੇ
ਜੈ ਮਹਾਂਬੀਰ ਵਾਲੀ ਓਥੇ ਛੱਡਕੇ। ਜੈ ਸ਼ੇਰ ਸਿੰਘ ਕੈਂਹਦੇ ਮੂੰਹ ਅੱਡਕੇ
ਇਕ ਇਕ ਸਿੰਘ ਸਿੰਘ ਵਾਂਗੂ ਗੱਜ ਪਏ। ਦਸ ਦਸ ਪੂਰਬੀਏ ਅੱਗੋ ਭੱਜ ਪਏ
ਬੱਕਰੀਆਂ ਵਾਂਗੂ ਅੱਗੇ ਨਸੇ ਜਾਂਵਦੇ। ਮੋਢਿਆਂ ਦੇ ਪਿਛੇ ਸਿੰਘ ਚੜੇ ਆਂਵਦੇ
ਜਿਥੇ ਨੇ ਖਜਾਨੇ ਅੰਗ੍ਰੇਜ਼ੀ ਆ ਪਏ। ਨੇੜੇ ਨੇੜੇ ਸਿੰਘ ਓਨਾਂ ਸੰਦੇ ਜਾ ਪਏ
ਜੇਕਰ ਖਜਾਨੇ ਦਾ ਚਾ ਭੇਤ ਪਾਂਵਦੇ। ਹੱਥ ਮਾਰੇ ਬਿਨਾਂ ਏਥੋਂ ਕਦੋਂ ਜਾਂਵਦੇ
ਓੜਕ ਫਿਰੰਗੀ ਸਾਰੇ ਗੁਸਾ ਖਾਇਕੇ। ਥਾਂਓ ਥਾਂਈ ਬੜਾ ਭਾਰਾ ਜ਼ੋਰ ਲਾਇਕੇ
ਫੌਜ ਨੂੰ ਵੰਗਾਰ ਬੜਾ ਲੜੇ ਆਣ ਜੀ। ਘਟਾਂ ਵਾਂਗੂ ਉਮਡ ਆਇ ਮੈਦਾਨ ਜੀ
ਤੋਪ ਉਤੇ ਤੋਪ ਐਸੀ ਹੈ ਚਲਾਈ ਜੀ। ਸੁੱਧ ਬੁੱਧ ਸਾਰੀ ਸਿੰਘਾਂ ਦੀ ਭੁਲਾਈ ਜੀ
ਗੋਲਿਆਂ ਤੇ ਗੋਲੀਆਂਦੀਝੜੀਲਾਈਜੀ। ਸਿੰਘਾਂ ਦੀਆਂ ਲੋਥਾਂ ਦੀ ਕਰੀਵਿਛਾਈਜੀ
ਵਾਂਗ ਖਲਵਾੜੇ ਓਥੇ ਢੇਰ ਲਾਇ ਨੇ। ਅੰਤ ਤੇ ਹਿਸਾਬ ਓਥੇ ਨਹੀਂ ਆਇ ਨੇ
ਭਾਵੇਂ ਸਿੰਘਾਂ ਓਥੇ ਹੈ ਜਫਰ ਜਾਲਿਆ। ਐਪਰੰ ਸਿੰਘ ਨਾਮ ਨੂੰ ਹੈ ਚੰਗਾ ਪਾਲਿਆ
ਗੱਜ਼ਬ ਦੇ ਗੋਲੇ ਕੜਾ ਕਾੜ ਆਂਵਦੇ। ਰੂੰਈਂ ਵਾਂਗੂ ਤਨ ਨੂੰ ਉਡਾਈ ਜਾਂਵਦੇ
ਤਾਂ ਵੀ ਸਿੰਘ ਪਿਛਾਂ ਨਾਹੀਂ ਪੈਰਪਾਂਵਦੇ। ਸਿੰਘ ਨਾਮ ਨੂੰ ਓ ਨਹੀਂ ਲਾਜ ਲਾਂਵਦੇ
ਪਾਂਵਣ ਸ਼ਹੀਦੀਆਂ ਅਗੇਰੇ ਧਾਂਵਦੇ। ਉਮਡ ਭਵੱਕੜਾਂ ਦੇ ਵਾਂਗ ਆਂਵਦੇ
ਬੜਭਾਰਾ ਖਾਲਸੇ ਨੇ ਦੁਖ ਜਾਲਿਆ। ਐਪਰ ਸਿੰਘ ਨਾਮ ਨੂੰ ਹੈ ਚੰਗਾ ਪਾਲਿਆ

ਭੁਖ ਤੇ ਪਿਆਸ ਨੇ ਬੜੇ ਸਤਾਇ ਜੀ । ਤਾਂ ਵੀ ਭੱਜਕੇ ਨ ਪਿਛਾਂ ਮੂਲ ਆਇ ਜੀ

[ਕਾਬਲੀਆਂ ਪਠਾਣਾਂ ਦੀ ਬੇਈਮਾਨੀ]

ਜਦੋਂ ਦੇਖਿਆ ਲਾਟ ਨੇ ਹੱਦ ਹੋਈ ਸਿੰਘ ਬਹੁਤ ਹੀ ਜੋਰ ਲਗਾਂਵਦੇ ਨੇ
ਲੱਕ ਬੰਨਕੇ ਮਰਨ ਨੂੰ ਤਿਆਰ ਹੋਏ ਦੇਖੋ ਮੌਤ ਤੋਂ ਖੌਫ ਨ ਖਾਂਵਦੇ ਨੇ
ਪੈਰ ਪੈਰ ਨੇ ਅਗੇ ਨੂੰ ਵਧ ਰਹੇ ਬਿੱਲਕੁੱਲ ਹੀ ਜ਼ੋਰ ਚਾ ਲਾਂਵਦੇ ਨੇ
*ਕੁਤੀ ਚਾਲ ਫਰੰਗੀ ਦੀ ਆਣ ਚੱਲ਼ੀ ਨੌ ਲੱਖ ਦੀਆਂ ਮੋਹਰਾਂ ਲਿਆਂਵਦੇ ਨੇ
ਕਾਬਲ ਵਾਲਿਆਂ ਤਾਈਂ ਅੰਗ੍ਰੇਜ਼ ਸਾਰੇ ਬੰਨ ਪੇਟੀਆਂ ਲੋਭ ਫੜਾਂਵਦੇ ਨੇ
ਓਹ ਤਿੰਨ ਹਜ਼ਾਰ ਪਠਾਣ ਸਾਰੇ ਲੋਭ ਲਹਿਰ ਦੇ ਵਿੱਚ ਹੁਣ ਆਂਵਦੇ ਨੇ
ਐਨ ਜੰਗ ਦੇ ਵੇਲੇ ਆ ਭਾਂਜ ਪਾਈ ਦੇਕੇ ਪਿੱਠ ਸਭ ਜੰਗ ਨੂੰ ਜਾਂਵਦੇ ਨੇ
ਗਰਦ ਵਿਚ ਕੁਝ ਸਿੰਘਾਂ ਨੇ ਦੇਖਿਆ ਨ ਇਹ ਕੌਣ ਮਦਾਨ ਤੋਂ ਧਾਂਵਦੇ ਨੇ
ਭਾਂਜ ਖਾਲਸੇ ਨੂੰ ਪਈ ਸਮਝ ਲੀਤੀ ਝਟ ਜੰਗ ਨੂੰ ਪਿੱਠ ਵਖਾਂਵਦੇ ਨੇ
ਅੱਗੇ ਇਕ ਦੇ ਦੂਸਰਾ ਦੌੜ ਪਿਆ ਦਬਾ ਦਬ ਪਏ ਪੈਰ ਉਠਾਂਵਦੇ ਨੇ
ਪਿਛੋਂ ਦਾ ਅੰਗ੍ਰੇਜ਼ਾਂ ਦਾ ਚੰਗਾ ਲੱਗਾ ਮਾਰ ਪਾਟਵੇਂ ਗੋਲੇ ਉਡਾਂਵਦੇ ਨੇ
ਧਾਣਾਂ ਵਾਂਗ ਸਭ ਸਿੰਘ ਨੇ ਭੁੰਨ ਸੁਟੇ ਬਿਅੰਤ ਸਿੰਘਾਂ ਨੂੰ ਮਾਰ ਮੁਕਾਂਵਦੇ ਨੇ
ਵਾਂਗ ਗਾਜਰਾਂ ਮੂਲੀਆਂ ਖਾਲਸੇ ਦਾ ਕਤਰਾ ਕਰਕੇ ਨਾਮ ਮਿਟਾਂਵਦੇ ਨੇ
ਭਲਾ ਕੌਣ ਹੋਵੇ ਹੁਣ ਖੜਾ ਓਥੇ ਤਿੱਤਰ ਬਿੱਤਰ ਹੋ ਜਾਨ ਬਚਾਂਵਦੇ ਨੇ
ਜੇਹੜੇ ਬਚੇ ਸੋ ਹੋਇ ਨੇ ਹਰਨ ਸਾਰੇ ਖਿਲਰ ਪੁਲਰ ਕੇ ਤਨ ਲੁਕਾਂਵਦੇ ਨੇ
ਜਿੱਧਰ ਜਿੱਧਰ ਸੀ ਕਿਸੇ ਦਾ ਮੂੰਹ ਹੋਯਾ ਓਧਰ ਨੱਸ ਸਰੀਰ ਛਪਾਂਵਦੇ ਨੇ
ਸਣੇ ਤੋਪਾਂ ਦੇ ਜੰਗੀ ਸਮਾਨ ਸਾਰਾ ਕਬਜ਼ੇ ਅਪਣੇ ਅੰਗ੍ਰੇਜ਼ ਕਰਾਂਵਦੇ ਨੇ
ਜੰਗ ਜਿੱਤਕੇ ਅੰਤ ਨੂੰ ਬਿਸ਼ਨ ਸਿੰਘਾ ਹਿੱਪ ਹਿੱਪ ਤੇ ਹੁੱਰਰੇ ਗਜਾਂਵਦੇ ਨੇ

[ਚਤਰ ਸਿੰਘ ਸ਼ੇਰ ਸਿੰਘ ਆਦਿਕਾਂ ਨੂੰ ਦੇਸ ਨਿਕਾਲਾ]

ਇਹ ਅੰਤ ਦਾ ਜੰਗ ਹੀ ਖ਼ਾਲਸਾ ਜੀ ਰਾਜ ਸਿੰਘਾਂ ਦਾ ਹੈ ਡੁਬਾ ਗਿਆ
ਕਰ ਸਮਾਪਤੀ ਖਾਲਸੇ ਰਾਜ ਸੰਦੀ ਸਾਰਾ ਨਾਮ ਨਿਸ਼ਾਨ ਮਿਟਾ ਗਿਆ
ਚਤਰ ਸਿੰਘ ਤੇ ਸ਼ੇਰ ਸਿੰਘ ਸੂਰਮਾਂ ਜੋ ਕੈਦ ਵ੍ਰਿੱਚ ਅੰਗ੍ਰੇਜ਼ ਦੀ ਆ ਗਿਆ
†ਪੂਰਬ ਵੰਨੀ ਸਰਦਾਰ ਸਭ ਭੇਜ ਦਿੱਤੇ ਫਤੇ ਅੱਜ ਅੰਗ੍ਰੇਜ਼ ਹੈ ਪਾ ਗਿਆ

---

*ਜਦੋਂ ਪਠਾਣਾਂ ਨੇ ਕਾਬਲ ਜਾਕੇ ਓਹ ਪੇਟੀਆਂ ਖੋਲੀਆਂ ਤਾਂ ਉਹ ? ਮੋਹਰਾਂ ਮੁਲੱਮੇ ਦੀਆਂ ਨਿਕਲੀਆਂ ।

†ਬਾਕੀ ਦੇ ਸਭ ਸਰਦਾਰਾਂ ਨੂੰ ਆਪੋ ਆਪਣੇ ਘਰ ਪੁਲਸ ਦੀ ਨਿਗਰਾਨੀ ਵਿਚ ਬੈਠਣ ਦਾ ਹੁਕਮ ਦਿਤਾ ਅਤੇ ਰਾਵਲਪਿੰਡੀ ਤਕ ਜਿਥੇ ਕਿਤੇ ਕੋਈ ਸਿਖ ਸਪਾਹੀ ਨਜ਼ਰ ਆਇਆ ਸਭ ਤੋਂ ਸ਼ਸਤ੍ਰ ਖੋਹਕੇ, ਕੁਛ ਖਰਚ ਦੇਕੇ ਕੋਈ ਘਰਾਂ ਨੂੰ ਤੋਰਿਆ ।

{ ੧੭ ਚੇਤ ਸੰ: ੧੯੦੬ ਬਿਃ ਨੂੰ ਲਾਹੌਰ ਦੇ ਕਿਲੇ ਵਿਚ
ਰਾਜ ਦਰਬਾਰ ਤੇ ਪੰਜਾਬ ਖਾਲਸੇ ਦੇ ਰਾਜ ਦੀ ਜ਼ਬਤੀ }

ਲਾਰਡ ਸਾਹਿਬ ਡਲਹੌਜ਼ੀ ਅੰਗ੍ਰੇਜ਼ ਜੇਹੜਾ ਅਕਲ ਦਾਨ ਮਹਾਨ ਸੁਜਾਨ ਸੁਣ ਲੌ
ਕਿਲੇ ਵਿਚ ਲਾਹੌਰ ਦੇ ਆਣ ਕਰਕੇ ਲਾਯਾ ਇਕ ਦਰਬਾਰ ਮਹਾਨ ਸੁਣ ਲੌ
ਸਾਰੇ ਸਿੱਖਾਂ ਸਰਦਾਰਾਂ ਨੂੰ ਸੱਦ ਲੀਤਾ ਬੈਠ ਗਏ ਨੇ ਲਾ ਦੀਵਾਨ ਸੁਣ ਲੌ
ਰੱਜਬ ਅਲੀ ਨੇ ਲਾਟ ਸਾਹਿਬ ਵੱਲੋਂ ਬੜਾ ਭਾਰਾ ਇਕ ਦਿਤਾ ਵਖਜਾਨ ਸੁਣਲੌ
ਜਿਸ ਵਿਚ ਵਧੀਕੀਆਂ ਸਿੰਘਾਂ ਵਲੋਂ ਤੇ ਫਿਰੰਗੀਆਂ ਨੇਕੀਆਂ ਆਨ ਸੁਣ ਲੌ
ਜੋ ਜੋ ਵਕਤ ਸਰਕਾਰ ਤੋਂ ਹੋਈਆਂ ਸਨ ਸਭ ਮੁਣਸ਼ੀ ਨੇ ਕਹੀਆਂ ਬਖਾਨਸੁਣਲੌ
ਜਿੰਨਾਂ ਜਿੰਨਾਂ ਫਿਰ ਗਲਾਂ ਤੋਂ ਤੰਗ ਹੋਕੇ ਬੰਦੋਬਸਤ ਪੰਜਾਬ ਦਾ ਜਾਨ ਸੁਣ ਲੌ
ਹੱਥ ਆਪਣੇ ਵਿੱਚ ਸੀ ਲੈਣ ਲੱਗੇ ਸਭ ਦਸੀਆਂ ਨੇ ਅਕਲ ਦਾਨ ਸੁਣ ਲੌ
ਬਹੁਤ ਕਈ ਲਚਾਰੀਆਂ ਦੱਸੀਆਂ ਨੇ ਅਤੇ ਨਾਲ ਖਰਾਬੀਆਂ ਮਾਨ ਸੁਣ ਲੌ
ਬੰਦੋ ਬਸਤ ਅੰਗ੍ਰੇਜ਼ ਦੇ ਬਿਨਾਂ ਸਿੰਘੋ ਹੋਵੇ ਸੁਖੀ ਪੰਜਾਬ 'ਨਾ ਕਾਨ ਸੁਣ ਲੌ
ਗਵਰਮਿੰਟ ਨੇ ਸਹੀ ਕਰ ਇਹ ਲੀਤਾ ਰਹਿਣ ਮੱਛਰੇ ਬੁਰਛੇ ਜਵਾਨ ਸੁਣ ਲੌ
ਤਾਂ ਫਿਰ ਸੁਖ ਦੀ ਨੀਂਦ ਨਾਂ ਆਵਣੀ ਹੈ ਰਹੇ ਦੁਖ ਦੇ ਵਿਚ ਜਹਾਨ ਸੁਣ ਲੌ
ਐਥੋਂ ਤਾਕ ਨ ਇਹਨਾਂ ਨੇ ਘੱਟ ਕਰਨੀ ਜੱਫਾ ਮਾਰਨੀ ਗੇ ਹਿੰਦੁਸਤਾਨ ਸੁਣ ਲੌ
ਅਜ ਜ਼ਬਤ ਲਾਹੌਰ ਪੰਜਾਬ ਸੰਦੀ ਲੱਗੀ ਹੋਣ ਪਾਤਸ਼ਾਹੀ ਵਿੱਦਵਾਨ ਸੁਣੋ ਲੌ
ਪਾਤਸ਼ਾਹੀ ਅੰਗ੍ਰੇਜ਼ ਦੀ ਨਾਲ ਮੇਲਣ ਅਸੀ ਲਗੇ ਜੇ, ਕਰ, ਧਿਆਨ ਸੁਣ ਲੌ
ਤੰਗ ਆਣ ਕੇ ਬਹੁਤ ਫਿਰੰਗੀਆਂ ਨੇ ਅਤੇ ਹੋਇਕੇ ਆਪ ਹੈਰਾਨ ਸੁਣ ਲੌ
ਕੰਮ ਕੀਤਾ ਇਹ ਓੜਕ ਨੂੰ ਖਾਲਸਾ ਜੀ ਬਹੁਤ ਝੱਲਕੇ ਆਪ ਨੁਕਸਾਨ ਸੁਣ ਲੌ
ਵਸ ਰੱਖਣ ਮਹਾਰਾਜ ਦਲੀਪ ਸਿੰਘਨੂੰ ਆਪ ਇਹ ਅੰਗ੍ਰੇਜ਼ ਗੁਣ ਖਾਣ ਸੁਣ ਲੌ
ਪੰਜ ਲੱਖ ਸਲਾਨਾ ਇਹ ਦੇਣ ਪਿਨਸ਼ਨ ਮਹਾਰਾਜ ਦੇ ਛਕਨ ਛਕਾਨ ਸੁਣ ਲੌ
ਰੱਖਣ ਦੋਸਤਾਂ ਵਾਂਗ ਪਿਆਰ ਹਰਦਮ ਸਾਰੇ ਸਿਖ ਸਰਦਾਰ ਬਲਵਾਨ ਸੁਣ ਲੌ
ਜਥਾ ਯੋਗ ਸਰਬੰਧੀ ਮਹਾਰਾਜ ਦਿਆਂ ਨੂੰ ਦੇਣ ਪਿਨਸ਼ਨ, ਜਗੀਰਨਖਾਣ ਸੁਣਲੌ
ਰਾਜ ਖਾਲਸੇ ਦਾ ਬੱਸ ਬਿਸ਼ਨ ਸਿੰਘਾ ਗਿਆ ਅਜ ਤੋਂ ਨਾਮ ਨਿਸ਼ਾਨ ਸੁਣ ਲੌ

[ਤਥਾ]

ਹਾਲ ਸੁਣ ਇਹ ਸਿੱਖਾਂ ਸਰਦਾਰਾਂ ਸੰਦੇ ਚਿਹਰੇ ਚਿੱਟੇ ਤੇ ਅੱਖੀਂ ਗੁਬਾਰ ਛਾ ਗਏ
ਮਲਮਲ ਹੱਥ ਪਏ ਕਰਨ ਅਫਸੋਸ ਸਾਰੇ ਉਭੇ ਸਾਹ ਲੈ ਰਗੀ ਨੇ ਸਾਸ ਆ ਗਏ
ਐਉਂ ਟਪਕਿਆਂ ਅਖਾਂ ਤੋਂ ਆਣ ਪਾਣੀ ਮਾਨੋ ਮੋਤੀ ਮਨੋਰਥ ਜਮੀਨ ਜਾ ਪਏ
ਇਕੋ ਵਾਰੀ ਹੈਰਾਨ ਹੋ ਗਏ ਸਾਰੇ ਸੁਣਕੇ ਸਭਨਾਂ ਨੇ ਸਿਰ ਹਿਠਾਂ ਪਾ ਲਏ

[੧ ਅਪ੍ਰੈਲ ੧੮੪੯ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਵਲਾਇਤ ਲੈਜਾਣਾ]

ਕਈ ਰਾਜ ਸੰਬਧੀਆਂ ਕਾਰਨਾਂ ਦੇ ਓਹਨਾ ਰਲ ਏ ਕੰਮ ਕਮਾਇਆ ਏ
ਅਹਿਲਕਾਰਾਂ ਸਰਦਾਰਾਂ ਲਹੌਰ ਦਿਆਂ ਨੇ ਇਹ ਰਲਕੇ ਮਤਾ ਪਕਾਇਆ ਏ

ਮਹਾਰਾਜ ਵਲੈਤ ਨੂੰ ਜਾਣਾ ਚਾਹੀਏ ਸਭ ਕਿਸੇ ਨੇ ਇਹ ਸੁਨਾਇਆ ਏ
ਹਰ ਇਕ ਨੇ ਦਸੁਖਤ ਕਰ ਕਰਕੇ ਲਾਟ ਸਾਹਿਬ ਨੂੰ ਇਹ ਅਲਾਇਆ ਏ
ਭਗਤ ਰਾਮ ਵਗੈਰਾ ਅਨੇਕਾਂ ਕਈਆਂ ਦਸਖਤ ਕੀਤੇ ਨ ਫੈਦਾ ਉਠਾਇਆ ਏ
ਆਖਰ ਉਸ ਨਬਾਲਗ ਮਹਾਰਾਜ ਜੀ ਨੂੰ ਹੁਣ ਪੰਜਾਬ ਤੋਂ ਵਿਦਾ ਕਰਾਇਆ ਏ
ਸੌ ਕੁ ਆਦਮੀ ਸਿੱਖ ਸ਼ਿਵ ਦੇਵ ਸਿੰਘ ਵੀ ਮਹਾਰਾਜ ਦੇ ਹੁਣ ਨਾਲ ਆਇਆ ਏ
ਓੜਕ ਤੋਰ ਮਹਾਰਾਜ ਨੂੰ ਬਿਸ਼ਨ ਸਿੰਘ ਫਰੁਖਾਬਾਦ ਲਿਆ ਟਿਕਾਇਆ ਏ

[ਸੂਕਾਰ ਨੇ ਸਭਨਾਂ ਸਿੱਖਾਂ ਸ੍ਰਦਾਰਾਂ ਨੂੰ ਅਪਣੇ ਅਧੀਨ ਕਰਨਾ]

ਅੱਧੀ ਰਾਤ ਨੂੰ ਐਨ ਇਕ ਠੀਕ ਵੇਲੇ ਘਰੋਂ ਘਰੀ ਐਹਲਕਾਰਾਂ ਨੂੰ ਘੇਰ ਲਿਆ
ਥਾਓਂ ਥਾਂਈ ਫਿਰ ਆਣਕੇ ਕੀਤਾ ਕਬਜਾ ਚੁਪ ਚੁਪਾਤੇਹੀ ਹੁਕਮ ਨੇ ਫੇਰ ਲਿਆ
ਇਕ ਦੂਜੇ ਨੂੰ ਖਬਰ ਨ ਹੋਣ ਦਿੱਤੀ ਕਰ ਅਪਣੇ ਕਨੂਨ ਦੇ ਜ਼ੋਰ ਲਿਆ
ਪਹਿਲੇ ਖੋਹ ਨੇ ਲਏ ਹਥਯਾਰ ਸਭ ਦੇ ਦੂਜਾ ਔਹਦਿਆਂ ਤੋਂ ਸਭਨੂੰ ਗੇਰ ਲਿਆ
ਯਥਾ ਯੋਗ ਇਨਾਮ ਤੇ ਦੇ ਪਿਨਸ਼ਨ ਨਾਮ ਕੱਟ ਕੇ ਕਿੱਸਾ ਨਿਬੇੜ ਲਿਆ
ਘਰ ਵਿਚ ਬੈਠਣ ਦਾ ਹੁਕਮ ਦੇ ਸਾਰਿਆਂ ਨੂੰ ਢੋਲ ਫੇਰ ਹੈ ਚਾਰ ਚੁਫੇਰ ਲਿਆ
ਕਿਸੇ ਦੰਗਾ ਫਸਾਦ ਨ ਫੇਰ ਕਰਨਾ ਈਕੂੰ ਜੋਰ ਦਾ ਪੇੜ ਉਖੇੜ ਲਿਆ
ਜੇਹੜੇ ਜੇਹਲਮ ਗੁਜਰਾਤ ਵਿਚ ਲੜੇਹੈਸਨ ਓਨਾਂ ਸਾਰਿਆਂਨੂੰ ਨੀਵੇਂ ਕੇਰ ਲਿਆ
ਜਾਇਦਾਤਾਂ ਜਗੀਰਾਂ ਤੇ ਮਾਲ ਖੋਹਕੇ ਇਨਾਂ ਸਾਰਿਆਂ ਨੂੰ ਕਰ ਜ਼ੇਰ ਲਿਆ
ਕਈ ਘਰ ਬਹਾਇ ਗੁਜਾਰੇ ਦੇਕੇ ਕਰ ਦੇਸ ਦਾ ਦੂਰ ਹਨੇਰ ਲਿਆ
ਦੇਖ ਰਾਜ ਅੰਗ੍ਰੇਜ਼ ਦਾ ਹੋਏ ਠੰਢੇ ਕਿਸੇ ਦੰਗੇ ਦਾ ਨਾਮ ਨ ਫੇਰ ਲਿਆ
ਹਿੰਮਤ ਨਾਲ ਇਤਫਾਕ ਦੇ ਬਿਸ਼ਨ ਸਿੰਘਾ ਪਿੰਜਰੇ ਪਾ ਅੰਗ੍ਰੇਜ਼ਾਂ ਨੇ ਸ਼ੇਰ ਲਿਆ

[੧੮੫੩ ਈ: ਨੂੰ ਮਹਾਰਾਜੇ ਦਲੀਪ ਸਿੰਘ ਨੇ ਵਲੈਤ ਵਿਚ ਪਹੁੰਚਣਾ]

ਫਰਖਾਬਾਦ ਤੋਂ ਤੋਰ ਮਹਾਰਾਜ ਜੀ ਨੂੰ ਅਗੋਂ ਲੰਡਨ ਦੇ ਵਲ ਚਲਾ ਦਿੱਤਾ
ਮਹਾਰਾਜ ਦੀ ਰੱਖਿਆ ਵਾਸਤੇ ਤੇ ਲੋਗਨ ਡਾਕਟਰ ਸਾਹਿਬ ਲਗਾ ਦਿੱਤਾ
ਇੰਤਜ਼ਾਮ ਅੰਗ੍ਰੇਜ਼. ਨੇ ਹੱਛਾ ਕੀਤਾ ਨਾਲੇ ਇਲਮ ਵੀ ਨਾਲ ਪੜ੍ਹਾ ਦਿੱਤਾ
ਹੌਲੀ ਹੌਲੀ ਹਟਾ ਪੰਜਾਬੀਆਂ ਨੂੰ ਹਿੰਦੁਸਤਾਨੀ ਸਭ ਲੋਕ ਰਖਾ ਦਿੱਤਾ
ਪੰਜ ਸੱਤ ਕੁਲ ਸਿੰਘ ਹੀ ਰਹਿਣ ਦਿਤੇ ਡਾਕਟਰ ਇਹ ਹੁਕਮ ਵਜਾ ਦਿੱਤਾ
ਛੇ ਮਹੀਨੇ ਮਨਸੂਰੀ ਤੇ ਰਖ ਕਰਕੇ ਫਿਰ ਕਲਕੱਤੇ ਮਹਾਰਾਜ ਪੁਚਾ ਦਿੱਤਾ
ਓੜਕ ਲੋਗਾਂ ਈਸਾਈਆਂ ਮਹਾਰਾਜ ਜੀ ਨੂੰ ਅਪਣੇ ਵਰਗਾ ਈਸਾਈ ਬਣਾ ਦਿੱਤਾ
ਓੜਕ ਚਾੜ੍ਹ ਜਹਾਜ ਮਹਾਰਾਜ ਜੀ ਨੂੰ ਖਾਸ ਵਿਚ ਵਲੈਤ ਬਹਾ ਦਿੱਤਾ
ਕੀਤਾ ਆਦਰ ਮਹਾਰਾਣੀ ਮਹਾਰਾਜ ਜੀ ਦਾ ਬੜਾ ਮਾਨ ਤੇ ਔਹਦਾ ਵਧਾ ਦਿੱਤਾ
ਰੋਜ ਸ਼ਾਹੀ ਦਰਬਾਰ ਦੇ ਵਿਚ ਆਵੇ ਮਹਾਰਾਣੀ ਨੇ ਹੁਕਮ ਸੁਣਾ ਦਿੱਤਾ
ਬੜੇ ਬੜੇ ਅੰਗ੍ਰੇਜ ਨੇ ਬਹਣ ਜਿਥੇ ਓਥੇ ਆਉਣ ਦਾ ਹੁਕਮ ਬਤਾ ਦਿੱਤਾ
ਪਹਿਨ ਆਵੇ ਪੰਜਾਬੀ ਪੁਸ਼ਾਕ ਗਹਿਣੇ ਬਾਦਸ਼ਾਹੀ ਲਿਬਾਸ ਅਲਾ ਦਿੱਤਾ

ਪਾਤਸ਼ਾਹ ਨੂੰ ਰੱਬ ਨੇ ਬਿਸ਼ਨ ਸਿੰਘਾ ਦਰ ਦਰ ਦਾ ਟੁਕ ਮੰਗਾ ਦਿੱਤਾ

[ਮਹਾਰਾਜਾ ਦਲੀਪ ਸਿੰਘ ਤੇ ਮਹਾਰਾਣੀ ਜਿੰਦ ਕੌਰਾਂ ਦਾ ਹਾਲ]

ਸਫਕ ਦੇਸ ਵਿਚ ਘਰ ਬਣਾ ਸੋਹਿਣਾ ਮਹਾਰਾਜ ਨੇ ਕੀਤਾ ਨਿਵਾਸ ਪਜਾਰੇ
ਮਿਸਰ ਦੇਸ ਦੀ ਮੇਂਮ ਇਕ ਆਪ ਬਜਾਹੀ ਹੋਏ ਕੰਮ ਗ੍ਰਹਸਤ ਦੇ ਰਾਸ ਪਜਾਰੇ
ਚਾਰ ਪੁਤ੍ਰ ਦੋ ਧੀਆਂ ਸੰਤਾਨ ਹੋਈ, ਹੋਈ ਕੁਲ ਮਹਾਰਾਜ ਪਰਕਾਸ਼ ਪਜਾਰੇ
ਏਧਰੋਂ ਜਿੰਦਾਂ ਨਿਪਾਲ ਜੋ ਵੱਸਦੀ ਸੀ ਓਹੰਦਾ ਹੋਯਾ ਆ ਦਿਲ ਉਦਾਸ ਪਜਾਰੇ
ਠਾਰਾਂ ਸੌ ਪਚਵਿੰਜਾ ਚੰਡਾਲ ਗੜ ਤੋਂ ਭੱਜ ਗਈ ਜੋ ਨਾਲ ਲੈ ਦਾਸ ਪਜਾਰੇ
ਮਾਰਫਤ ਜਮੀਤੇ ਦੀ ਨਿਕਲ ਕਰਕੇ ਕੀਤਾ ਵਿਚ ਨਿਪਾਲ ਦੇ ਵਾਸ ਪਜਾਰੇ
ਪੁਤ੍ਰ ਪੋਤਰੇ ਆਪਣੇ ਵੇਖਣੇ ਨੂੰ ਹੋਯਾ ਦਿਲ ਉਦਾਸ ਨਿਰਾਸ ਪਜਾਰੇ
ਸੰਮਤ ਈਸਵੀ ਠਾਰਾਂ ਸੌ ਚੌਹਠ ਅੰਦਰ ਆ ਰਹੀ ਮਹਾਰਾਜ ਦੇ ਪਾਸ ਪਜਾਰੇ
ਐਪਰ ਆਉਂਦਿਆਂ ਓਥੇ ਬਿਮਾਰ ਹੋਕੇ ਦੇ ਦਿਤੋ ਸੂ ਆਪਣੇ ਸਾਸ ਪਜਾਰੇ
ਲੱਦ ਗਈ। ਜਹਾਨ ਤੋਂ ਦੁਖ ਪੌਂਦੀ ਰਹੀ ਵਿੱਚ ਦੀ ਵਿੱਚ ਹੀ ਆਸ ਪਜਾਰੇ
ਅੱਛਰਸਿੰਘ ਤੇ ਕਿਸ਼ਨਸਿੰਘ ਲੋਥ ਉਸਦੀ ਆਂਦੀ ਝਗੜ ਵਲੈਤੋਂ ਨਿਕਾਸ ਪਜਾਰੇ
ਨਾਸਕ ਸ਼ਹਿਰ ਗੁਦਾਵਰੀ ਗੰਗਾ ਕੰਢੇ ਸਾੜ ਫੂਕ ਕੇ ਕੀਤੀ ਹੈ ਨਾਸ ਪਜਾਰੇ
ਓਥੇ ਓਸ ਦੀ ਬਣੀ ਸਮਾਧ ਹੈਗੀ ਲੋਕ ਕਰਦੇ ਨੇ ਹਾਸ ਬਿਲਾਸ ਪਜਾਰੇ
ਰਾਜ ਸਿਖਾਂਦਾ ਨਾਸਕਰ ਬਿਸ਼ਨਸਿੰਘਾ ਭਰਗਈ ਨੇਕੀਦੇ ਨਾਲ ਇਤਹਾਸਪਜਾਰੇ

{ਸੰਃ ੧੮੮੭ ਈ: ਨੂੰ ਮਹਾਰਾਜ ਦਲੀਪ ਸਿੰਘ ਨੇ ਕੈਸਰ ਹਿੰਦ ਦੀ ਆਗਜਾ ਨਾਲ ਪੰਜਾਬ ਨੂੰ ਆਉਣਾ ਤੇ ਗਵਰਮਿੰਟ ਨੇ ਰਸਤੇ ਵਿਚ ਰੋਕਣਾਂ}

ਕੈਸਰ ਹਿੰਦ ਤੋਂ ਆਗਜਾ ਪਾ ਕਰਕੇ ਮਹਾਰਾਜ ਪੰਜਾਬ ਨੂੰ ਆਇਆ
ਮੁਹਿਰਾਂ ਖਰਚ ਜੋ ਲਈਆਂ ਸੀ ਜਾਇਦਾਤਾਂ ਭ੍ਰਾ ਕੌਡਾਂ ਦੇ ਵੇਚ ਓਹ ਧਾਇਆ
ਏਧਰੋਂ ਕਈ ਸਰਦਾਰਾਂ ਪੰਜਾਬੀਆਂ ਨੇ ਗਵਰਮਿੰਟ ਨੂੰ ਲਿੱਖ ਫੜਾਇਆ
ਮਹਾਰਾਜ ਨੂੰ ਬੰਬਈ ਜਾਇ ਮਿਲੀਏ ਕਈਆਂ ਸਿਖਾਂ ਨੇ ਇਹ ਅਲਾਇਆ
ਹੋਰ ਕਈਆਂ ਰਈਸਾਂ ਪੰਜਾਬੀਆਂ ਨੇ ਮਹਾਰਾਜ ਤੋਂ ਖੌਫ ਚਾ ਖਾਇਆ
ਏਧਰ ਆਉਣਾਂ ਨ ਚਾਹੁਣਦਲੀਪਸਿੰਘ ਨੂੰ ਬੜਾ ਇਨਾਂਦਾ ਦਿਲ ਕੰਬਾਇਆ
ਡਫਰਨ ਸਾਹਿਬ ਬਹਾਦਰ ਦੇ ਪਾਸ ਜਾਕੇ ਸਭਨਾਂ ਜੋਸ਼ ਦੇ ਨਾਲ ਬਤਾਇਆ
ਏਥੇ ਆਉਣ ਜਰੂਰ ਜੇ ਮਹਾਰਾਜਾ ਵਿਗੜ ਜਾਵੇ ਪੰਜਾਬ ਸੁਣਾਇਆ
ਗਦਰ ਦੱਸਕੇ ਜ਼ਾਲਮਾਂ ਪੂਰਬੀਆਂ ਸਭ ਅੰਗ੍ਰੇਜ਼ਾਂ ਨੂੰ ਬੁਰਾ ਡਰਾਇਆ
ਪੂਰਬੀਏ ਤਾਂ ਵਿਗੜੇ ਸੁਧਾਰੇ ਸਿੰਘਾਂ ਨਵਾਂ ਨਵਾਂ ਇਹ ਹਾਲ ਜਤਾਇਆ
ਸਿੰਘ ਵਿਗੜੇ ਨ ਵੁੱਸ ਢੇ ਵਿਚ ਆਉਂਣੇ ਝੂਠ ਸੱਚ ਇਹ ਬੜਾ ਬਕਾਇਆ
ਮਹਾਂ ਬੀਰ ਲੜਾਈ ਇਹ ਕੌਮ ਜੋਧੀ ਜਿਸਨੇ ਤੁਰਕਾਂ ਨੂੰ ਹੱਥ ਵਿਖਾਇਆ
ਦਿਲੀ ਕਾਬਲ ਦੇ ਸ਼ਾਹਾਂ ਦੀ ਸ਼ਾਹੀ ਸੰਦਾ ਨਾਸ ਕਰਕੇ ਬੀਜ ਉਡਾਇਆ

ਏਨਾਂ ਸਿਖਾਂ ਬਹਾਦਰਾਂ ਜੋਧਿਆਂ ਨੇ ਫੇਰ ਆਪਣਾ ਰਾਜ ਬਣਾਇਆ ਹੈ
ਏਹੋ ਜਹੇ ਅਨੇਕ ਹੀ ਤੋਤੜੇ ਲਾ ਲਾਟ ਸਾਹਿਬ ਨੂੰ ਬੜਾ ਸਖਾਇਆ ਹੈ
ਠੀਕ ਮੰਨ ਕੇ ਲਾਟ ਨੇ ਗਲ ਏਹੋ ਜੋ ਪੰਜਾਬੀਆਂ ਆ ਲਿਖਾਇਆ ਹੈ
ਰਾਇ ਲੈ ਰਈਸਾਂ ਪੰਜਾਬੀਆਂ ਦੀ ਮਹਾਰਾਜ ਨੂੰ ਅਦਨ ਅਟਕਾਇਆ ਹੈ
ਅਦਨ ਮੁਲਕ ਤਮਾਮ ਹੈ ਖੁਸ਼ਕ ਭਾਰਾ ਮਹਾਰਾਜ ਨੂੰ ਗਰਮੀ ਤਪਾਇਆ ਹੈ
ਜਬ ਤਕ ਪਾਰਲੀਮਿੰਟ ਨ ਹੁਕਮ ਆਵੇ ਮਹਾਰਾਜ ਨੂੰ ਅਦਨ ਬਹਾਇਆ ਹੈ
ਮਹਾਰਾਜ ਦੀ ਰਾਣੀ ਤੇ ਪੁਤ੍ਰ ਤਾਂਈ ਏਨੇ ਚਿਰ ਬਿਮਾਰੀ ਦਬਾਇਆ ਹ
ਓਸੇ ਸਮੇਂ ਇਕ ਫੋਜ ਅੰਗ੍ਰੇਜ਼ੀ ਸਿੰਘਾਂ ਅਬਾਸੀਨਜਾ ਜੰਗ ਮਚਾਇਆ ਹੈ
ਅਬਾਸੀਨ ਨੂੰ ਫਤੇ ਕਰ ਓਨਾਂ ਸਿੰਘਾਂ ਮੁਲਕ ਅਦਨ ਆ ਡੇਰਾ ਲਗਾਇਆ ਹੈ
ਓਸੇ ਵੇਲੇ ਦਲੀਪ ਸਿੰਘ ਅੰਮ੍ਰਿਤ ਛਕ ਕੇ ਅਪਣੇ ਆਪਨੂੰ ਸਿੰਘ ਸਜਾਇਆ ਹੈ
ਸਿੱਖੀ ਧਰੰਮ ਨੂੰ ਬੜਾ ਹੈ ਪੱਕਾ ਕੀਤਾ ਅਪਣੇ ਆਪ ਅਨੰਦ ਮਨਾਇਆ ਹੈ
ਏਸ ਗਲ ਦਾ ਲਾਟ ਨੂੰ ਬੜਾ ਭਾਰਾ ਸ਼ੱਕ ਆਣ ਕੇ ਕਿਸੇ ਨੇ ਪਾਇਆ ਹੈ
ਓਸ ਰੰਜ ਦੇ ਵਿਚ ਹੀ ਮਹਾਰਾਜੇ ਬੜਾ ਆਪਣਾ ਆਪ ਗਵਾਇਆ ਹੈ
ਇਕ ਨੂੰ ਸੱਠ ਹਜ਼ਾਰ ਰੁਪੱਯਾ ਦਿੱਤਾ ਉਸਨੇ ਤੁਰਤ ਜਹਾਜ ਚੜ੍ਹਾਇਆ ਹੈ
ਸ਼ਾਹ ਰੂਸ ਦੇ ਵਿਚ ਨੇ ਗਏ ਓਥੋਂ ਬੜਾ ਦੁਖ ਮਹਾਰਾਜ ਉਠਾਇਆ ਹੈ
ਸ਼ਾਹ ਰੂਸ ਅਖਬਾਰ ਦਾ ਜੋ ਮਾਲਕ ਇਕ ਆਦਮੀ ਬੜਾ ਕਹਾਇਆ ਹੈ
ਸੀ ਮੁਸਾਹਿਬ ਓਹ ਨਾਲੇ ਵਜ਼ੀਰ ਸੰਦਾ ਜਿਸਨੇ ਬੜਾ ਅਖਬਾਰ ਚਲਾਇਆ ਹੈ
ਸੀ ਓ ਦੋਸਤ ਮਹਾਰਾਜ ਦਲੀਪ ਸਿੰਘ ਦਾ ਓਸ ਆਦਰ ਦੇ ਡੇਰਾ ਲਵਾਇਆ ਹੈ
ਸ਼ਾਹਜਾਦੇ, ਵਜ਼ੀਰ, ਸ਼ਾਹ ਰੂਸ ਸੰਦੇ ਇਕ ਵਾਰ ਤਾਂ ਨਾਲ ਮਿਲਾਇਆ ਹੈ
ਮਹਾਂਰਾਜ ਦੇ ਦੋਸਤ, ਵਜ਼ੀਰ ਤਾਂਈ ਝਟ ਰੱਬ ਨੇ ਆਪ ਬੁਲਾਇਆ ਹੈ
ਵਾਹਵਾਹ ਓਇ ਕਰਮਾਂ ਦਿਆ ਬਲੀਆ ਓਇ ਤੈਨੂੰ ਰੱਬਨੇ ਤਖਤੋਂ ਉਲਟਾਇਆ ਹੈ
ਸੰਧਾਂ ਵਾਲੀਆ ਠਾਕਰ ਸਿੰਘ ਓਸ ਪਾਸੇ ਜੋ ਸਹਾਇਕ ਮਹਾਰਾਜ ਸਦਾਇਆ ਹੈ
ਪਾਂਡੀਚਰੀ ਵਿਚ ਓਹ ਵੀ ਮਰਗਿਆ ਰੱਬ ਕਿੱਸਾ ਹੀ ਸਭ ਚੁਕਾਇਆ ਹੈ
ਮੋਇ ਤਿੰਨ ਸਹਾਇਕ ਮਹਾਰਾਜ ਸੰਦੇ ਵਾਹ ਵੇਖੀਏ ਰੱਬ ਦੀ ਮਾਇਆ ਹੈ
ਏਧਰ ਰਾਣੀ ਇਕ ਪੁੱਤ੍ਰ ਵਲੈਤ ਆਉਂਦਾ ਓਹ ਰੱਬ ਨੇ ਮਾਰ ਮੁਕਾਇਆ ਹੈ
ਸਮਝ ਵਿਕਟਰ ਦਲੀਪ ਸਿੰਘ ਲੈਕ ਭਾਰਾ ਜੋ ਜਰਨੈਲ ਅੰਗ੍ਰੇਜ਼ਾਂ ਬਣਾਇਆ ਹੈ
ਮੋਇ ਸੁਣੇ ਇਹ ਜਦੋਂ ਮਹਾਰਾਜ ਜੀਨੇ ਬੁਰਾ ਗਾੜ੍ਹਾ ਅਨ੍ਹੇਰ ਆ ਛਾਇਆ ਹੈ
ਓਸੇ ਵਿਚ 'ਉਦਾਸੀ ਉਦਾਸ ਹੋਕੇ ਬੜਾ ਦੇਸ ਪਰਦੇਸ ਭਰਮਾਇਆ ਹੈ
ਰੂਸ, ਜਰਮਨ, ਫਰਾਂਸ ਅਮਰੀਕਾ ਆਦਿਕ ਡੇਰਾ ਚੀਨਦੇ ਵਿਚ ਵੀ ਲਾਇਆ ਹੈ
ਕੀਤੇ ਕਈਆਂ ਵਲੈਤਾਂ ਦੇ ਸੈਲ ਫਿਰਕੇ ਬੜਾ ਰੱਬ ਨੇ ਦੁਖ ਵਿਖਾਇਆ ਹੈ
ਏਧਰ ਬਲਖ ਬੁਖਾਰੇ ਤਕ ਹੋਗਿਆ ਸਗੋਂ ਬਹੁਤ ਗਵਾਯਾ ਕਮਾਇਆ ਹੈ
ਪਾਤਸ਼ਾਹ ਨੂੰ ਰੱਬ ਨੇ ਬਿਸ਼ਨ ਸਿੰਘਾ ਦਰ ਦਰ ਦਾ ਦਾਨ ਮੰਗਾਇਆ ਹੈ

{ ੨੦ ਜੂਨ ੧੮੮੯ ਈ: ਨੂੰ ਮਹਾਰਾਜੇ ਦਲੀਪ ਸਿੰਘ ਜੀ ਨੇ
ਸਾਰੇ ਪੰਥ ਖਾਲਸੇ ਨੂੰ ਇਕ ਚਿਠੀ ਲਿਖਣੀ }

ਦੋਹਰਾ–ਵਾਹਿਗੁਰੂ ਗੁਰ ਨਾਨਕੇ ਸ੍ਰੀ ਗੁਰ ਗੋਬਿੰਦ ਸਿੰਘ।
ਲਿਖਤੁਮ ਦਾਸ ਦਲੀਪ ਸਿੰਘ ਸੁਣੋ ਖਾਲਸਾ ਸਿੰਘ॥
ਵਾਹਿਗੁਰੂ ਜੀ ਕੀ ਫਤੇ ਹਾਥ ਜੋੜਕੇ ਦੇਇ।
ਸ੍ਰੀ ਅਕਾਲ ਗੁਰ ਪੰਥ ਦਾ ਸਦਾ ਸਹਾਇਕ ਹੋਇ॥

*ਪਜ਼ਾਰੇ ਖਾਲਸਾ ਜੀ ਮੇਰੀ ਕਰੋ ਮੱਦਤ ਸਦਾ ਤੁਸਾਂ ਦਾ ਦਾਸ ਕਹਾਵਸਾਂ ਮੈਂ
ਇੱਕ ਇੱਕ ਆਨਾ ਦਿਓ ਸਾਰੇ ਸਿੰਘੋ ਕੀਤਾ ਆਪਦਾ ਨਹੀਂ ਭੁਲਾਵਸਾਂ ਮੈਂ
ਮੱਦਤ ਕਰਾਂਗਾ ਤੁਸਾਂ ਦੀ ਬੜੀ ਭਾਰੀ ਜਦੋਂ ਵਿਚ ਪੰਜਾਬ ਦੇ ਆਵਸਾਂ ਮੈਂ
ਜੇਹੜੇ ਤੁਸਾਂ ਦੇ ਜ਼ੁਲਮ ਅੰਗ੍ਰੇਜ਼ ਕਰਦੇ ਓਨ੍ਹਾਂ ਜ਼ੁਲਮਾਂ ਤੋਂ ਆ ਬਚਾਵਸਾਂ ਮੈਂ
ਕਰੋ ਮੱਦਤ ਜ਼ਰੂਰ ਹੀ ਖਾਲਸਾ ਜੀ ਗੁਣ ਤੁਸਾਂ ਦੇ ਸੰਦਾ ਹੀ ਗਾਵਸਾਂ ਮੈਂ
ਬਜੰਤ ਬਜੰਤ ਪਰਮਾਤਮਾਂ ਬਿਸ਼ਨ ਸਿੰਘਾ ਸੱਚੇ ਰੱਬ ਨੂੰ ਸੰਦਾ ਧਿਆਵਸਾਂ ਮੈਂ

{ ਸਾਰੇ ਖਾਲਸੇ ਅਤੇ ਗੁਜਰਾਂ ਵਾਲੇ ਦਿਆਂ ਨਿਵਾਸੀਆਂ ਵੱਲੋਂ ਮਹਾਰਾਜੇ
ਦਲੀਪ ਸਿੰਘ ਦੀ ਚਿੱਠੀ ਦਾ ਜਵਾਬ ੩੦ ਅਕਤੂਬਰ ਸੰ: ੧੮੮੯
ਈ: ਅਖਬਾਰ ਸਿਵਲ ਮਿਲਟਰੀ ਗਜ਼ਟ }

ਕਬਿੱਤ

ਇੱਕ ਓਅੰਕਾਰ ਸਤਨਾਮ ਪਰਸਾਦਿ ਗੁਰ ਵਾਹਿਗੁਰੂ ਜੀਕੀ ਫਤੇਮੁਖਤੇ ਬੁਲਾਈਏ
ਲਿਖਤ ਸਮੂੰਹ ਪੰਥ ਗੁਜਰਾਂਵਾਲੇਵਾਲੇਨਾਲੇਜੋਗਜੀਦਲੀਪਸਿੰਘਮਹਾਰਾਜਾ ਭਾਈਏ
ਜਿੰਨਾਂਜਿੰਨਾਂ ਨਾਲਤੂੰਸਬੰਧਜਨਮਭੂਮਸੰਦਾਸਮਝਦਾਹੈਂਆਪਣਾਂਏਚਿੱਠੀਓਨਾਂਪਾਈਏ
†ਠਾਰਾਂਸੌਉਣਾਨਵੇਂਨੂੰਵਿਚਅਖਬਾਰਾਂਛਪਜੇੜ੍ਹੀ ਤੇਰੀਚਿਠੀ ਚਲਸਾਡੇਪਾਸ ਆਈਏ

ਦੋਹਰਾ–ਓਸ ਚਿੱਠੀ ਦਾ ਖੋਲ੍ਹਕੇ ਦੇਂਦੇ ਹਾਂ ਜਵਾਬ।
ਮਹਾਰਾਜ ਦਲੀਪ ਸਿੰਘ ਸੁਣਲੈ ਜਰਾ ਸ਼ਤਾਬ॥

ਤੇਰੇ ਬਾਪ ਦੀ ਅਤੇ ਅੰਗ੍ਰੇਜ਼ ਸੰਦੀ ਬਾਦਸ਼ਾਹੀ ਜਾਂ ਅਸੀਂ ਨਿਹਾਰ ਨੇ ਹਾਂ
ਕਰ ਮੁਕਾਬਲਾ ਨਿਗਾਹ ਇਨਸਾਫ ਦੀ ਕਰ ਬੈਠ ਦੋਹਾਂ ਨੂੰ ਜਦੋਂ ਵਿਚਾਰਨੇ ਹਾਂ
ਪਹਿਲੇ ਛੱਡਕੇ ਸਾਰੀਆਂ ਹੋਰ ਗੱਲਾਂ ਸੱਚੋ ਸੱਚ ਏਹ ਅਰਜ ਗੁਜ਼ਾਰਨੇ ਹਾਂ
ਤੇਰੀ ਚਿੱਠੀ ਨ ਲਗਦੀ ਪਿਆਰੀ ਸਾਨੂੰ ਨਿਗਾਹ ਓਸਦੀ ਵੱਲ ਨ ਧਾਰਨੇ ਹਾਂ
ਤੇਰੀ ਚਿੱਠੀਦੀ ਕਦਰ ਨ ਅਸੀਂ ਕਰੀਏ ਫੜ੍ਹ ਅਖਬਾਰ ਨੂੰ ਪੜਦੇ ਨ ਪਾੜਨੇ ਹਾਂ
ਕਰਕੇ ਅਸੀਂ ਖੁਸ਼ਾਮਦ ਅੰਗ੍ਰੇਜ਼ ਸੰਦੀ ਕੁਝ ਵਡਿਆਈ ਨ ਮੂੰਹੋਂ ਉਚਾਰਨੇ ਹਾਂ
ਤੇਰੇ ਬਾਪਦਾ ਵੇਖਕੇ ਰਾਜ ਤੇਰਾ ਕੰਬ ਕੰਬ ਕਰਕੇ ਭੁੱਬਾਂ ਮਾਰਨੇ ਹਾਂ
ਤੇਰੇ ਨਾਲ ਪਿਆਰ ਨ ਬਿਸ਼ਨ ਸਿੰਘਾ ਜਾਹ ਤੁਸਾਂ ਤੋਂ ਮੋਹ ਵਿਸਾਰਨੇ ਹਾਂ

*ਅਖਬਾਰਾਂ ਵਿਚ ਇਸ ਤਰਾਂ ਦੀ ਚਿਠੀ ਛਪੀ ਸੀ।
†ਸੰਨ ਈਸਵੀ ੨੦ ਜੂਨ।

[ਤਥਾ]

ਤੇਰੀ ਚਿੱਠੀ ਤੋਂ ਸਾਨੂੰ ਪਰਤੀਤ ਹੁੰਦਾ ਗੁੱਸੇ ਹੋ ਅੰਗ੍ਰੇਜ਼ ਤੋਂ ਆਇਆ
ਇਹ ਅਕਲ ਦੀ ਗੱਲ ਨ ਹਈ ਕੀਤੀ ਪਰ ਉਪਕਾਰ ਜੋ ਆਪ ਭੁਲਾਇਆ
ਗੁਸੇ ਕੀਤਾ ਹੈ ਜੇਹੜਾ ਸਰਕਾਰ ਤਾਈਂ ਇਹ ਭਲਾ ਨ ਕੰਮ ਕਮਾਇਆ
ਇਹ ਜੋਸ਼ ਚੜਾ ਨ ਸੱਕਦਾ ਹੈ ਜੋ ਕੁਝ ਲਿਖਕੇ ਸਾਨੂੰ ਸੁਣਾਇਆ

[ਤਥਾ]

ਅਸੀਂ ਦੋਸਤ ਹਾਂ ਸੱਚੇ ਸਰਕਾਰ ਸੰਦੇ ਅਸੀਂ ਦਿਲ ਦੇ ਵਿੱਚ ਪਛਾਣਦੇ ਹਾਂ
ਸਾਡੀ ਰੱਖਿਆ ਕਰੇਗੀ ਪੁਤਰਾਂ ਜਿਓਂ ਸਾਰੇ ਖਾਲਸਾ ਜੀ ਅਸੀ ਜਾਣਦੇ ਹਾਂ
ਗਰੀਬਾਂ ਤਾਕ ਵੀ ਰਾਜ ਅੰਗ੍ਰੇਜ਼ ਅੰਦਰ ਮੌਜਾਂ ਵਾਂਗ ਅਮੀਰਾਂ ਦੇ ਮਾਣਦੇ ਹਾਂ
ਤੇਰੇ ਬਾਪ ਦੇ ਰਾਜ ਦੀਆਂ ਬਿਸ਼ਨ ਸਿੰਘਾ ਗੱਲਾਂ ਖੋਲਕੇ ਅਸੀ ਬਖਾਣਦੇ ਹਾਂ

[ਤਥਾ]

ਤੁਹਾਡੇ ਰਾਜ ਵਿਚ ਪਰੰਜਾ ਸੀ ਦੁਖੀ ਕਿਤਨੀ ਤੁਸੀ ਆਪ ਹੀ ਮੁਨਸਬੀ ਨਾਲ ਦੇਖੋ
ਹਰ ਇਕ ਹੀ ਪਿੰਡ ਦੇ ਵਿਚ ਓਦੋਂ ਚਲਦੀ ਰਹਿੰਦੀ ਸੀ ਤੇਗ ਤੇ ਢਾਲ ਦੇਖੋ
ਨਾਲ ਲਹੂ ਦੇ ਭਰੀ ਤਲਵਾਰ ਰੈਂਹਦੀ ਹੁੰਦੀ ਰਹਿੰਦੀ ਸੀ ਹਾਲ ਹੀ ਹਾਲ ਦੇਖੋ
ਚੋਰ ਧਾੜਵੀ ਦਿਨੇ ਹੀ ਲੁਟਦੇ ਸਨ ਪਈ ਰਹਿੰਦੀ ਸੀ ਹਾਲ ਤੇ ਚਾਲ ਦੇਖੋ
ਐਥੋਂ ਤਕ ਸੀ ਉੱਨਤੀ ਵਿਦਿਆ ਦੀ ਮਹਾਰਾਜ ਸਰਕਾਰ ਦੇ ਲਾਲ ਦੇਖੋ
ਜੇਹੜਾ ਨਾਮ ਵੀ ਲੈਂਦਾ ਸੀ ਵਿਦਿਆ ਦਾ ਆ ਜਾਂਦਾ ਸੀ ਓਸਦਾ ਕਾਲ ਦੇਖੋ
ਓਸ ਵੇਲੇ ਦਾ ਨਾਮ ਹੀ ਸਿੰਘਾ ਸ਼ਾਹੀ ਅੱਜ ਤੱਕ ਬੋਲਦੇ ਨੇ ਬੋਲ ਚਾਲ ਦੇਖੋ
ਬੁਰਛੇ ਗਰਦੀਆਂ ਬੁਰਛਿਆਂ ਪਾਈਆਂ ਸੀ ਪੜ ਵਿਚ ਕਤਾਬਾਂ ਦੇ ਹਾਲ ਦੇਖੋ
ਗਰੀਬ ਪਰਜਾ ਦਾ ਨਿੱਤ ਹੀ ਆਣ ਕਰਕੇ ਹਾਕਮ ਕਰਦੇ ਸੀ ਬੁਰਾ ਹਵਾਲ ਦੇਖੋ
ਕੋਈ ਗੱਲ ਨ ਸੁਣਦਾ ਕਿਰਸਾਣਾਂ ਦੀ ਸੀ, ਸੀ ਨ ਹੋਂਵਦੀ ਚੋਰਾਂ ਦੀ ਭਾਲ ਦੇਖੋ
ਜੇ ਕੋਈ ਆਕੜ ਚ ਭੁਲ ਭੁਲੇਖੇ ਅਗੋਂ ਓਨੂੰ ਮਾਰਕੇ ਕਰਦੇ ਬਿਹਾਲ ਦੇਖੋ
ਗ੍ਰੀਬ ਲੋਗ ਵਿਗਾਰਾਂ ਦੇ ਵਿਚ ਫਸਕੇ ਸਦਾ ਖਾਂਵਦੇ ਰਹਿੰਦੇ ਸੀ ਗਾਲ ਦੇਖੋ
ਮੇਹਨਤ ਦੇਣੀ· ਤੇ ਓਸਨੂੰ ਰਹੀ ਕਿਧਰੇ ਸਗੋਂ ਰੱਖਦੇ ਭੁਖੇ ਬੇਹਾਲ ਦੇਖੋ
ਜੇ ਕੋਈ ਮੰਗਦਾ ਅਗੋਂ ਮਜੂਰੀ ਅਪਣੀ ਓਨੂੰ ਮਾਰਕੇ ਕਰਦੇ ਸੀ ਲਾਲ ਦੇਖੋ
ਚੋਰਾਂ ਤਾਈਂ ਤਾਂ ਥੋੜੇ ਕਸੂਰ ਬਦਲੇ ਕਤਲ ਕਰਦੇ ਸੀ ਪਕੜ ਉਤਾਲ ਦੇਖੋ
ਟੰਗਾਂ ਬਾਹਾਂ ਕੱਟੀਆਂ ਜਾਂਦੀਆਂ ਸੀ ਥੋੜਾ ਥੋੜਾ ਕਸੂਰ ਵਿਖਾਲ ਦੇਖੋ
ਸਤ ਤੋੜ, ਕੇ ਜੋਰ ਦੇ ਨਾਲ ਫੰੜਕੇ ਹਾਕਮ ਔਰਤਾਂ ਖੜਦੇ ਉਧਾਲ ਦੇਖੋ
ਕੈਦ ਵਿਆਹੀਆਂ ਹੁੰਦੀਆਂ ਮੱਲੋ ਮੱਲੀ ਇਹ ਪਰਜਾ ਦੀ ਸੀ ਪ੍ਰਿਤਪਾਲ ਦੇਖੋ
ਦਿਨੇ ਲੁੱਟੀ ਦੇ ਰਾਹੀ ਬਜਾਰ ਸੀਗੇ ਘੱਟਾ ਅੱਖੀਆਂ ਦੇ ਵਿਚ ਡਾਲ ਦੇਖੋ
ਇੱਜ਼ਤ ਵੱਡੇ ਸਰਦਾਰ ਦੀ ਲਾਹ ਦੇਂਦਾ ਇੱਕ ਨੌਕਰ ਪਿਆਦਾ ਕੰਗਾਲ ਦੇਖੋ
ਉਡ ਗਿਆ ਇਨਸਾਫ ਅਕਾਸ਼ ਨੂੰ ਸੀ ਗਰਕ ਗਿਆ ਸੀ ਜਾਂ ਪਤਾਲ ਦੇਖੋ

ਜੀਕੂੰ ਤੁਰਕਾਂ ਦੇ ਰਾਜ ਦੇ ਵੇਲੇ ਸੰਦੀ ਅਬ ਤਕ ਦੇਂਵਦੇ ਲੋਗ ਮਸਾਲ ਦੇਖੋ
"ਸੁਨ ਭਾਈ ਗੱਲ ਰਾਹਦੀ ਖਾਧੀ ਜਾਂਦਿ ਸੋ ਖਾਹ ਬਾਕੀ ਅਹਿਮਦ ਸ਼ਾਹ ਦੀ"
ਏਹੋ ਦਸ਼ਾ ਸੀ ਤੁਸਾਂ ਦੇ ਰਾਜ ਸੰਦੀ ਨਿਗਾਹ ਨਾਲ ਸਰਕਾਰ ਦੇ ਬਾਲ ਦੇਖੋ
"ਜਿਸਦੀ ਲਾਠੀ ਤੇ ਓਸਦੀ ਭੈਂਸ ਹੁੰਦੀ" ਇਹ ਇਨਸਾਫ ਦਾ ਹਾਲ ਕਮਾਲ ਦੇਖੋ
ਜੇਹੜੇ ਲੋਗ ਖੁਸ਼ਾਮਦੀ ਅਨਮਤੀ ਸੀ ਤੁਸਾਂ ਵੇਲੇ ਓਹ ਹੋਇ ਨਿਹਾਲ ਦੇਖੋ
ਬੜੇ ਔਹਦੇ ਤੇ ਨਾਲੇ ਜਗੀਰਾਂ ਮਿਲੀਆਂ ਹੋਬਿ ਮੋਨੇ ਕਮਾਲ ਖੁਸ਼ਾਲ ਦੇਖੋ
*ਹੋਇ ਅਨਮਤੀ ਮੁਲਕ ਦੇ ਰਾਜੇ ਸਾਰੇ ਜਰਾ ਕਰਕੇ ਮਹਾਰਾਜ ਖਿਆਲ ਦੇਖੋ
ਜਿੰਨਾਂ ਸਿੰਘਾਂ ਨੇ ਡੋਲਕੇ ਲਹੂ ਅਪਣਾ ਕੀਤੀ ਬੜੀ ਕਮਾਲ ਸੀ ਘਾਲ ਦੇਖੋ
ਓਨਾਂ ਸਿੰਘਾਂ ਪਿਆਰਿਆਂ ਸਾਰਿਆਂ ਨੂੰ ਰੱਖਯਾ ਵਾਂਗ ਕੰਗਾਲ ਬਠਾਲ ਦੇਖੋ
ਰਾਤ ਦਿਨੇ ਬੰਦੂਕ ਚਲਾ ਕਰਕੇ ਜਿਨਾਂ ਦਿਤੇ ਸੀ ਹੱਥ ਦਿਖਾਲ ਦੇਖੋ
ਬਾਦਸ਼ਾਹੀ ਬਣਾਈ ਸੀ ਆਪ ਸੰਦੀ ਸਿਰਾਂ ਅਪਨਿਆਂ ਤੇ ਜਫਰ ਜਾਲ ਦੇਖੋ
ਭੱਜੇ ਘੜੇ ਦੇ ਵਾਂਗ ਓਹ ਰਹੇ ਖਾਲੀ ਮਿਲਿਆ ਕਿਸੇ ਨੂੰ ਮੁਲਕ ਨ ਮਾਲ ਦੇਖੋ
ਇਨਾਂ ਗੱਲਾਂ ਦੇ ਕਰਦਿਆਂ ਮਹਾਰਾਜਾ ਸਾਡਾ ਹਿਲਦਾ ਹੈ ਵਾਲ ਵਾਲ ਦੇਖੋ
ਸਿਖਾਂ ਤੁਸਾਂ ਦਾ ਰਾਜ ਇਹ ਕੈਮ ਕੀਤਾ ਬੜੀਆਂ ਬੜੀਆਂ ਮੁਸੀਬਤਾਂ ਝਾਲ ਦੇਖੋ
ਦਸ ਓਨਾਂ ਦਾ ਕੀ ਹੈ ਬਨਿਆਂ ਹੋਇਆ ਜੇਹੜੇ ਆਪ ਲਈ ਹੋਇ ਸੀ ਦਾਲ ਦੇਖੋ
ਸਾਨੂੰ ਸਿਖਾਂ ਨੂੰ ਮੂਲ ਨ ਵਧਣ ਦਿਤਾ ਅਪਣੇ ਬਾਪਦਾ ਨਯਾਉਂ ਬਿਸਾਲ ਦੇਖੋ
ਸਾਨੂੰ ਵਿਦਿਆ ਤੋਂ ਬਿਨਾਂ ਗਰੀਬ ਖਾਲੀ ਮਰਨ ਮਾਰਨ ਨੂੰ ਰਖਿਆ ਉਠਾਲ ਦੇਖੋ
ਹੈ ਅਫਸੋਸ ! ਅਫਸੋਸ !! ਅਫਸੋਸ !!! ਭਾਰਾ ਸ਼ਾਹੀ ਆਪਦੀ ਉਤੇ ਰਸਾਲ ਦੇਖੋ
ਸਾਡਾ ਇਕੋ ਬਹਾਦਰ ਹੀ †ਹਰੀ ਸਿੰਘ ਜੀ ਹੋਯਾ ਤੁਸਾਂ ਦੇ ਲਈ ਹਲਾਲ ਦੇਖੋ
ਕੀਤੀ ਬਾਦਸ਼ਾਹੀ ਆਪਦੀ ਕੈਮ ਉਸਨੇ ਬੜੀਆਂ ਝਾਲ ਮੁਸੀਬਤਾਂ ਸਾਲ ਦੇਖੋ
ਤੇਰੇ ਬਾਪ ਕੀ ਓਸਦੇ ਨਾਲ ਕੀਤਾ ਆਖੇ ਡੋਗਰੇ ਲਗ ਚੰਡਾਲ ਦੇਖੋ
ਕਰੀ ਰੱਖਿਆ ਬਰਫ ਤੇ ਅੱਗ ਅੱਗੇ ਉਸ ਬਹਾਦਰ ਨੂੰ ਹਾੜ ਸਿਆਲ ਦੇਖੋ

---

*ਜਮਾਦਾਰ ਖੁਸ਼ਾਲ ਸਿੰਘ, ਰਾਜਾ ਤੇਜਾ ਸਿੰਘ ਮਿਸਰ ਬੇਲੀਰਾਮ, ਰਾਜ ਲਾਲ ਸਿੰਘ ਮਿਸਰ ਦੀਵਾਨ ਚੰਦ, ਰਾਜਾ ਦੀਨਾ ਨਾਥ, ਪੰਡਤ ਜੱਲਾ ਇਤਯਾਦਕ ਬ੍ਰਾਹਮਣ ਅਤੇ ਰਾਜਾ ਗੁਲਾਬ ਸਿੰਘ, ਰਾਜਾ ਧਯਾਨ ਸਿੰਘ, ਰਾਜਾ ਸੁਚੇਤ ਸਿੰਘ, ਰਾਜਾ ਹੀਰਾ ਸਿੰਘ, ਰਾਇ ਕੇਸਰੀਸਿੰਘ ਆਦਿਕ ਡੋਗਰੇ ਅਤੇ ਦੀਵਾਨ ਸੌਣ ਮਲ ਦੀਵਾਨ ਮੁਹਕਮ ਚੰਦ ਦੀਵਾਨ ਮੋਤੀ ਰਾਮ ਦੀਵਾਨ ਕਿਰਪਾ ਰਾਮ ਦੀਵਾਨ ਭਵਾਨੀ ਦਾਸ ਭਗਤ ਰਾਮ ਆਦਿਕ ਮੋਨੇ ਖੱਤ੍ਰੀ ਅਤੇ ਹੋਰ ਸ਼ੇਖ ਇਮਾਮ ਦੀਨ ਫਕੀਰ ਅਜੀਜ ਦੀਨ ਫਕੀਰ ਨੂਰ ਦੀਨ ਗਲੂ ਮਾਸ਼ਕੀ ਤੇ ਮੈਹਰ ਘਸੀਟਾਜਹੇ ਮੁਸਲਮਾਨ ਇਤਯਾਦਕ ਸਾਰੇ ਅਨਮਤੀ ਮੁਲਕਾਂ ਦੇ ਰਾਜੇ ਬਣਾ ਰਖੇ ਸਨ।

† ਨਲੂਆ

ਓੜਕ ਓਧਰੇ ਓਸਨੂੰ ਗਰਕ ਕੀਤਾ ਨਾਲ ਦੁਖ ਦੇ ਸਾੜ ਤੇ ਗਾਲ ਦੇਖੋ
ਪਿਛੋਂ ਲੁਟਿਆ ਓਸਦਾ ਘਰ ਸਾਰਾ ਕਿੜਾ ਭਾਣਾ ਵਰਤਾ ਜਾ ਕਰਾਲ ਦੇਖੋ
ਇਸੇ ਤਰਾਂ ਕੀ ਆਪ ਨੂੰ ਬਹੁਤ ਸਾਰੇ ਫੋਲ ਦਸੀਏ ਹਾਲ ਹਵਾਲ ਦੇਖੋ
ਸੰਧਾਂ ਵਾਲੀਆਂ, ਮਾਨ, ਮਜੀਠੀਆਂ ਨੇ ਤੇ ਅਟਾਰੀ ਨਿਵਾਸੀਆਂ ਫਾਲ ਦੇਖੋ
ਬੜੇ ਮੁਲਕ ਸੀ ਜਿਨਾਂ ਨੇ ਫਤੇ ਕੀਤੇ ਅਪਣੀਆਂ ਬਾਹਾਂ ਉਛਾਲ ਉਛਾਲ ਦੇਖੋ
ਓਨ੍ਹਾਂ ਵਿਚੋਂ ਵਧਾਯਾ ਹੈ ਕਿਸੇ ਤਾਈਂ ਤੇਰੇ ਬਾਪ ਨੇ ਆਪ ਕ੍ਰਿਪਾਲ ਦੇਖੋ
ਸੱਗੋਂ ਓਨ੍ਹਾਂ ਨੇ ਮੁਲਕ ਜੋ ਜਿੱਤੇ ਪਹਿਲੋਂ ਜੋਰ ਤੇਗ ਦੇ ਨਾਲ ਦਿਆਲ ਦੇਖੋ
ਤੇਰੇ ਬਾਪ ਨੇ ਆਪ ਓਹ ਖੋਹ ਲੀਤੇ ਪਾਯਾ ਸਿੱਖਾਂ ਦੇ ਘਰ ਵਬਾਲ ਦੇਖੋ
ਤੂੰ ਬੀ ਓਸੇ ਦਾ ਪੁੱਤ ਹੀ ਆਇਆ ਹੈਂ ਮਾਰ ਮਾਰ ਵਲੈਤ ਤੋਂ ਛਾਲ ਦੇਖੋ
ਓਹੋ ਜੇਹਾ ਸਲੂਕ ਹੀ ਨਾਲ ਸਾਡੇ ਏਥੇ ਆਇਕੇ ਕਰੇਂ ਹੜਤਾਲ ਦੇਖੋ
ਬ੍ਰਿਛ ਮੋਨਿਆਂ ਦਾ ਬੜਾ ਦ੍ਰਿੜ ਕੀਤਾ ਦਿੱਤਾ ਖਾਲਸੇ ਦਾ ਬੀਜ ਬਾਲ ਦੇਖੋ
ਪਾਰ ਸਤਲੁਜੋਂ ਵਾਲਿਆਂ ਦੁੱਖੀ ਹੋਕੇ ਤੇਰੇ ਬਾਪ ਤੋਂ ਖੌਫ ਖਾ ਤਾਲ ਦੇਖੋ
ਮਿਲਕੇ ਨਾਲ ਅੰਗ੍ਰੇਜ਼ ਅਰਾਮ ਪਾਯਾ ਗੋਯਾ ਆਪ ਨੂੰ ਲਿਆ ਜਿਵਾਲ ਦੇਖੋ
ਤੇਰੇ ਬਾਪ ਦੇ ਮਰੇ ਤੋਂ ਮਹਾਰਾਜਾ ਕਈਆਂ ਰਾਜਿਆਂ ਦਾ ਹੋਯਾ ਕਾਲ ਦੇਖੋ
ਚੇਤ ਸਿੰਘ ਮੋਯਾ, ਬੜਾ ਜ਼ੁਲਮ ਹੋਯਾ, ਮੋਯਾ ਕੌਰ ਸਿੰਘ ਨੌਂ ਨਿਹਾਲ ਦੇਖੋ
ਬੇਈਮਾਨਾਂ ਨੇ ਛੱਜਾ ਸੀ ਡੇਗ ਦਿਤਾ ਦਿਲ ਕੰਬਦਾ ਸੁਣਿਆਂ ਭੁਪਾਲ ਦੇਖੋ
ਸ਼ੇਰ ਸਿੰਘ ਪ੍ਰਤਾਪ ਸਿੰਘ ਕਤਲ ਹੋਏ ਸੰਧਾ ਵਾਲੀਏ ਹੋਇ ਰੁਲਾਲ ਦੇਖੋ
ਧਯਾਨ ਸਿੰਘ ਤੇ ਹੀਰਾ ਸਿੰਘ ਮੋਇ ਪਿਛੋਂ ਜਿਨਾਂ ਪਾਯਾ ਫਸਾਦ ਜੰਜਾਲ ਦੇਖੋ
ਕੌਰ ਸਿੰਘ ਕਸ਼ਮੀਰਾ ਪਸ਼ੌਰਾ ਸਿੰਘ ਜੀ ਕਤਲ ਹੋਇ ਸੀ ਦੇਸ ਨਿਕਾਲ ਦੇਖੋ
ਜ੍ਵਾਹਰ ਸਿੰਘ ਵਗੈਰਾ ਬਹਾਦਰਾਂ ਦੇ ਹੋਇ ਖੂੰਨ ਇਹ ਦੁਖ ਮਹਾਲ ਦੇਖੋ
ਤਵਾਰੀਖਾਂ ਦੇ ਵਿੱਚ ਏਹ ਹਾਲ ਐਸੇ ਸੀਨਾ ਸੁਟਦੇ ਨੇ ਸਾੜਾ ਜਾਲ ਦੇਖੋ
ਓੜਕ ਜਿਨਾਂ ਨੂੰ ਬੜਾ ਵਧਾਇਆ ਸੀ ਮਹਾਰਾਜ ਖਵਾਲ ਖਵਾਲ ਦੇਖੋ
ਓਹੋ ਲੁੱਟ ਖਜਾਨਾ ਲੈ ਗਏ ਜੰਮੂੰ ਭੈੜੇ ਡੋਗਰੇ ਨੂਹੇਂ ਬਿਆਲ ਦੇਖੋ
ਸ਼ਾਹੀ ਸਿਖਾਂ ਦੀ ਮੇਟ ਬਨਾਈ ਅਪਨੀ ਐਸੇ ਪਏ ਸੀ ਵਿਚ ਦਲਾਲ ਦੇਖੋ
ਜਿਨਾਂ ਬ੍ਰਾਹਮਣਾ ਗੁੱਡੀ ਅਕਾਸ਼ ਚਾੜ੍ਹੀ ਓਹੋ ਚੰਬੜੇ ਵਾਂਗ ਅਸਰਾਲ ਦੇਖੋ
ਧੋਖੇ ਦੇਕੇ ਸਿੰਘਾਂ ਬਹਾਦਰਾਂ ਨੂੰ ਲਾਇਆ ਓਨਾਂ ਤੇ ਦਾਗ ਜੰਗਾਲ ਦੇਖੋ
ਪਹਲੇ ਜੰਗ ਦੇ ਵਿਚ ਮਰਵਾ ਦਿਤੇ ਕੁਝ ਰੋੜ੍ਹੇ ਦਰਿਆ ਵਿੱਚ ਡਾਲ ਦੇਖੋ
ਇਹਨਾਂ ਮੋਨਿਆਂ ਪਾਪੀਆਂ ਸਾਰਿਆਂ ਨੇ ਦਿੱਤਾ ਸਿੱਖਾਂ ਨੂੰ ਜ਼ਹਿਰ ਪਿਆਲ ਦੇਖੋ
ਦਿਤੇ ਅਸਾਂ ਜਵਾਬ ਨੇ ਕਿਆ ਸੱਚੇ ਕਰਕੇ ਹੋਰ ਕੋਈ ਤੁਸੀ ਸਵਾਲ ਦੇਖੋ
ਲਿਆ ਸੱਦ ਅੰਗ੍ਰੇਜ਼ਾਂ ਨੂੰ ਬਿਸ਼ਨ ਸਿੰਘਾ ਸੁਣੀ ਪਰਜਾ ਦੀ ਆਪ ਅਕਾਲ ਦੇਖੋ
ਸਾਰੀ ਬਾਦਸ਼ਾਹੀ ਆਪਦੀ ਖੋਹ ਕਰਕੇ ਵਾਹਿਗੁਰੂ ਨਿਰੰਕਾਰ ਕਰਤਾਰ ਸੁਣਲੈ
ਦਿੱਤੀ ਓਸ ਸਰਕਾਰ ਅੰਗ੍ਰੇਜ਼ ਤਾਈਂ ਨਜਾਇਕਾਰੀ ਜੋ ਦਜਾਲੂ ਅਪਾਰ ਸੁਣਲੈ

ਇਸਨੇ ਪਰਜਾ ਨੂੰ ਸੁਖ ਨੇ ਬੜੇ ਦਿਤੇ ਬੜੀ ਲਾਈ ਹੈ ਮੌਜ ਬਹਾਰ ਸੁਣਲੈ
ਅਸੀ ਸਾਰੇ ਹੀ ਸੁਖੀ ਹਾਂ ਬਹੁਤ ਭਾਰੇ ਦੁਖੀ ਕੋਈ ਨ ਵਿੱਚ ਸੰਸਾਰ ਸੁਣਲੈ
ਹਾਕਮ ਸਾਰੇ ਹੀ ਨੇਕ ਤੇ ਭਲੇ ਮਾਣਸ ਕਰਦੇ ਪਰਜਾ ਦੇ ਨਾਲ ਪਿਆਰ ਸੁਣਲੈ
ਕਿਆ ਰੇਲ ਨੇ ਪਰਜਾ ਨੂੰ ਸੁਖ ਦਿਤਾ ਹੂਟੇ ਦੇਂਵਦੀ ਹੈ ਮਜ਼ੇਦਾਰ ਸੁਣਲੈ
ਦੂਰ ਦੂਰ ਦੀ ਖਬਰ ਹੈ ਝਟ ਦੇਂਦੀ ਦਿਤਾ ਤਾਰ ਸੰਸਾਰ ਨੂੰ ਤਾਰ ਸੁਣਲੈ
ਡਾਕ ਖਾਨਿਆਂ ਦਾ ਇੰਤਜ਼ਾਮ ਚੰਗਾ ਡਾਕ ਆਂਵਦੀ ਹੈ ਧੜਾ ਧਾੜ ਸੁਣਲੈ
ਹਸਪਤਾਲ ਸਰਕਾਰ ਦੇ ਮੁਫਤ ਖੁੱਲੇ ਹੁੰਦੇ ਸਭ ਦੇ ਇਲਾਜ ਹਜ਼ਾਰ ਸੁਣਲੈ
ਥਾਂ ਥਾਂ ਨੇ ਕਾਲਜ ਸਕੂਲ ਖੁੱਲੇ ਦਿੱਤਾ ਇਲਮ ਨੇ ਜਗਤ ਸੁਧਾਰ ਸੁਣਲੈ
ਸੜਕਾਂ ਪੱਕੀਆਂ ਰੋੜਾਂ ਤੇ ਪੱਥਰਾਂ ਕਰ ਹੈਣ ਨੱਕ ਦੀ ਸੇਧ ਨਿਹਾਰ ਸੁਣਲੈ
ਰੋੜ੍ਹ ਖੜਦੇ ਦਰਿਆ ਸੀ ਪਿੰਡਾਂ ਤਾਈਂ ਹੜ ਆਂਵਦੇ ਸੀ ਮਾਰੋ ਮਾਰ ਸੁਣਲੈ
ਬਸ ਓਨ੍ਹਾਂ ਦਰਿਆਵਾਂ ਤੋਂ ਨਿਕਲ ਕੂਕੇ ਲਾਈਨਹਿਰਾਂ ਬਹਾਰ ਗੁਲਜ਼ਾਰ ਸੁਣਲੈ
ਹੁਣ ਔੜ ਦੇ ਨਾਲ ਨ ਫਸਲ ਮਰਦੇ ਹਰ ਇਕ ਦੇ ਨਹਿਰਾਂ ਦਰਕਾਰ ਸੁਣਲੈ
ਐਨੇ ਫਸਲ ਤਮਾਮ ਨੇ ਦੇਸ ਹੁੰਦੇ ਮੌਜਾਂ ਲੁੱਟਦੇ ਨੇ ਜ਼ਿਮੀਦਾਰ ਸੁਣਲੈ
ਕਿਸੇ ਤਰਾਂ ਦਾ ਕਿਸੇ ਨੂੰ ਫਿਕਰ ਨਾਹੀਂ ਸਭ ਪਏ ਨੇ ਪੈਰ ਪਸਾਰ ਸੁਣਲੈ
ਮੌਤ ਫੰਡਾਂ ਦੇ ਬੰਕ ਤਮਾਮ ਖੁੱਲ੍ਹੇ ਲੈਂਦੇ ਦੇਂਦੇ ਸੁਧਾਰ ਉਧਾਰ ਸੁਣਲੈ
ਕਾਰਖਾਨਿਆਂ ਤੇ ਮਸ਼ੀਨਾਂ ਅੰਦਰ ਹੁੰਦੇ ਕਈ ਨੇ ਕਾਰ ਸਰਕਾਰ ਸੁਣਲੈ
ਏਸ ਰਾਜ ਦੇ ਵਿਚ ਦਲੀਪ ਸਿੰਘਾ ਖੁੱਲ੍ਹੇ ਬੜੇ ਨੇ ਕਾਰ ਰੁਜ਼ਗਾਰ ਸੁਣਲੈ
ਪੱਖੇ ਬਿਜਲੀ ਦੇ ਬਿਜਲੀ ਦੀ ਰੌਸ਼ਨੀ ਹੈ ਸਾਰੇ ਸ਼ਹਿਰਾਂ ਦੇ ਵਿਚ ਇਕਸਾਰ ਸੁਣਲੈ
ਪਾਣੀ ਸਾਫ਼ਹੈ ਸਾਰਿਆਂ ਨਲਕਿਆਂਦਾ ਛੇਤੀ ਨਿਕਲਦੀ ਨਿਰਮਲੀਧਾਰ ਸੁਣਲੈ
ਉਡਦੇ ਫਿਰਦੇ ਹਵਾਈ ਜਹਾਜ਼ ਸਾਰੇ ਲੈਂਦੇ ਕਲਾ ਦੇ ਨਾਲ ਉਤਾਰ ਸੁਣਲੈ
ਬਾਈ ਸਿਕਲ ਤੇ ਚਲਦੀਆਂ ਮੋਟਰਕਾਟਾਂ ਐਧਰ ਓਧਰਤੇ ਪਾਰ ਉਰਾਰ ਸੁਣਲੈ
ਸਭਨਾਂ ਸ਼ਹਿਰਾਂ ਦੀ ਰੌਣਕ ਅਪਾਰ ਵਧਗਈ ਸਾਫ ਗਲੀਆਂ ਤੇ ਕੂਚੇਬਜ਼ਾਰ ਸੁਣਲੈ
ਹਰ ਇਕ ਚੀਜ਼ ਹੈ ਹਰਇਕ ਸ਼ੈਹਿਰ ਅੰਦਰ ਹੁੰਦੇ ਸਾਫ ਨੇ ਵਣਜ ਬਪਾਰ ਸੁਣਲੈ
ਵਲ ਛਲ ਫਰੇਬ ਨਾ ਕੋਈ ਹੁੰਦਾ ਹੁੰਦੇ ਸਾਫ ਨੇ ਸਾਰੇ ਵਿਹਾਰ ਸੁਣਲੈ
ਹਰ ਕੋਈ ਆਪਣੇ ਮਜ਼ੁਬ ਤੇ ਧਰਮ ਸੰਧਾ ਨਾਲ ਸੁਖਦੇ ਕਰਦਾ ਪ੍ਰਚਾਰ ਸੁਣਲੈ
ਵਿੱਚ ਕੰਨ ਦੇ ਦੁਖ ਦੀ ਵਾਜ ਨਾਹੀਂ ਸੁਖੀ ਸਾਰੇ ਹੀ ਹਰ ਪਰਕਾਰ ਸੁਣਲੈ
ਚੋਰਾਂ ਡਾਕੂਆਂ ਦਾ ਡਰ ਨਹੀਂ ਕਿਧਰੇ ਦਿੱਤਾ ਸਭ ਨੂੰ ਅੰਗ੍ਰੇਜ਼ ਨੇ ਤਾੜ ਸੁਣਲੈ
ਜਿਧਰ ਜੀ ਚਾਹੇ ਸੋਨਾ ਉਛਾਲ ਦੇਹੀ ਲੰਘ ਜਾਂਦੇ ਨੇ ਖੌਫ ਵਿਸਾਰ ਸੁਣਲੈ
ਏਸ ਰਾਜ ਵਿਚ ਪਰਜਾ ਗਰੀਬ ਉਤੇ ਕਿਸੇ ਤਰਾਂ ਦਾ ਕੋਈ ਨ ਭਾਰ ਸੁਣਲੈ
ਬਾਦਸ਼ਾਹੀ ਫਿਰੰਗੀ ਕਿ ਤੁਸਾਂ ਸੰਦੀ ਚੰਗੀ ਕੇਹੜੀ ਹੈ ਨਾਲ ਵਿਚਾਰ ਸੁਣਲੈ
ਦੇਖ ਲਈਂ ਹੈ ਦੋਹਾਂ ਤੋਂ ਚੰਗੀ ਕੇਹੜੀ ਜ਼ਰਾ ਛੱਡਕੇ ਅਪਣਾ ਹੰਕਾਰ ਸੁਣਲੈ
ਐਸੀ ਚੰਗੀ ਸਰਕਾਰ ਦੇ ਉਲਟ ਹੋਣਾ ਮੂਰਖ ਤਾਈ ਹੈ ਕ੍ਰੋਧ ਨਿਵਾਰ ਸਣਲੈ

ਸਾਡੇ ਲਈ ਤਾਂ ਚੰਗੀ ਏ ਪਾਤਸ਼ਾਹੀ ਅਸਾਂ ਦਿਤਾਈ ਸੱਚ ਉਚਾਰ ਸੁਣਲੈ
ਸਾਡੀ ਕੇਹੜੀ ਸਹਾਇਤਾ ਤੂੰ ਆਣ ਕਰਨੀ ਸਾਡੀ ਹੈ ਸੁਕਾਰ ਮੱਦਤਗਾਰ ਸੁਣਲੈ
ਇਹਨਾਂ ਰੇਤ ਦੇ ਮੰਦਰਾਂ ਢਾਹ ਜਾਣਾ ਕਾਹਨੂੰ ਰਿਹਾ ਹੈਂ ਆਪ ਉਸਾਰ ਸੁਣਲੈ
ਸੁਖ ਨਾਲ ਖਾਹ ਬੈਠਕੇ ਬਿਸ਼ਨਸਿੰਘਾ ਕਰ ਸਦਾ ਨਿਰੰਕਾਰ ਨਿਰੰਕਾਰ ਸੁਣਲੈ
ਅਸੀਂ ਇੱਕ ਨ ਮੰਨੀਏਂ ਗਲ ਤੇਰੀ ਤੈਨੂੰ ਦੇਂਦੇ ਹਾਂ ਸੱਚ ਸੁਣਾ ਬੀਬਾ
ਤੇਰੇ ਬਾਪ ਤੇ ਵਡਿਆਂ ਦੇ ਰਾਜ ਵਿਚੋਂ ਸੁਖ ਲਏ ਜੋ ਅਸਾਂ ਨੇ ਪਾ ਬੀਬਾ
ਓਹੋ ਜਹੇ ਤੂੰ ਦੇਵੇਂਗਾ ਸੁਖ ਸਾਨੂੰ ਏਥੇ ਵਿਚ ਪੰਜਾਬ ਦੇ ਆ ਬੀਬਾ
ਸੱਚੀ ਗਲ ਤਾਂ ਲੱਗਦੀ ਬਹੁਤ ਕੌੜੀ ਤਾਂ ਵੀ ਦੇਂਦੇ ਹਾਂ ਸੱਚ ਬਤਾ ਬੀਬਾ
ਮੌਤ ਆਂਵਦੀ ਹੈ ਜਦੋਂ ਕੀੜੀ ਸੰਦੀ ਓਨੂੰ ਲਗਦੇ ਖੰਬ ਨੇ ਛਾ ਬੀਬਾ
ਓਹ ਉੱਡ ਖੜੋਂਦੀ ਅਕਾਸ ਵੰਨੀ ਓਹੋ ਗਲ ਤੂੰ ਦਿਤੀ ਵਿਖਾ ਬੀਬਾ
ਚੰਗੀ ਤਰਾਂ ਤੂੰ ਹਾਲ ਸਭ ਜਾਣਦਾ ਹੈਂ ਤੂੰ ਬੜਾ ਹੈਂ ਆਪ ਦਨਾ ਬੀਬਾ
ਜਿਨਾਂ ਤੁਸਾਂ ਦੀ ਸਾਰੀ ਹੀ ਬਾਦਸ਼ਾਹੀ ਦਿਤੀ ਘੱਟੇ ਦੇ ਵਿਚ ਰੁਲਾ ਬੀਬਾ
ਸੰਧਾਂ ਵਾਲੀਆਂ ਹੀ ਬਸ ਓਨਾ ਵਿਚੋਂ ਠਾਕਰ ਸਿੰਘ ਸਰਦਾਰ ਕਹਾ ਬੀਬਾ
ਬੈਠਾ ਦੇਖ ਅਰਾਮ ਦੇ ਨਾਲ ਤੈਨੂੰ ਸਹਿ ਸਕਿਆ ਸੁਖ ਨ ਕਾ ਬੀਬਾ
ਨਾਲ ਲੈਕੇ ਆਪਣੇ ਗਜਾਨੀ ਤਾਂਈ ਮਿਲਿਆ ਵਿੱਚ ਵਲੈਤ ਦੇ ਜਾ ਬੀਬਾ
ਕਈ ਤਰਾਂ ਦੀਆਂ ਦੱਸਕੇ ਗੱਲਾਂ ਤੈਨੂੰ ਅਤੇ ਅੰਮ੍ਰਿਤ ਪਿਲਾ ਛਕਾ ਬੀਬਾ
ਖਬਰੇ ਕਹੀ ਹੈ ਹਵਾ ਚੜ੍ਹਾਈ ਤੈਨੂੰ ਝਟ ਬੈਠੇ ਨੂੰ ਦਿਤਾ ਉਠਾ ਬੀਬਾ
ਗੱਲਾਂ ਦਸ ਅਜੇਹਾ ਫੁੱਲਾਯਾ ਤੈਨੂੰ ਗੁਡੀ ਦਿਤੀ ਅਕਾਸ਼ ਚੜ੍ਹਾ ਬੀਬਾ
ਜਿਸ ਦਾ ਫਲ ਤੂੰ ਭੋਗਦਾ ਪਿਆ ਫਿਰਨਾ ਧਕੇ ਦਰ–ਬਦਰ ਦੇ ਖਾ ਬੀਬਾ
ਬਾਦਸ਼ਾਹੀ ਮੁੜ ਤੇਰੀ ਹੈ ਗਰਕ ਕੀਤੀ ਦਿੱਤਾ ਤੈਨੂੰ ਫਕੀਰ ਬਣਾ ਬੀਬਾ
ਜੇ ਤੂੰ ਬਾਗੀ ਸਰਕਾਰ ਤੋਂ ਹੋ ਆਇਓਂ ਕੀਤੀ ਅਕਲ ਦੀ ਗੱਲ ਨ ਵਾਹ ਬੀਬਾ
ਅਕਲ ਥੋੜੀ ਵੀ ਜੇੜਾ ਕੋਈ ਰੱਖਦਾ ਹੈ ਸਾਡੇ ਵਿਚੋਂ ਦਨਾ ਭਰਾ ਬੀਬਾ
ਓਹ ਤੇਰੀ ਸਹਾਇਤਾ ਦਾ ਨਾਮ ਕਿਧਰੇ ਨਹੀਂ ਲੈਂਦਾ ਹੈ ਦੇਸੀ ਜਣਾ ਬੀਬਾ
ਰੱਖ ਕੋਈ ਉਮੈਦ ਨ ਤੂੰ ਸਾਥੋਂ ਅਸੀਂ ਦੇਂਦੇ ਈਂ ਸੱਚ ਅਲਾ ਬੀਬਾ
ਤੇਰੀ ਚਿੱਠੀ ਦੀ ਦੇਸੀ ਵੀ ਕੋਈ ਰਾਜਾ ਨਹੀਂ ਕਰਦਾ ਈ ਰਤਾ ਪਰਵਾਹ ਬੀਬਾ
ਤੇਰੇ ਦਰਦੀ ਹੋ ਦਿਲ ਦੇ ਨਾਲ ਤੈਨੂੰ ਅਸੀਂ ਦੇਂਦੇ ਹਾਂ ਸੱਚੀ ਸਲਾਹ ਬੀਬਾ
ਏਧਰ ਆਣਕੇ ਤੂੰ ਹੈ ਕੀ ਲੈਣਾ ਜਾਹ ਦੌੜ ਵਲੈਤ ਨੂੰ ਧਾ ਬੀਬਾ
ਤੇਰੀ ਪਾਲਣਾ ਪਈ ਸਰਕਾਰ ਕਰਦੀ ਬੈਠ ਨਾਲ ਅਰਾਮ ਦੇ ਖਾਹ ਬੀਬਾ
ਐਡਾ ਪੁਆੜਾ ਏ ਆਪਣੇ ਗਲ ਅੰਦਰ ਕਾਨੂ ਪਾਯਾ ਈ ਖਾਹ ਮੁਖਾਹ ਬੀਬਾ
ਕੋਈ ਆਨਾ ਨ ਦੇਣ ਨੂੰ ਤਯਾਰ ਤੈਨੂੰ ਜਾਹ ਖਾਹ ਕਮਾ ਖੁਆ ਬੀਬਾ
ਤਵਾਰੀਖਾਂ ਕਤਾਬਾਂ ਤਮਾਮ ਬਣੀਆਂ ਜਾਹ ਪੁਛ ਜਾਂ ਪੜ ਪੜ੍ਹਾ ਬੀਬਾ
ਅਪਣੀ ਸ਼ਾਹੀ ਤੇ ਸ਼ਾਹੀ ਅੰਗ੍ਰੇਜ਼ ਸੰਦੀ ਜਰਾ ਦੋਹਾਂ ਨੂੰ ਤੋਲ ਤੁਲਾ ਬੀਬਾ

ਐਬ ਗੁਣ ਤੂੰ ਨਿਰਣੇ ਕਰ ਦੋਹਾਂ ਸੰਦੇ ਦਿਲੋਂ ਵੈਰ ਨੂੰ ਦੇਹ ਭੁਲਾ ਬੀਬਾ
ਤੇਰੀ ਚੰਗੀ ਕਿ ਚੰਗੀ ਫਰੰਗੀ ਸੰਦੀ ਲੈ ਆਪ ਤੂੰ ਪਰਖ ਪਰਖਾ ਬੀਬਾ
ਜਾਹ ਮੁੜ ਵਲੈਤ ਨੂੰ ਦੌੜ ਛੇਤੀ ਮਾਫੀ ਮੰਗ ਗੁਨਾਹ ਬਖਸ਼ਾ ਬੀਬਾ
ਸਾਨੂੰ ਪੱਕੀ ਉਮੈਦ ਸਰਕਾਰ ਉਤੇ ਮਾਫ ਕਰੇਗੀ ਤੇਰੇ ਗੁਨਾਹ ਬੀਬਾ
ਅਗੇ ਵਾਂਗ ਹੀ ਕਰੇ ਪ੍ਰਤਿਪਾਲ ਤੇਰੀ ਤੈਨੂੰ ਲਏ ਵਲੈਤ ਬਹਾ ਬੀਬਾ
ਇਹ ਮਤ ਜੇ ਸਾਡੀ ਤੂੰ ਲੈ ਲੀਤੀ ਸੁਖ ਪਾਏਂਗਾ ਬੈਠ ਸਦਾ ਬੀਬਾ
ਅਤੇ ਅਸੀਂ ਵੀ ਸਿੰਘ ਪੰਜਾਬ ਵਾਸੀ ਸਦਾ ਬਹਾਂਗੇ ਖੁਸ਼ੀ ਮਨਾ ਬੀਬਾ
ਜੇ ਨ ਮੰਨੇਗਾ ਸਾਡੀ ਤੇ ਜਾਣੇ ਤੂੰਹੇ ਸਾਡੀ ਜਾਣੇ ਬਲਾ ਬਲਾ ਬੀਬਾ
ਐਪਰ ਕਦੀ ਵੀ ਚਿੱਠੀ ਕੋਈ ਇਸ ਤਰਾਂ ਦੀ ਸਾਡੀ ਵੱਲ ਨ ਦੇਵੀਂ ਪਠਾ ਬੀਬਾ
ਰੱਬ ਮੰਨ ਸਰਕਾਰ ਨੂੰ ਬਿਸ਼ਨ ਸਿੰਘਾ ਸੱਚੇ ਦਿਲ ਦੇ ਨਾਲ ਧਿਆ ਬੀਬਾ

[ਮਹਾਰਾਜੇ ਦਲੀਪ ਸਿੰਘ ਨੇ ਮੁੜਕੇ ਵਲੈਤ ਨੂੰ ਜਾਣਾ ਅਤੇ ਮਰਨਾ]

ਰੂਸ ਜਰਮਨ ਫਰਾਂਸ ਵਲੈਤਾਂ ਅੰਦਰ ਪਿਆ ਫਿਰਦਾ ਮਹਾਰਾਜ ਉਦਾਸ ਪਯਾਰੇ
ਜਿਨਾਂ ਕੀਤਾ ਇਕਰਾਰ ਸੀ ਮੱਦਤ ਸੰਦਾ ਲਗੇ ਕਰਨ ਓਹ ਹਾਸ ਬਿਲਾਸ ਪਯਾਰੇ
ਬਚਨ ਪਾਲਦੇ ਅਗੋਂ ਨਾ ਓਹ ਦੇਖੋ ਸਗੋਂ ਕਰਨ ਮਖੌਲ ਤੇ ਹਾਸ ਪਯਾਰੇ
ਇਤਨੇ ਚਿਰਨੂੰ ਚਿੱਠੀ ਏ ਆਣ ਪਹੁੰਚੀ ਪੜਕੇ ਹੋਇ ਮਹਾਰਾਜ ਨਿਰਾਸ ਪਯਾਰੇ
ਅੱਖਾਂ ਅਗੇ ਹਨੇਰ ਗੁਬਾਰ ਛਾਯਾ ਰਿਹਾ ਖਾਣ ਨੂੰ ਕੁਝ ਨ ਪਾਸ ਪਯਾਰੇ
ਸੁਣਕੇ ਮਲਕਾਂ ਮਹਾਰਾਣੀ ਨੇ ਤਰਸ ਖਾਧਾ ਕੀਤਾ ਹੁਕਮ ਹੈ ਆਪ ਪ੍ਰਕਾਸ਼ ਪਯਾਰੇ
ਮਾਫੀ ਮੰਗ ਲੈ ਆ ਵਲੈਤ ਅੰਦਰ ਹੋ ਜਾਣਗੇ ਕੰਮ ਫਿਰ ਰਾਸ ਪਯਾਰੇ
ਪ੍ਰਿੰਸ ਵਿਕਟਰ ਦਲੀਪਸਿੰਘ ਪੁਤ੍ਰਆਯਾ ਨਾਲੇ ਪਾਸ ਮਹਾਰਾਜ ਦੇ ਖਾਸ ਪਯਾਰੇ
ਬਸ ਉਸਦੇ ਸਮਝਾਇ ਦਲੀਪ ਸਿੰਘ ਨੇ ਕੀਤਾ ਫੇਰ ਵਲੈਤ ਨਿਵਾਸ ਪਯਾਰੇ
ਮਾਫੀਮੰਗਲਈ ਪਾਰਲੀਮਿੰਟਕੋਲੋਂ ਸਭਨਾ ਝਗੜਿਆਂ ਦਾ ਕੀਤਾ ਨਾਸ ਪਿਆਰੇ
ਅਗੇ ਵਾਂਗ ਵਲੈਤ ਵਿਚ ਸੁਖ ਪਾਯਾ ਹੋਕੇ ਰਿਹਾ ਸਰਕਾਰ ਦਾ ਦਾਸ ਪਿਆਰੇ
ਓੜਕ ਅਜਲ ਨੇ ਗਜਲ ਹੈ ਆਨਮਾਰੀ ਚੁਕ ਗਏ ਨੇ ਸਭ ਇਤਹਾਸ ਪਿਆਰੇ
ਉੱਨੀ ਸੌ ਪੰਜਾਹ ਵਿਚ ਬਿਕ੍ਰਮੀ ਦੇ ਬਸ ਹੋਇ ਮਹਾਰਾਜ ਦੇ ਸਾਸ ਪਿਆਰੇ
ਨੌਂ ਕੱਤਕ ਦਲੀਪ ਸਿੰਘ ਬਿਸ਼ਨ ਸਿੰਘਾ ਕੀਤਾ ਵਿਚ ਸਵਰਗ ਦੇ ਵਾਸ ਪਿਆਰੇ

[ਮਹਾਰਾਜਾ ਦਲੀਪ ਸਿੰਘ]

ਬਹੁਤ ਸੁੰਦਰ ਮਹਾਰਾਜਾ ਦਲੀਪ ਸਿੰਘ ਏ ਲੰਮਾ ਕੱਦ ਦਾ ਹੋ ਅਪਾਰ ਗਿਆ
ਬੜਾ ਨਿਮ੍ਰ ਸੁਭਾਵ ਤੇ ਭਗਤ ਹਰਿ ਦਾ ਸਾਰੀ ਉਮਰ ਪ੍ਰਾਧੀਨ ਗੁਜਾਰ ਗਿਆ
ਜੀ. ਸੀ. ਐਸ. ਆਈ. ਪਦਵੀ ਪਾ ਕਰਕੇ ਮਰਕੇ ਲੰਡਨ ਗੁਰਪੁਰੀਸਿਧਾਰ ਗਿਆ
ਸਾਰੇ ਸਾਲ ਪਚਵਿੰਜਾ ਤੇ ਡੂਢ ਮਹੀਨਾ ਉਮਰ ਭੋਗ ਕੇ ਛੱਡ ਸੰਸਾਰ ਗਿਆ

*ਦੋ ਪੁਤਰ, ਤਿੰਨ ਧੀਆਂ, ਦੋ ਰਾਣੀਆਂ ਨੂੰ ਛੱਡ ਵਿੱਚ ਵਲੈਤ ਪਧਾਰ ਗਿਆ
ਮੁਲਕਾਂ ਦੇਖਣ ਦਾ ਬੜਾ ਸੀ ਸ਼ੌਕ ਇਸਨੂੰ ਏਸੇ ਸ਼ੌਕ ਵਿਚ ਦੌਲਤ ਉਜਾੜ ਗਿਆ
ਜਦੋਂ ਗਿਆ ਫਰਾਂਸ ਨੂੰ ਸੈਲ ਸੀਗਾ ਪੈਰਸ ਸ਼ੈਹਰ ਵਿਚ ਜਾਕੇ ਹਾਰ ਗਿਆ
ਪੈਰਸ ਸ਼ੈਹਰ ਦੀ ਇਕ ਸਰਾਂਇ ਅੰਦਰ ਹੋ ਸਰਸਾਂਮ ਦੇ ਨਾਲ ਬਿਮਾਰ ਗਿਆ
ਸੁਖੀ ਹੋਯਾ ਸੰਸਾਰ ਤੋਂ ਅੰਤ ਬਾਕੀ ਕਾਗਜ਼ ਝਗੜਿਆਂ ਦੇ ਸਭ ਪਾੜ ਗਿਆ
†ਆਕੇ ਵਿਚ ਸੰਸਾਰ ਦੇ ਬਿਸ਼ਨ ਸਿੰਘਾ ਨ ਕੋਈ ਰੱਜਕੇ ਪੈਰ ਪਸਾਰ ਗਿਆ

[ਸਰਕਾਰ ਅੰਗ੍ਰੇਜ਼ੀ ਦਾ ਧੰਨਵਾਦ]

ਤੇਰੇ ਰਾਜ ਵਿਚ ਸੁਖੀ ਹਾਂ ਮੈਂ ਬੈਠਾ ਧੰਨਵਾਦ ਤੇਰਾ ਮਹਾਰਾਜ ਹੋਵੇ
ਬੜਾ ਚੰਗਾ ਸਰਕਾਰ ਅੰਗ੍ਰੇਜ਼ ਸੰਦਾ ਜੁਗੋ ਜੁਗ ਅਟੱਲ ਏਹ ਰਾਜ ਹੋਵੇ
ਮੈਂ ਏਹੋ ਹੀ ਪਿਆ. ਅਸੀਸ ਦਿਆਂ ਉਦੇ ਅਸਤ ਤਕ ਰਾਜ ਬਿਰਾਜ ਹੋਵੇ
ਦਿਨੋ ਦਿਨ ਮੁਰਾਤਬਾ ਵਧੇ ਤੇਰਾ ਤੇਰਾ ਚੌਗੁਣਾ ਸਾਜ ਸਮਾਜ ਹੋਵੇ
ਸਾਰੀ ਦੁਨੀਆਂ ਦਾ ਬਨੇ ਤੂੰ ਆਪ ਮਾਲਕ ਸਿਰ ਤੇਰੇ ਤੇ ਹੀ ਸਿਰਤਾਜ ਹੋਵੇ
ਏਸ ਜੰਗ ਤੋਂ ਵੀ ਫਤੇ ਮਿਲੇ ਤੈਨੂੰ ਤੇਰਾ ਸਾਗਰੋਂ ਪਾਰ ਜਹਾਜ ਹੋਵੇ
ਪਏ ਖਾਹ ਮੁਖਾਹ ਜੋ ਮਗਰ ਤੇਰੇ ਤੇਰੇ ਦੁਸ਼ਮਣਾਂ ਦਾ ਅੱਜ ਖਾਜ ਹੋਵੇ
ਸਦਾ .ਰਹੇਂ ਸਲਾਮਤੀ ਬਿਸ਼ਨ ਸਿੰਘਾ ਮੇਰੀ ਵੱਲੋਂ ਏਹ ਸਦਾ ਅਵਾਜ ਹੋਵੇ

[ਮੇਰਾ ਬਿਸ੍ਰਾਮ ਖਾਲਸਾ ਕਾਲਜ ਅਮ੍ਰਿਤਸਰ]

ਰਾਤ ਦਿਨੇ ਹਾਂ ਜਿਥੇ ਨਿਵਾਸ ਕਰਦਾ ਪਤਾ ਆਪਣਾ ਠੀਕ ਉਚਾਰ ਦਾ ਮੈਂ
ਖਾਸ ਖਾਲਸਾ ਕਾਲਜ ਮੁਕਾਮ ਹੈ ਜੋ ਅਮ੍ਰਿਤਸਰ ਪੰਜਾਬ ਪੁਕਾਰਦਾ ਮੈਂ
ਬਸ ਠੀਕ ਨਿਵਾਸ ਹਮੇਸ਼ ਏਥੇ ਸੇਵਕ ਸੱਚਾ ਹਾਂ ਸਿੱਖ ਸਰਕਾਰ ਦਾ ਮੈਂ
ਕਾਲਜ ਖਾਲਸਾ ਵਿਚ ਪੜ੍ਹਾਂਵਦਾ ਹਾਂ ਧਰਮ ਵਿੱਦਜਾ ਆਪ ਪ੍ਰਚਾਰ ਦਾ ਮੈਂ
ਬੜਾ ਪੜ੍ਹਨ ਪੜ੍ਹਾਉਨ ਦਾ ਸ਼ੌਕ ਮੈਨੂੰ ਗੁਰੂ ਘਰ ਦੇ ਗ੍ਰੰਥ ਵਿਚਾਰ ਦਾ ਮੈਂ
ਗੁਰੂ ਘਰ ਦੀ ਕਵਿਤਾ ਦਾ ਸ਼ੌਕ ਮੈਨੂੰ ਹੋਰ ਗੱਲ ਨ ਚਿਤ ਚਿਤਾਰ ਦਾ ਮੈਂ
ਬਾਰ ਬਾਰ ਅਕਾਲ ਦਾ ਸ਼ੁਕਰ ਕਰਕੇ ਨਾਲ ਸੁਖ ਦੇ ਸਮਾਂ ਗੁਜਾਰ ਦਾ ਮੈਂ
ਗੁਰੂ ਖਾਲਸੇ ਪੰਥ ਤੋਂ ਬਿਸ਼ਨ ਸਿੰਘਾ ਤਨ ਮਨ ਏਹ ਆਪਣਾ ਵਾਰਦਾ ਮੈਂ

---

* ਪ੍ਰਿੰਸ ਵਿਕਟਰ ਦਲੀਪ ਸਿੰਘ ਤੇ ਪ੍ਰਿੰਸ ਫਰੈਡਰਕ ਦਲੀਪ ਸਿੰਘ ਦੂਜੀ ਰਾਣੀ ਵਿਚੋਂ ਸਨ, ਬੰਬਾ, ਕੈਥਰਾਇਨ,ਸੋਨੀ,ਪਹਿਲੀ ਰਾਣੀ ਵਿਚੋਂ ਸਨ।

†ਮਹਾਰਾਜ ਦੀ ਲੋਥ ਵਲੈਤ ਵਿਚ ਲਿਆਕੇ ਮਹਿਲ ਅਲਵੀਡਨ ਵਿਚ ਜਿਥੇ ਮਹਾਰਾਜ ਦੀ ਵੱਡੀ ਰਾਣੀ ਦੱਬੀ ਹੋਈ ਸੀ ਦੱਬ ਦਿਤੀ,ਅਤੇ ਇਹ ਮੁਹਰਲੀ ਗਲ ਪੱਥਰ ਉਤੇ ਉੱਕਰ ਕੇ ਕਬਰ ਉਤੇ ਲਾ ਦਿਤੀ:–"ਦਲੀਪ ਸਿੰਘ ਮਹਾਰਾਜਾ ਵਾਲੀ ਲਾਹੌਰ ਜੀ. ਸੀ. ਐਸ. ਆਈ ਨੇ ੪ ਸਤੰਬਰ ਸੰ: ੧੮੩੮ ਈ: ਨੂੰ ਪੈਦਾ ਹੋਕੇ ੨੨ ਅਕਤੂਬਰ ਸੰ: ੧੮੯੬ ਨੂੰ ਮ੍ਰਿਤੂ ਪਾਈ।"

["ਪਿੰਡ ਲੱਖੂਵਾਲ, ਤਸੀਲ ਅਜਨਾਲਾ, ਜ਼ਿਲਾ ਅਮ੍ਰਿਤਸਰ"]

ਲੱਖੂਵਾਲ ਅਜਨਾਲਾ ਤੇ ਅਮ੍ਰਿਤਸਰ ਜੀ ਦੂਜਾ ਏਹ ਹੈ ਪਤਾ ਨਿਸ਼ਾਨ ਮੇਰਾ
ਪਿਤਾ ਸ੍ਰੀ ਬੁਲਾਕਾ ਸਿੰਘ ਮਾਤ ਭਾਗੋ, ਲੱਖੂਵਾਲ ਹੈ ਜਨਮ-ਸਥਾਨ ਮੇਰਾ
ਤਿੰਨ ਖੂਹ ਨੇ ਅਸਾਂ ਦੇ ਵੱਡਿਆਂ ਦੇ ਜਿਮੀ ਬਹੁਤ ਹਵੇਲੀ ਮਕਾਨ ਮੇਰਾ
ਹਾਲੀ ਖਾਲਸਾ ਕਾਲਜ ਰਹਾਂਵਦਾ ਹਾਂ ਪਿੰਡ ਘੱਟ ਹੈ ਆਨ ਤੇ ਜਾਨ ਮੇਰਾ
ਛੋਟੀ ਉਮਰ ਤੋਂ ਹੀ ਏ ਬੜਾ ਭਾਰਾ ਲਿਖਣ ਪੜ੍ਹਨ ਦੇ ਵਲ ਧਿਆਨ ਮੇਰਾ
ਕਾਵਜ ਪਿੰਗਲ ਜੋ ਗਿਆ ਪੜ੍ਹਾ ਮੈਨੂੰ ਸੀ ਉਸਤਾਦ ਵੱਡਾ ਵਿੱਦਵਾਨ ਮੇਰਾ
ਸੰਤ ਸਿੰਘ ਤੇ ਚਰਨ ਸਿੰਘ ਬੜਾ ਭਾਰਾ ਏ ਉਸਤਾਦ ਦੂਜਾ ਬੁਧਿਮਾਨ ਮੇਰਾ
ਮਾਈ ਬ੍ਰਿਧ ਤੇ ਆਤਮਾ ਸਿੰਘ ਵੱਡਾ ਏ ਭਾਈ ਹੈ ਸੰਤ ਸਮਾਨ ਮੇਰਾ
ਨੌਂ ਭਾਦਰੋਂ ਤੇ ਉੱਨੀ ਸੌ * ਚਾਲੀ ਹੋਯਾ ਜਨਮ ਜਹਾਨ ਤੇ ਆਨ ਮੇਰਾ
ਛੋਟਾ ਚਾਚਾ ਵਸਾਵਾ ਸਿੰਘ ਦੂਰ ਰਹਿੰਦਾ ਉਪਮਾ ਜੋਗ ਵੱਡਾ ਸ੍ਰੀ ਮਾਨ ਮੇਰਾ
ਲੌਂਗੋਪੂ, ਮਨੀਲਾ, ਅਮਰੀਕਾ ਤਜਕੇ ਤੁਰਿਆ ਦੇਸ ਨੂੰ ਹੈ ਬਚਨ ਮਾਨ ਮੇਰਾ
ਮੈਂ ਓਹਦਾ ਗ਼ੁਲਾਮ ਹਾਂ ਬਿਸ਼ਨ ਸਿੰਘਾ ਜੇਹੜਾ ਰਾਖਾ ਹੈ ਗੁਰੂ ਭਗਵਾਨ ਮੇਰਾ

[ਕਵੀ]

ਕਈਆਂ ਪੁਸਤਕਾਂ ਦਾ ਸਾਰ ਸਾਰ ਲੈਕੇ ਏਸ ਪੁਸਤਕ ਨੂੰ ਮੈਂ ਬਣਾਇਆ ਜੇ
ਕਨਿੰਘਮ ਸਾਹਿਬ ਮਹਾਤਮਾਂ ਆਦਿਕਾਂ ਦਾ ਤੱਤ ਕੱਢਕੇ ਇਹ ਦਿਖਾਇਆ ਜੇ
ਰਤਨ ਸਿੰਘ ਨਿਹਾਲ ਸਿੰਘ ਆਦਿਕਾਂ ਨੇ ਸੱਚਾ ਸਿੰਘਾਂ ਦਾ ਲੇਖ ਲਿਖਾਇਆ ਜੇ
ਸੰਤ ਸਿੰਘ ਸੁਮੇਰ ਸਿੰਘ ਚਰਨ ਸਿੰਘ ਜੀ, ਮੈਂ ਲਿਖਿਆ ਜੋ ਫੁਰਮਾਇਆ ਜੇ
†ਗਯਾਨਸਿੰਘਜੀ ਗਯਾਨੀ ਪਟਯਾਲਾਜੀਦੇ ਬੜਾਪੁਸਤਕੋਂ ਲਾਭਉਠਾਇਆ ਜੇ
ਸ਼ਾਹ ਮੁਹੰਮਦ ਦੇ ਬੈਂਤ ਵੀ ਹੈਨ ਰਖੇ ਜਿਥੇ ਸਿੰਘਾਂ ਨੇ ਜੰਗ ਮਚਾਇਆ ਜੇ
ਸੁਣੇ ਹੋਇ ਕਈ ਹਾਲ ਬਜ਼ੁਰਗਾਂ ਪਾਸੋਂ ਓਨਾਂ ਤਾਈਂ ਵੀ ਮੈਂ ਰਚਾਇਆ ਜੇ
ਮਹਾਰਾਜ ਏ ਖਾਲਸਾ ਬਿਸ਼ਨ ਸਿੰਘਾ ਪੰਜਵਾਂ ਹਿੱਸਾ ਜੋ ਮੈਂ ਛਪਾਇਆ ਜੇ

ਇਤਿ

---

*ਸੰ: ਬਿਕ੍ਰਮੀ

† ਮੈਂ ੨੪ ਅਗਸਤ ੧੯੧੭ ਨੂੰ ਆਪ ਦੇ ਮਿਲਾਪ ਵਾਸਤੇ ਬਾਗੜੀਆਂ ਤੋਂ ਹੁੰਦਾ ਹੋਇਆ ਆਪ ਪਾਸ ਆਯਾ ਆਪ ਬੜੇ ਹਿਤ ਨਾਲ ਮਿਲੇ, ਮੈਂ ਜੇਹੜੀ ਪੰਜਾਬੀ ਬੈਂਤਾਂ ਵਿਚ ਇਹ ਪੁਸਤਕ ਬਣਾਈ ਹੈ ਆਪ ਦੀ ਤਵਾਰੀਖ ਤੋਂ ਬਹੁਤ ਮੱਦਤ ਲਈ ਹੈ, ਕਈ ਜਗਾ ਮੈਂ ਕਵਿਤਾ ਨਹੀਂ ਬਣਾਈ ਓਥੇ ਆਪ ਦੀ ਇਬਾਰਤ ਹੀ ਲਿਖ ਦਿਤੀ ਹੈ। (ਕਰਤਾ)

ਬਾਈਵਾਰਾਂ ਸਟੀਕ

ਖਾਲਸਾ ਸਮਾਚਾਰ ਅੰਮ੍ਰਿਤਸਰ ੩੧ ਜਨਵਰੀ ੧੯੧੮

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੀਆਂ ੨੨ ਵਾਰਾਂ ਦਾ ਟੀਕਾ ਕ੍ਰਿਤ ਭਾਈ ...ਸ਼ਨ ਸਿੰਘ ਜੀ ਗਿਆਨੀ ਅਧਜਾਪਕ ਖਾਲਸਾ ਕਾਲਜ ਪ੍ਰਕਾਸ਼ਤ ਹੋਇਆ ਸਾਡੇ ...ਸ ਪੁਜਾ ਇਸ ਵਿਚ ਉਪਰ ਮੂਲ ਦੀ ਹਰ ਤੁਕ ਮੋਟੇ ਤੇ ਅਰਥ ਬਰੀਕ ਟਾਇਪ ...ਵਚ ਤੁਕ ਤੁਕ ਦੇ ਵੱਖ ਵੱਖ ਦਿਤੇ ਗਏ ਹਨ ਤਤਕਰਾ ਭਾਵਾਰਥ ਔਖੇ ਪੱਦਾਂ ਦੇ ਅਰਥ ਤੇ ਉਥਾਨਕਾ ਵੀ ਦਿੱਤੀ ਹੈ।

ਪੁਸਤਕ ਮੇਹਨਤ ਨਾਲ ਤਿਆਰ ਕੀਤੀ ਜਾਪਦੀ ਹੈ ਪੰਨੇ ੮੩੦ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

ਬਾਈਵਾਰਾਂ ਸਟੀਕ

ਛਪਕੇ ਵਿਕ ਗਈਆਂ ਹਨ ਕੇਵਲ ਥੋੜੀਆਂ ਜੇਹੀਆਂ ਪੁਸਤਕਾਂ ਰਹਿ ਗਈਆਂ ਹਨ। ਭਾਵਾਰਥ ਉਥਾਨਕਾ ਤਤਕਰੇ ਇੰਡੈਕਸ ਸਹਿਤ ਇੱਕ ਇੱਕ ਸਤਰ ਦਾ ਇਹ ਗੁਰਬਾਣੀ ਦਾ ਪੰਜਾਬੀ ਟੀਕਾ ਹੈ।

ਇਹ ਟੀਕਾ ਭਾਈ ਕ੍ਰਿਸ਼ਨ ਸਿੰਘ ਜੀ ਗਿਆਨੀ ਖਾਲਸਾ ਕਾਲਜ ਅਮ੍ਰਿਤਸਰ ਵਾਲਿਆਂ (ਜਿੰਨਾਂ ਦੇ ਅਗੇ ਕਈ ਟੀਕੇ ਭਗਤ ਬਾਣੀ ਸਟੀਕ ਆਦਿਕ ਦੂਸਰੀ ਵਾਰ ਛਪਕੇ ਪੰਥ ਵਿਚ ਬੜਾ ਮਾਨ ਪਾ ਰਹੇ ਹਨ) ਦਾ ਬਣਾਇਆ ਹੋਯਾ ਹੈ ਅਰ ਖਾਲਸਾ ਕਾਲਜ ਦੇ ਵਿਦਯਾਰਥੀਆਂ ਅਤੇ ਭਾਈ ਮਹਿੰਦ੍ਰ ਸਿੰਘ ਜੀ ਖਾਲਸਾ ਕਾਲਜ ਲਾਇਬ੍ਰੇਰੀਅਨ ਦੇ ਉਦਮ ਨਾਲ ਛਪਿਆ ਹੈ।

ਮਿਲਨ ਦਾ ਪਤਾ— ਜਾਂ ਸਭ ਪੁਸਤਕਾਂ ਵਾਲਿਆਂ ਤੋਂ ਮਿਲ ਸਕਦਾ ਹੈ

ਭਾਈ ਹਰਨਾਮ ਸਿੰਘ ਪੁਸਤਕਾਂ ਵਾਲਾ ਬਜਾਰ ਮਾਈ ਸੇਵਾ ਅਮ੍ਰਿਤਸਰ

THE KHALSA ADVOCATE, 9TH FEBRUARY 1918.

Sur Bir Khalsa.—We have received a copy of the above Gurmukhi book by Bhai Bishan Singh Gyani Granthi of the Khalsa College, who has already written a dozen of books like 'Shahid Khalsa' 'Sher Khalsa' 'Bhagat Bani Satik' etc. It is a history of the twelve misals—all in verse. The graceful references to the present Sikh ruling families of the Punjab is its another attractive feature. The versification is common, and the book is sure to form a good reading.

ਖਾਲਸਾ ਐਡਵੋਕੇਟ ੯ ਫਰਵਰੀ ੧੯੧੮

ਸੂਰਬੀਰ ਖਾਲਸਾ

ਸਾਡੇ ਪਾਸ ਉਪਰ ਲਿਖੇ ਨਾਮ ਦੀ ਇਕ ਗੁਰਮੁਖੀ ਪੁਸਤਕ ਪਹੁੰਚੀ ਹੈ ਜੋ ਕਿ ਖਾਲਸਾ ਕਾਲਜ ਦੇ ਗ੍ਰੰਥੀ ਭਾਈ ਬਿਸ਼ਨ ਸਿੰਘ ਜੀ ਗਿਆਨੀ ਨੇ "ਜਿਨਾਂ ਨੇ ਕਿ ਏਦੂੰ ਪਹਿਲਾਂ ਸ਼ਹੀਦ ਖਾਲਸਾ, ਸ਼ੇਰ ਖਾਲਸਾ, ਭਗਤ ਬਾਣੀ ਸਟੀਕ ਵਰਗੀਆਂ ਬਾਰਾਂ ਪੁਸਤਕਾਂ ਰਚੀਆਂ ਹਨ" ਬਣਾਈ ਹੈ ॥

ਇਹ ਬਾਰਾਂ ਮਿਸਲਾਂ ਦਾ ਕਵਿਤਾ ਵਿਚ ਇਤਹਾਸ ਹੈ ਏਸਦੇ ਵਿਚ ਦਿਲ ਨੂੰ ਖਿਚਣ ਵਾਲਾ ਵਾਧਾ ਇਹ ਹੈ ਕਿ ਇਹ ਦੇ ਵਿਚ ਹੁਣ ਦੇ ਸਿਖ ਰਾਜਿਆਂ ਦਾ ਵਰਨਨ ਚੰਗੀ ਤਰਾਂ ਕੀਤਾ ਗਿਆ ਹੈ, ਛੰਦਾ ਬੰਦੀ ਕਵਿਤਾ ਸੁਖਾਲੀ ਅਤੇ ਹਰ ਇਕ ਦੇ ਸਮਝਣ ਵਾਲੀ ਹੈ ਤੇ ਸਾਨੂੰ ਨਿਸਚਾ ਹੈ ਕਿ ਇਹ ਇਕ ਚੰਗੀ ਪੜ੍ਹਨ ਵਾਲੀ ਪੁਸਤਕ ਸਾਬਤ ਹੋਵੇ ਗੀ ॥

THE DURBAR:—THE KHALSA COLLEGE MAGAZINE.

Februvry 1917.

'Sher Khalsa' a Punjabee book by Bhai Bishan Singh Gyani, Khalsa College is the second of its kind, the first being 'Shahid Khalsa, by the same author. The book is written in poetry and makes a good volume in the Sikh History. The price is-/12/-and can be had from the author.

ਸ਼ੇਰ ਖਾਲਸਾ

["ਦਰਬਾਰ ਖਾਲਸਾ ਕਾਲਜ ਅੰਮ੍ਰਿਤਸਰ ਫਰਵਰੀ ੧੯੧੭"]

ਪੰਜਾਬੀ ਦੀ ਪੁਸਤਕ ਸ਼ੇਰ ਖਾਲਸਾ ਜਿਸਨੂੰ ਭਾਈ ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ ਵਾਲੇ ਨੇ ਬਣਾਯਾ ਹੈ ਇਹ ਪੰਜਾਬੀ ਵਿਚ ਇਸ ਕਿਸਮ ਦੀ ਦੂਸਰੀ ਪੁਸਤਕ ਹੈ, ਪਹਿਲੇ ਏਸ ਕਵੀ ਨੇ ਸ਼ਹੀਦ ਖਾਲਸਾ ਬਣਾਈ ਸੀ ਇਹ ਪੁਸਤਕ ਕਵਿਤਾ ਵਿਚ ਲਿਖੀ ਗਈ ਹੈ ਅਤੇ ਸਿਖ ਇਤਹਾਸ ਦੀ ਇਕ ਚੰਗੀ ਪੁਸਤਕ ਹੈ ।

ਭਾਈ ਗੁਰਦਾਸ ਜੀ ਦੇ

ਕਬਿੱਤ ਸਵੱਯੇ

ਸਟੀਕ

ਦੀ ਪ੍ਰਸੰਸਾ ਸਰਦਾਰ ਕਾਨ ਸਿੰਘ ਜੀ ਕਰਤਾ ਗੁਰਮਤ ਸੁਧਾਕਰ ਤੇ ਗੁਰਮਤ ਪ੍ਰਭਾਕਰ ਰਿਆਸਤ ਨਾਭਾਵਲੋਂ

੨੨ ਅਕਤੂਬਰ ੧੯੧੧

ੴ ਵਾਹਿਗੁਰੂ ਜੀ ਕੀ ਫਤਹ ॥

ਮੇਰੇ ਪਰਮ ਪਿਆਰੇ ਚਿਰ ਜੀਵੀ ਗਿਆਨੀ ਬਿਸ਼ਨ ਸਿੰਘ ਜੀ !

ਆਪਦਾ ਰਚਿਆ ਭਾਈ ਗੁਰਦਾਸ ਜੀ ਦੇ ਕਬਿੱਤਾਂ ਦਾ ਟੀਕਾ ਪਹੁੰਚਿਆ ਜਿਸ ਪਰ ਅਨੇਕ ਬਾਰ ਧੰਨਜਵਾਦ ਹੈ।

ਆਪਨੇ ਜੋ ਆਪਣੀ ਰਚਨਾਂ ਪਹਿਲਾਂ ਕਈ ਵਾਰ ਭੇਜੀ ਹੈ ਉਸ ਨੂੰ ਅਰ ਇਸ ਟੀਕੇ ਨੂੰ ਦੇਖਕੇ ਮੇਰਾ ਚਿਤ ਅਤੀ ਪ੍ਰਸੰਨ ਹੋਯਾ ਹੈ।

ਪਰਮ ਪਿਤਾ ਅਗੇ ਬੇਨਤੀ ਹੈ ਕਿ ਓਹ ਆਪ ਨੂੰ ਚਿਰ ਤੋੜੀ ਅਨੰਦ ਸਹਿਤ ਪੰਥ ਸੇਵਾ ਵਿਚ ਲਾਈ ਰਖੇ ਜੇ ਆਪ ਜੇਹੇ ਗਿਆਨੀ ਅਰ ਗ੍ਰੰਥੀ ਸਾਡੀ ਕੌਮ ਵਿਚ ਵਾਹਿਗੁਰੂ ਦੀ ਕਿਰਪਾ ਨਾਲ ਬਹੁਤ ਹੋਜਾਣ ਤਾਂ ਸ਼ੀਘਰ ਹੀ ਸਾਡੀ ਪੂਰਨ ਉੱਨਤੀ ਹੋ ਸਕਦੀ ਹੈ ॥

ਸ਼ੁਭ ਚਿੰਤਕ—

ਕਾਨ ਸਿੰਘ

THE DURBAR.—THE KHALSA COLLEGE MAGAZINE.

October 1916.

Reviews:—We have reviewed the book "Shahid Khalsa" recently brought out by our well-known contributor Bhai Bishen Singh Giani, of the Khalsa College. Within a few days only, the first edition has been sold off. It is in Punjabi poetry and well-deserves the name given it by the author. It stirs the heart and revives to memory the great part of the Khalsa martyrs, the deeds of valour they did, and the great sacrifice they rendered to the nation. It ihould be in the hands of all the Sikhs We are thankful to those who put forth strenuous efforts to get the book published.

ਸ਼ਹੀਦ ਖਾਲਸਾ

"ਦਰਬਾਰ ਖਾਲਸਾ ਕਾਲਜ ਅਮ੍ਰਿਤਸਰ ਅਕਤੂਬਰ ੧੯੧੬"

ਅਸਾਂ ਪੁਸਤਕ "ਸ਼ਹੀਦ ਖਾਲਸਾ" ਜਿਸ ਨੂੰ ਖਾਲਸਾ ਕਾਲਜ ਦੇ ਭਾਈ ਬਿਸ਼ਨ ਸਿੰਘ ਗਿਆਨੀ "ਜੇਹੜਾ ਸਾਡੀ ਅਖਬਾਰ ਦਾ ਮਸ਼ਹੂਰ ਲੇਖ ਦੇਣ ਵਾਲਾ ਹੈ" ਨੇ ਬਣਾਯਾ ਹੈ, ਥੋੜੇ ਦਿਨਾਂ ਵਿਚ ਇਸ ਪੁਸਤਕ ਦਾ ਪਹਿਲਾ ਐਡੀਸ਼ਨ ਵਿਕ ਗਿਆ ਹੈ, ਇਹ ਪੰਜਾਬੀ ਦੀ ਕਵਿਤਾ ਹੈ ਅਤੇ ਜੇਹੜਾ ਨਾਮ ਕਰਤਾ ਨੇ ਇਸ ਦਾ ਰਖਿਆ ਹੈ ਓਹ ਬਿਲਕੁਲ ਠੀਕ ਹੈ ਇਹ ਪੁਸਤਕ ਦਿਲਾਂ ਤੇ ਅਸਰ ਕਰਨ ਵਾਲੀ ਹੈ ਅਤੇ ਖਾਲਸਾ ਸ਼ਹੀਦਾਂ ਦੇ ਵਡੇ ਕੰਮਾਂ ਤੇ ਓਨਾਂ ਦੀਆਂ ਵਡੀਆਂ ਬਹਾਦਰੀਆਂ ਅਤੇ ਵਡੀਆਂ ਕੁਰਬਾਨੀਆਂ ਜੇਹੜੀਆਂ ਓਨਾਂ ਨੇ ਕੌਮ ਦੀ ਖਾਤਰ ਕੀਤੀਆਂ ਹਨ ਯਾਦ ਕਰਾਉਣ ਵਾਲੀ ਹੈ,ਇਹ ਹਰ ਇਕ ਸਿਖ ਦੇ ਹਥ ਵਿਚ ਹੋਣੀ ਚਾਹੀਦੀ ਹੈ ਅਤੇ ਅਸੀ ਓਨਾਂ ਲੋਕਾਂ ਦੇ ਬਹੁਤ ਧੰਨਵਾਦੀ ਹਾਂ ਜਿਨਾਂ ਨੇ ਏਸ ਪੁਸਤਕ ਦੇ ਛਪਾਉਣ ਵਿਚ ਬੜੀ ਮੱਦਤ ਦਿਤੀ ਹੈ।

THE DURBAR.—THE KHALSA COLLEGE MAGAZINE.

November and December 1917.

Reviews:—We have read with pleasure the translation of *Bai Waran* by Bhai Bishan Singh ji Granthi, the Punjabi poet and scholar who already enjoys the reputation of being the publisher of Panth Parkash series and many othei books in Punjabi literature. It is a creditable translation and we commend it heartily to our readers. The substance of the *Shabads*, given by the author, enhances the value of the work, We congratulate our Granthi Sahib on the success of his work, and print below the letters of appreciation which he received from Their Highnesses the Maharaja Sahibs of Nabha and Kapurthala on the appearance of his widely known work '*Surbir Khalsa*.'

ਬਾਈਵਾਰਾਂ ਸਟੀਕ

"ਦਰਬਾਰ ਖਾਲਸਾ ਕਾਲਜ ਅਮ੍ਰਿਤਸਰ ਅਖਬਾਰ ਨਵੰਬਰ, ਦਸੰਬਰ ੧੯੧੭"
"ਅਸੀਂ ਭਾਈ ਬਿਸ਼ਨਸਿੰਘ ਗਿਆਨੀ ਦੀਆਂ ਬਾਈਵਾਰਾਂ ਦਾ ਟੀਕਾ ਪੜ੍ਹਕੇ ਬੜੀ ਖੁਸ਼ੀ ਪ੍ਰਾਪਤ ਕੀਤੀ ਹੈ ਇਹ ਪੰਜਾਬੀ ਦੇ ਕਵੀ ਤੇ ਵਿੱਦਵਾਨ ਹਨ" ਇਹ ਨੇਹ ਪ੍ਰਕਾਸ਼ ਅਤੇ ਕਈ ਹੋਰ ਪੰਜਾਬੀ ਦੀਆਂ ਪੁਸਤਕਾਂ ਛਪਵਾਕੇ ਬੜੀ ਮਸ਼ਹੂਰੀ ਪ੍ਰਾਪਤ ਕਰ ਚੁਕੇ ਹਨ, ਇਹ ਕਾਬਲੇ ਇਤਬਾਰ ਟੀਕਾ ਹੈ ਅਤੇ ਅਸੀਂ ਆਪਣੇ ਠਕਾਂ ਅਗੇ ਦਿਲੋਂ ਸਫਾਰਸ ਕਰਦੇ ਹਾਂ, ਸ਼ਬਦ ਦਾ ਅਰਥ ਜੋ ਟੀਕਾਕਾਰ ਨੇ ੀਤਾ ਹੈ ਪੁਸਤਕ ਦੀ ਕਦਰ ਨੂੰ ਵਧਾਉਂਦਾ ਹੈ, ਅਸੀਂ ਗ੍ਰੀਬੀ ਸਾਹਿਬ ਨੂੰ ਏਸ਼ ਮ ਦੀ ਕਾਮਯਾਬੀ ਉਤੇ ਵਧਾਈ ਦੇਂਦੇ ਹਾਂ, ਅਤੇ ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਾਭਾ ਅਤੇ ਕਪੂਰਥਲਾ ਦੀਆਂ ਖੁਸ਼ਨੂਦੀ ਦੀਆਂ ਚਿੱਠੀਆਂ ਜੇਹੜੀਆਂ ਓਨਾਂ ਨੇ ਸ਼ਹੂਰ ਪੁਸਤਕ ਸੂਰਬੀਰ ਖਾਲਸਾ ਦੇ ਛਪਣ ਉਤੇ ਬਖਸ਼ੀਆਂ ਹਨ ਹੇਠਾਂ ਛਾਪਦੇਹਾਂ:—

ਸੂਰ ਬੀਰ ਖਾਲਸਾ ਯਾਂ ਬਾਰਾਂ ਮਿਸਲਾਂ

ਦੀ ਪ੍ਰਸੰਸਾ ਦੀ ਚਿੱਠੀ ਸ੍ਰੀ ਹਜ਼ੂਰ ੧੦੮ ਮਾਹਰਾਜਾ ਕਪੂਰਥਲਾ ਜੀ ਤੋਂ ਜੋ ਸੈਕ੍ਰੇਟ੍ਰੀ ਸਾਹਿਬ ਜੀ ਨੇ
ਸ੍ਰੀ ਮਾਨ ਮਿਸਟ੍ਰ ਵਾਦਨ ਸਾਹਿਬ ਪ੍ਰਿੰਸੀਪਲ ਖਾਲਸਾ ਕਾਲਜਨੂੰ ਘਲੀਹੈ:—

Sur Bir Khalsa.

1. A letter of appreciation from the Private Secretary to the aharaja of Kapurthala.

Private Secretary's Office Kapurthala State.

4th July 1917.

ear Sir,

I am directed by His Highness the Maharaja Sahib of purthala to thank you for the copy of 'Surbir Khalsa' sent by u, which His Highness much appreciates and finds very teresting.

Yours faithfully,
Private Secretary,
Kapurthala 'Kesar Villa'
Gupkar Srinagar (Kashmir)

G. A. WATHEN ESQR.
Principal,
Khalsa College, Amritsar.

Bhai Bishan Singh Granthi,
for information.
(Sd). G. A WATHEN,

ਾਈਵੇਟ ਸੈਕ੍ਰੇਟ੍ਰੀ ਸਾਹਿਬ ਜੀਦਾ ਦਫਤ੍ਰ ਰਿਆਸਤ ਕਪੂਰਥਲਾ ਗੁਪਕਰ ਸ੍ਰੀਨਗਰ

੪ ਜੁਲਾਈ ੧੯੧੭

ਸ੍ਰੀਮਾਨ ਜੀ ਮੈਨੂੰ ਸ੍ਰੀ ਹਜ਼ੂਰ ੧੦੮ ਮਹਾਰਾਜਾ ਸਾਹਿਬ ਕਪੂਰਥਲਾ ਵੱਲੋਂ ਗਿਆ ਹੋਈ ਹੈ ਕਿ ਤੁਹਾਡੇ "ਸੂਰਬੀਰ ਖਾਲਸਾ" ਜਿਹੜਾ ਕਿ ਤੁਸਾਂ ਸ੍ਰੀ ਹਜ਼ੂਰ ਹਾਰਾਜਾ ਜੀ ਨੂੰ ਘੱਲਿਆ ਸੀ ਅਤੇ ਜਿਸਦੀ ਓਨਾਂ ਨੇ ਬੜੀ ਸਲਾਘਾ ਕੀਤੀ ਹੈ ਜੇਹੜਾ ਓਨਾਂਨੂੰ ਮਨ ਮੋਹਨਾ ਪ੍ਰਤੀਤ ਹੋਇਆ ਹੈ ਲਈ ਤੁਹਾਡਾ ਧੰਨਵਾਦ ਕਰਾਂ।

ਆਪਦਾ ਅਭਿਲਾਖੀ ਦਸਖਤ ਪ੍ਰਾਈਵੇਟ ਸੈਕ੍ਰੇਟ੍ਰੀ ਕਪੂਰਥਲਾ ਕੋਠੀ
ਕੇਸਰ ਗਪਕਰ ਸ੍ਰੀ ਨਗਰ (ਕਸ਼ਮੀਰ)

ਸੂਰਬੀਰ ਖਾਲਸਾ ਯਾ ਬਾਰਾਂ ਮਿਸਲਾਂ ਦੀ ਪ੍ਰਸੰਸਾ

ਦੀ ਚਿੱਠੀ ਸ੍ਰੀ ਮਾਨ ਪੰਥ ਰਤਨ ਹਿਜ਼ਹੋਲੀਨੈਸ ਭਾਈ ਅਰਜਨ ਸਿੰਘ ਸਾਹਿਬ ਸਰਦਾਰ ਬਹਾਦਰ ਰਈਸ ਆਜ਼ਮ ਬਾਗੜੀਆਂ ਜੀ ਨੇ ਜੋ ਸ੍ਰੀ ਹਜ਼ੂਰ ਮਹਾਰਾਜਾ ਨਾਭਾ ਮਾਲਵੇਂਦਰ ਜੀ ਵਲੋਂ ਸ੍ਰੀ ਮਾਨ ਮਿਸਟਰ ਵਾਦਨ ਸਾਹਿਬ ਪ੍ਰਿੰਸੀਪਲ ਖਾਲਸਾ ਕਾਲਜ ਅਮ੍ਰਿਤਸਰ ਵਲ ਲਿਖੀ ਹੈ।

2. A letter of appreciation from His Highness the Maharaja of Nabha.

Khalsa College,
Amritsar (Punjab).

The Bhai Sahib of Bagarian writes to me. 'His Highness of Nabha was also gratified to see that you are introducing into the College books like the one you sent him sometims back. It contained 'some references to the Phulkian Chiefs'.

Granthi Bishah Singh may be glad to know that his books seem to be influencing H. H. to take an interest again in the College.

28th November 1917. (sd) G. A. WATHEN.

"ਖਾਲਸਾ ਕਾਲਜ ਅਮ੍ਰਿਤਸਰ"

[ਭਾਈ ਸਾਹਿਬ ਬਾਗੜੀਆਂ]

ਸ੍ਰੀ ੧੦੮ ਮਹਾਰਾਜਾ ਨਾਭ੍ਹਾ ਵੀ ਓਹ ਪੁਸਤਕ ਜੇਹੜੀ ਕਿ ਤੁਸੀ ਕਾਲਜ ਦੇ ਵਿਚ ਪ੍ਰਚੱਲਤ ਕਰ ਰਹੇ ਹੋ ਅਤੇ ਜੇਹੜੀ ਤੁਸਾਂ ਕੁਝ ਚਿਰ ਹੋਇਆ ਹੈ ਓਨਾਂ ਨੂੰ ਘਲੀ ਸੀ ਦੇਖਕੇ ਬਹੁਤ ਖੁਸ਼ੀ ਹੋਇ ਸੀ, ਇਹਦੇ ਵਿਚ ਕੁਝ ਫੂਲਕਿਆਂ ਬਾਰਾਂ ਮਿਸਲਾਂ ਦੇ ਮਹਾਰਾਜਿਆਂ ਦਾ ਹਵਾਲਾ ਸੀ।

ਭਾਈ ਬਿਸ਼ਨ ਸਿੰਘ ਗ੍ਰੰਥੀ ਨੂੰ ਇਸ ਗਲ ਦੀ ਖੁਸ਼ੀ ਹੋਵੇਗੀ ਕਿ ਓਨਾਂ ਦੀਆਂ ਕਤਾਬਾਂ ਸ੍ਰੀ ਹਜ਼ੂਰ ਜੀ ਨੂੰ ਕਾਲਜ ਦੇ ਵਿਚ ਦਿਲਚਸਪੀ ਲੈਣ ਲਈ ਪ੍ਰੇਰ ਦੀਆਂ ਹਨ।